Punjabi Parwaz

# ਪੰਜਾਬੀ ਪਰਵਾਜ਼

ਅੰਕ 61ਵਾਂ (ਸ਼ਿਕਾਗੋ): 13 ਸਤੰਬਰ ਤੋਂ 26 ਸਤੰਬਰ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

### ਹੜ੍ਹ ਰਾਹਤ ਫੰਡ

## ਮੋਦੀ ਵੱਲੋਂ ਪੰਜਾਬ ਨੂੰ 1600 ਕਰੋੜ ਰੁਪਏ ਦੀ ਮਦਦ ਦਾ ਐਲਾਨ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਦੇ ਲੋਕਾਂ ਲਈ 1600 ਕਰੋੜ ਰੁਪਏ ਰਾਹਤ ਵਜੋਂ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪੰਜਾਬ ਦੇ ਹੜ੍ਹ ਮਾਰੇ ਖੇਤਰਾਂ ਦਾ ਹਵਾਈ ਦੌਰਾ ਕੀਤਾ। ਪੰਜਾਬ ਇਸ ਵਾਰ ਪਿਛਲੇ 40 ਸਾਲਾਂ ਦੇ ਸਭ ਤੋਂ ਭਿਆਨਕ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ। ਪ੍ਰਧਾਨ ਮੰਤਰੀ ਬੀਤੇ ਮੰਗਲਵਾਰ ਦੁਪਹਿਰ ਤੋਂ ਪਹਿਲਾਂ ਗੁਰਦਾਸਪੁਰ ਪਹੁੰਚੇ। ਪ੍ਰਧਾਨ ਮੰਤਰੀ ਇੱਥੇ ਐਨ.ਡੀ.ਆਰ.ਐਫ. ਤੇ ਸੀ.ਡੀ.ਆਰ.ਐਫ. ਟੀਮਾਂ ਤੋਂ ਇਲਾਵਾ ਹੜ੍ਹਾਂ ਨਾਲ ਪੀੜਤ ਲੋਕਾਂ ਨੂੰ ਮਿਲੇ। ਪ੍ਰਧਾਨ ਮੰਤਰੀ ਦੀ ਇੱਥੇ ਸਰਕਾਰੀ ਅਧਿਕਾਰੀਆਂ ਨਾਲ ਮੀਟਿੰਗ ਵੀ ਹੋਈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਔਕੜਾਂ ਨੂੰ ਵੇਖਦਿਆਂ ਪੀ.ਐਮ. ਕਿਸਾਨ ਨਿਧੀ ਯੋਜਨਾ ਤਹਿਤ ਕਿਸਾਨਾਂ ਦੇ ਖਾਤਿਆਂ ਵਿੱਚ ਪੈਸੇ ਸਮੇਂ ਨਾਲੋਂ ਪਹਿਲਾਂ ਭੇਜੇ ਜਾਣਗੇ। 1600 ਕਰੋੜ ਰੁਪਏ ਹੜ੍ਹਾਂ ਲਈ ਮਦਦ ਤੋਂ ਇਲਾਵਾ ਪ੍ਰਧਾਨ ਮੰਤਰੀ ਮੋਦੀ ਨੇ ਹੜ੍ਹਾਂ ਵਿੱਚ ਮਾਰੇ ਗਏ ਲੋਕਾਂ ਲਈ ਦੋ ਲੱਖ ਰੁਪਏ ਐਕਸਗਰੇਸ਼ੀਆ ਗਰਾਂਟ ਅਤੇ ਜ਼ਖਮੀ ਹੋਣ ਵਾਲਿਆਂ ਲਈ 50,000 ਰੁਪਏ ਦੇਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹੜ੍ਹਾਂ ਕਾਰਨ ਜਿਹੜੇ ਸਕੂਲਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਸਮਗਰ ਸਿੱਖਿਆ ਅਭਿਆਨ ਅਧੀਨ ਸਹਾਇਤਾ ਦਿੱਤੀ ਜਾਵੇਗੀ।

ਪੰਜਾਬ ਆਉਣ ਤੋਂ ਪਹਿਲਾਂ ਉਹ ਹਿਮਾਚਲ ਪ੍ਰਦੇਸ ਵੀ ਗਏ। ਭਾਰੀ ਬਾਰਸ਼ਾਂ ਕਾਰਨ ਹੋਏ ਨੁਕਸਾ ਦਾ ਇੱਥੇ ਉਨ੍ਹਾਂ ਇੱਕ ਜਾਇਜ਼ਾ ਲਿਆ ਅਤੇ ਇਸ ਪਹਾੜੀ ਰਾਜ ਨੂੰ 1500 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਇੱਥੇ ਬੋਲਦਿਆਂ ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਨਾਲ ਕੇਂਦਰ ਸਰਕਾਮ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਯਾਦ ਰਹੇ, ਪੰਜਾਬ ਸਰਕਾਰ ਨੇ ਹੜ੍ਹਾਂ ਦੀ ਮਾਰ ਨਾਲ ਨਜਿੱਠਣ ਲਈ 13000 ਕਰੋੜ ਰੁਪਏ ਦੀ ਮੰਗ ਕੀਤੀ ਸੀ।

ਇਸ ਦੌਰਾਨ 'ਆਪ' ਦੀ ਪੰਜਾਬ ਲੀਡਰਸ਼ਿੱਪ ਨੇ ਇੱਕ ਬਿਆਨ ਵਿੱਚ ਕਿਹਾ ਕਿ ਪੰਜਾਬ ਵਿੱਚ ਜਿੱਡੀ ਵੱਡੀ ਪੱਧਰ 'ਤੇ ਤਬਾਹੀ ਹੋਈ ਹੈ, ਉਸ ਦੇ ਹਿਸਾਬ ਨਾਲ 1600 ਕਰੋੜ ਰੁਪਏ ਨਾਕਾਫੀ ਹਨ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਪੰਜਾਬ ਰੂਰਲ ਫੰਡ ਅਤੇ ਜੀ.ਐਸ.ਟੀ. ਬਕਾਇਆ, ਜੋ ਸੱਠ ਹਜ਼ਾਰ ਕਰੋੜ ਰੁਪਏ ਬਣਦਾ ਹੈ, ਤੁਰੰਤ ਜਾਰੀ ਕਰੇ।

ਯਾਦ ਰਹੇ, ਹੜ੍ਹਾਂ ਕਾਰਨ ਹੁਣ ਤੱਕ ਪੰਜਾਬ ਵਿੱਚ 51 ਮੌਤਾਂ ਹੋ ਚੁੱਕੀਆਂ ਹਨ, ਜਦਕਿ 2064 ਪਿੰਡ ਹੜ੍ਹਾਂ ਤੋਂ ਪ੍ਰਭਾਵਤ ਹੋਏ ਹਨ। ਇਕੱਲੇ ਗੁਰਦਾਸਪੁਰ ਜ਼ਿਲ੍ਹੇ ਵਿੱਚ 329 ਪਿੰਡ ਹੜ੍ਹਾਂ ਦੀ ਮਾਰ ਹੇਠ ਆਏ ਹਨ। ਪੰਜਾਬ ਵਿੱਚ ਹੜ੍ਹਾਂ ਦੌਰਾਨ ਗੁਰਦਾਸਪੁਰ ਤੋਂ ਇਲਾਵਾ ਅੰਮ੍ਰਿਤਸਰ, ਫਾਜ਼ਿਲਕਾ, ਫਿਰੋਜਪੁਰ, ਕਪੂਰਥਲਾ, ਹੁਸ਼ਿਆਰਪੁਰ, ਪਠਾਨਕੋਟ ਅਤੇ ਤਰਨਤਾਰਨ ਜ਼ਿਲ੍ਹੇ ਵਧੇਰੇ ਪ੍ਰਭਾਵਤ ਹੋਏ ਹਨ। 3.37 ਲੱਖ ਲੋਕ ਹੜ੍ਹਾਂ ਤੋਂ ਪੀੜਤ ਹੋਏ ਹਨ ਅਤੇ 15 ਜ਼ਿਲ੍ਹਿਆਂ ਵਿੱਚ 23,000 ਤੋਂ ਵੱਧ ਲੋਕਾਂ ਨੂੰ ਪਾਣੀ ਦੀ ਮਾਰ ਤੋਂ ਬਚਾਇਆ ਗਿਆ ਹੈ। ਯਾਦ ਰਹੇ, ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਪੰਜਾਬ ਪਹੁੰਚੇ ਸਨ ਅਤੇ ਉਨ੍ਹਾਂ ਨੇ ਹੜ੍ਹ ਮਾਰੇ ਪੰਜਾਬ ਦੇ ਕੁਝ ਖੇਤਰਾਂ ਦਾ ਦੌਰਾ ਕਰਦਿਆਂ ਕਿਹਾ ਸੀ ਕਿ ਪੰਜਾਬ ਸਰਕਾਰ ਦੀ ਨੱਕ ਹੇਠ ਹੋਏ ਨਾਜਾਇਜ਼ ਖਣਨ ਕਾਰਨ ਇਹ ਮਾਰ ਪਈ ਹੈ ਤੇ ਪੰਜਾਬ ਸਰਕਾਰ ਇਹਦੇ ਲਈ ਬਾਕਾਇਦਾ ਜ਼ਿੰਮੇਵਾਰ ਹੈ।

## ਨੇਪਾਲੀ ਨੌਜਵਾਨਾਂ ਵੱਲੋਂ ਪਾਰਲੀਮੈਂਟ 'ਤੇ ਕਬਜ਼ਾ ਕਰਨ ਦਾ ਯਤਨ

*2008 ਤੋਂ ਬਾਅਦ 14 ਸਰਕਾਰਾਂ ਬਣੀਆਂ ਤੇ ਅਧਵਾਟੇ ਟੁੱਟੀਆਂ



ਦਹਾਕਿਆਂ ਤੋਂ ਗਰੀਬੀ, ਬੇਕਾਰੀ ਨਾਲ ਜੂਝਦੇ ਨੇਪਾਲੀ ਨੌਜਵਾਨਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਹੈ। ਬੇਰੁਜ਼ਗਾਰੀ ਅਤੇ ਭ੍ਰਿਸ਼ਟ ਨੇਪਾਲੀ ਰਾਜ ਪ੍ਰਬੰਧ ਤੋਂ ਸਤੇ ਹੋਏ ਨੌਜਵਾਨਾਂ ਨੇ ਜਦੋਂ ਦੇਸ਼ ਦੀ ਪਾਰਲੀਮੈਂਟ ਵਿੱਚ ਜ਼ਬਰਦਸਤੀ ਦਾਖਲ ਹੋਣ ਦਾ ਯਤਨ ਕੀਤਾ ਤਾਂ ਨੇਪਾਲੀ ਫੌਜ ਅਤੇ ਨੀਮ ਸੁਰੱਖਿਆ ਦਸਤਿਆਂ ਵੱਲੋਂ ਚਲਾਈ ਗਈ ਗੋਲੀ ਨਾਲ 19 ਪ੍ਰਦਰਸ਼ਨਕਾਰੀ ਨੌਜਵਾਨ ਮਾਰੇ ਗਏ ਅਤੇ 100 ਤੋਂ ਵੱਧ ਜ਼ਖਮੀ ਹੋ ਗਏ। ਇਸ ਦੌਰਾਨ ਕਈ ਹੋਰ ਸ਼ਹਿਰਾਂ ਅਤੇ ਕਸਬਿਆਂ ਵਿੱਚ ਵੀ ਪੁਲਿਸ ਅਤੇ ਸਰਕਾਰੀ ਸੁਰੱਖਿਆ ਦਸਤਿਆਂ ਨਾਲ ਝੜਪਾਂ ਵਿੱਚ 2 ਵਿਅਕਤੀਆਂ ਦੇ ਮਾਰੇ ਜਾਣ ਅਤੇ ਕਈਆਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ।

ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿੱਚ ਵਾਪਰੇ ਇਸ ਘਟਨਾਕ੍ਰਮ ਦਾ ਤਤਕਾਲੀ ਕਾਰਨ ਨੇਪਾਲ ਸਰਕਾਰ ਵੱਲੋਂ ਫੇਸ-ਬੁੱਕ ਅਤੇ ਯੂਟਿਊਬ ਆਨਲਾਈਨ ਪਲੇਟਫਾਰਮਾਂ ਉੱਪਰ ਲਗਾਈ ਗਈ ਪਾਬੰਦੀ ਹੈ। ਦੂਜੇ ਪਾਸੇ ਨੇਪਾਲ ਸਰਕਾਰ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਨੂੰ ਰੈਗੂਲੇਟ ਕਰਨ ਦੇ ਲਈ ਚੁੱਕੇ ਗਏ ਕਦਮਾਂ ਤਹਿਤ ਕੁਝ ਅਜਿਹੇ ਸੋਸ਼ਲ ਪਲੇਟਫਾਰਮਾਂ 'ਤੇ ਪਾਬੰਦੀ ਲਗਾਈ ਗਈ ਹੈ, ਜਿਨ੍ਹਾਂ ਨੇ ਸਰਕਾਰ ਵੱਲੋਂ ਦਿੱਤੇ ਗਏ ਸਮੇਂ ਵਿੱਚ ਆਪਣੇ ਆਪ ਨੂੰ

⇒ ਬਾਕੀ ਸਫਾ 8 ਉਤੇ ਪੜ੍ਹੋ









# ਓਕ ਕਰੀਕ 'ਚ ਪਈ 'ਭੰਗੜਾ ਰਾਈਮਜ਼-ਵਿਰਸਾ ਨਾਈਟ' ਦੀ ਧੁੰਮ

***ਵਿਲੱਖਣ ਛਾਪ ਛੱਡ ਗਿਆ ਸਾਲਾਨਾ ਸਮਾਗਮ *ਦਿਲਚਸਪ ਰਹੇ ਟੀਮਾਂ ਦੇ ਭੰਗੜਾ ਮੁਕਾਬਲੇ *ਝੂਮਰ ਤੇ ਮਲਵਈ ਗਿੱਧੇ ਨੇ ਦਰਸ਼ਕ ਝੂਮਣ ਲਾਏ**




**ਪੰਜਾਬੀ ਪਰਵਾਜ਼ ਬਿਊਰੋ**

**ਓਕ ਕਰੀਕ, ਵਿਸਕਾਨਸਿਨ:** ਜਦੋਂ ਮਿਹਨਤ ਨੂੰ ਫਲ਼ ਲੱਗਦਾ ਹੈ ਤਾਂ ਅਜੀਬ ਜਿਹੀ ਖੁਸ਼ੀ ਤੇ ਮਾਣ ਨਾਲ ਦਿਲ ਗਦ ਗਦ ਹੋ ਜਾਂਦਾ ਹੈ ਅਤੇ ਅਗਾਂਹ ਨੂੰ ਹੋਰ ਸਿਰੜ ਨਾਲ ਕਾਰਜ ਕਰਨ ਨੂੰ ਰਾਹ ਖੁਲ੍ਹਦੇ ਹਨ। ਸ਼ਾਇਦ ਅਜਿਹਾ ਹੀ ਅਹਿਸਾਸ 'ਭੰਗੜਾ ਰਾਈਮਜ਼' ਅਤੇ ਉਸ ਦੀਆਂ ਟੀਮਾਂ ਨੇ ਉਦੋਂ ਮਹਿਸੂਸ ਕੀਤਾ ਹੋਣਾ, ਜਦੋਂ 'ਵਿਰਸਾ ਨਾਈਟ-2' ਪ੍ਰੋਗਰਾਮ ਸਮੇਂ ਉਨ੍ਹਾਂ ਨੇ ਲੋਕਾਂ ਦੇ ਮੂੰਹੋਂ ਤਾਰੀਫਾਂ ਸੁਣੀਆਂ ਹੋਣਗੀਆਂ। ਇਹ ਪ੍ਰੋਗਰਾਮ ਲੰਘੀ 6 ਸਤੰਬਰ ਨੂੰ ਓਕ ਕਰੀਕ ਵਿੱਚ ਕਰਵਾਇਆ ਗਿਆ, ਜਿਸ ਵਿੱਚ ਕਰੀਬ 15 ਟੀਮਾਂ ਦੇ ਭੰਗੜਾ ਮੁਕਾਬਲੇ ਹੋਏ। ਇਸ ਤੋਂ ਇਲਾਵਾ ਮਲਵਈ ਗਿੱਧਾ, ਭੰਗੜਾ ਰਾਈਮਜ਼ ਗਿੱਧੇ ਦੀਆਂ ਰਾਣੀਆਂ ਅਤੇ ਗਿੱਧਾ ਕੁਈਨਜ਼ (ਕਿਰਨ ਵੱਲੋਂ ਤਿਆਰ ਟੀਮ) ਟੀਮਾਂ ਨੇ ਵੀ ਸਟੇਜ 'ਤੇ ਆਪਣੀ ਕਲਾ ਦਾ ਖੂਬ ਪ੍ਰਦਰਸ਼ਨ ਕੀਤਾ। ਮਲਵਈ ਗਿੱਧੇ ਦੇ ਚੋਬਰਾਂ ਦਾ ਆਪਣਾ ਹੀ ਰੰਗ ਸੀ ਤੇ ਬੋਲੀਆਂ ਵੀ ਦਿਲਚਸਪ ਸਨ।

ਇਸ ਮੌਕੇ 'ਟੀਮ ਪੰਜਾਬ' ਵੱਲੋਂ ਗੈਸਟ ਆਈਟਮ ਪੇਸ਼ ਕੀਤੀ ਗਈ, ਜਿਸ ਦੌਰਾਨ ਛੋਟੇ-ਛੋਟੇ ਬੱਚਿਆਂ ਨੇ ਢੋਲ ਉਤੇ ਭੰਗੜਾ ਪੇਸ਼ ਕੀਤਾ। ਉਪਰੰਤ ਮੁਕਾਬਲੇ ਦਾ ਦੌਰ ਸ਼ੁਰੂ ਹੋਇਆ, ਜਿਸ ਦੌਰਾਨ ਸਾਰੀਆਂ ਟੀਮਾਂ ਨੇ ਆਪੋ-ਆਪਣੇ ਵਰਗਾਂ ਤੇ ਪ੍ਰਤਿਭਾ ਮੁਤਾਬਕ ਸਰੋਤਿਆਂ ਦਾ ਦਿਲ ਲੁੱਟਿਆ ਅਤੇ ਜੱਜਾਂ ਨੂੰ ਫੈਸਲਾ ਕਰਨ ਲਈ ਮੁਸ਼ਕਿਲ ਦੀ ਘੜੀ ਵਿੱਚ ਪਾਇਆ। ਸਟੇਜ 'ਤੇ ਨੱਚਦੀਆਂ ਟੀਮਾਂ ਦੀ ਸੁਜੱਗ ਪੇਸ਼ਕਾਰੀ ਦੇਖ ਦੇ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਉਨ੍ਹਾਂ ਨੇ ਕਾਫੀ ਮਿਹਨਤ ਕੀਤੀ ਹੈ ਅਤੇ ਭੰਗੜਾ ਕੋਚ ਅਮਨ ਕੁਲਾਰ ਨੇ ਰਿਹੱਰਸਲਾਂ ਦੌਰਾਨ ਉਨ੍ਹਾਂ ਨੂੰ ਕਾਫੀ ਤਰਾਸ਼ਿਆ ਹੈ।

ਬੱਚਿਆਂ ਦੀਆਂ ਵੱਖ-ਵੱਖ ਟੀਮਾਂ ਵਿੱਚੋਂ ਟੀਮ ਸਤਲੁਜ ਪਹਿਲੇ ਸਥਾਨ 'ਤੇ ਰਹੀ, ਜਦਕਿ ਬਿਆਸ ਦੂਜੇ ਅਤੇ ਜੇਹਲਮ ਤੇ ਰਾਵੀ ਤੀਜੇ ਸਥਾਨ 'ਤੇ ਰਹੀਆਂ। ਇਸ ਤੋਂ ਇਲਾਵਾ ਯੂਥ ਸੌਂਗ ਕੈਟਾਗਰੀ ਅਤੇ ਯੂਥ ਢੋਲ ਕੈਟਾਗਰੀ ਵਿੱਚ ਵੀ ਮੁਕਾਬਲੇ ਫਸਵੇਂ ਰਹੇ। ਯੂਥ ਸੌਂਗ ਕੈਟਾਗਰੀ ਵਿੱਚ ਟੀਮ ਮੁਲਤਾਨ ਪਹਿਲੇ ਥਾਂ, ਟੀਮ ਲੁਧਿਆਣਾ ਦੂਜੇ ਅਤੇ ਟੀਮ ਜਲੰਧਰ ਤੀਜੇ ਥਾਂ ਰਹੀ। ਯੂਥ ਢੋਲ ਕੈਟਾਗਰੀ ਵਿੱਚ ਟੀਮ ਸਿਆਲਕੋਟ ਪਹਿਲੇ ਥਾਂ ਰਹੀ, ਜਦਕਿ ਟੀਮ ਲਾਹੌਰ ਤੇ ਟੀਮ ਹੁਸ਼ਿਆਰਪੁਰ ਦੂਜੇ ਥਾਂ 'ਤੇ ਰਹੀਆਂ।

ਇਸ ਤੋਂ ਇਲਾਵਾ ਨੌਜਵਾਨਾਂ ਦੀਆਂ ਚਾਰ ਟੀਮਾਂ ਸਨ, ਪਰ ਝੂਮਰ ਇੱਕ ਵੱਖਰੀ ਪੇਸ਼ਕਾਰੀ ਹੋਣ ਕਾਰਨ ਇਸ ਨੂੰ ਜੱਜਾਂ ਵੱਲੋਂ ਵੱਖਰੀ ਕੈਟਾਗਰੀ ਵਿੱਚ ਰੱਖਿਆ ਗਿਆ। ਨੌਜਵਾਨਾਂ ਦੇ ਝੂਮਰ ਦੀ ਪੇਸ਼ਕਾਰੀ ਬਾਕਮਾਲ ਸੀ। ਇਸ ਮੁਕਾਬਲੇ ਵਿੱਚ ਮਾਲਵਾ ਟੀਮ ਪਹਿਲਾ ਸਥਾਨ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੀ, ਜਦਕਿ ਦੁਆਬਾ ਟੀਮ ਦੂਜੇ ਤੇ ਮਾਝਾ ਟੀਮ ਤੀਜੇ ਥਾਂ ਰਹੀਆਂ। ਪੁਆਧ ਟੀਮ ਦੀ ਪੇਸ਼ਕਾਰੀ ਵੀ ਵਿਲੱਖਣ ਸੀ ਤੇ ਫੋਕ ਡਾਂਸ ਕੈਟਾਗਰੀ 'ਚ ਪਹਿਲੇ ਥਾਂ ਰਹੀ।

ਰੰਗ-ਬਰੰਗੇ ਤੇ ਵੱਖ-ਵੱਖ ਤਰ੍ਹਾਂ ਦੇ ਭੰਗੜੇ ਦੇ ਪਹਿਰਾਵੇ ਵਿੱਚ ਸਜੀਆਂ ਟੀਮਾਂ ਦੀ ਟੌਹਰ ਵੇਖਿਆਂ ਹੀ ਬਣਦੀ ਸੀ ਅਤੇ ਜਦੋਂ ਟੀਮਾਂ ਸਟੇਜ ਉਤੇ ਸੰਗੀਤਕ ਰਿਦਮ ਵਿੱਚ ਪੇਸ਼ਕਾਰੀ ਕਰਦੀਆਂ ਸਨ ਤਾਂ ਇਉਂ ਲੱਗਦਾ ਸੀ ਜਿਵੇਂ ਭਾਂਤ-ਭਾਂਤ ਦੇ ਫੁੱਲਾਂ ਦੀਆਂ ਖਿੜੀਆਂ ਕਿਆਰੀਆਂ ਹਵਾ ਦੇ ਬੁੱਲੇ ਨਾਲ ਲਹਿਰਾਅ ਰਹੀਆਂ ਹੋਣ। ਵੱਖ-ਵੱਖ ਟੀਮਾਂ ਦੀ ਪੇਸ਼ਕਾਰੀ ਦੌਰਾਨ ਪਿੱਠਵਰਤੀ ਚਲਦੇ ਗੀਤਾਂ ਦੀ ਚੋਣ ਵੀ ਸੁਚੱਜੇ ਢੰਗ ਨਾਲ ਕੀਤੀ ਗਈ ਸੀ, ਕਿਸੇ ਵੀ ਗੈਰ-ਮਿਆਰੀ ਗੀਤ ਨੂੰ ਪ੍ਰੋਗਰਾਮ ਦਾ ਹਿੱਸਾ ਨਹੀਂ ਸੀ ਬਣਾਇਆ ਗਿਆ। ਸਾਫ-ਸੁਥਰੇ ਤੇ ਸੱਭਿਅਕ ਗੀਤਾਂ ਦੀ ਚੋਣ ਨੂੰ ਲੈ ਕੇ ਪ੍ਰਸ਼ੰਸਾ ਵੀ ਹੋਈ। ਇਸ ਮੌਕੇ 'ਭੰਗੜਾ ਰਾਈਮਜ਼' ਨਾਲ ਜੁੜੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਬਾਰੇ ਜਾਣੂੰ ਕਰਵਾਉਣ ਲਈ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਵਿੱਚ ਮਧਾਣੀ, ਚਰਖਾ, ਲਾਲਟੈਨ, ਪੀੜ੍ਹੀਆਂ ਆਦਿ ਰੱਖੇ ਹੋਏ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਮੰਚ ਸੰਚਾਲਨ ਮਹਿਕ ਗਿੱਲ ਅਤੇ ਰਮਨ ਹਾਂਸੀ ਨੇ ਕੀਤਾ। ਇਸ ਤੋਂ ਇਲਾਵਾ ਗੁਰਮਖ ਸਿੰਘ ਭੁੱਲਰ, ਇਸ਼ਮੀਤ ਕੌਰ ਤੇ ਨਤਾਲੀਆ ਅਤੇ ਇਸ਼ਵੀਰ ਕੌਰ ਤੇ ਅਰਸ਼ਦੀਪ ਕੌਰ ਨੇ ਵੀ ਵੱਖ-ਵੱਖ ਪੇਸ਼ਕਾਰੀਆਂ ਦੌਰਾਨ ਮੰਚ ਸੰਚਾਲਨ ਕੀਤਾ। ਪ੍ਰਭਪ੍ਰੀਤ ਸਿੰਘ ਦਿਓਲ, ਮਾਯੂਰੀ ਰਾਜੇਸ਼, ਰਨਦੀਪ ਸਿੰਘ ਢਿੱਲੋਂ ਤੇ ਹਰਕਿਰਪਾਲ ਸਿੰਘ ਸੇਖੋਂ ਨੇ ਜੱਜਾਂ ਦੀ ਭੂਮਿਕਾ ਨਿਭਾਈ ਅਤੇ ਜੇਤੂ ਟੀਮਾਂ ਨੂੰ ਇਨਾਮ ਵੀ ਵੰਡੇ। ਕੈਨੇਡਾ ਤੋਂ ਆਏ ਅਰਮਾਨ ਸਿੰਘ ਸਿੱਧੂ, ਸੁੱਖ ਬੁੱਟਰ, ਦੀਪ ਬੋਪਾਰਾਏ, ਨੋਨੀ ਗਿੱਲ, ਚਰਨਦੀਪ ਸਿੱਧੂ, ਮਨਦੀਪ ਕੁਲਾਰ ਅਤੇ ਬਲਰਾਜ ਸੋਹੀ (ਸ਼ਿਕਾਗੋ) ਆਦਿ ਨੇ ਟੀਮਾਂ ਨੂੰ ਪੱਗਾਂ ਬੰਨ੍ਹਣ ਅਤੇ ਚਾਦਰੇ ਬੰਨ੍ਹਣ ਤੋਂ ਲੈ ਕੇ ਕੈਂਠੇ ਪਾਉਣ, ਡੌਲਿਆਂ-ਗੁੱਟਾਂ 'ਤੇ ਫੁੰਮਣ ਬੰਨ੍ਹਣ ਆਦਿ ਤੱਕ ਉਨ੍ਹਾਂ ਨੂੰ ਤਿਆਰ-ਬਰ-ਤਿਆਰ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ।

ਵਿਸਾਕਨਸਿਨ ਦੇ ਪੰਜਾਬੀ ਭਾਈਚਾਰੇ ਵੱਲੋਂ ਇਸ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ। ਇੱਥੋਂ ਤੱਕ ਕਿ ਕੁਝ ਸ਼ਖਸੀਅਤਾਂ ਨੇ ਆਪ ਅੱਗੇ ਹੋ ਕੇ 'ਵਿਰਸਾ ਨਾਈਟ-2' ਦੇ ਪ੍ਰਬੰਧਾਂ ਵਿੱਚ ਸਹਿਯੋਗ ਕੀਤਾ। ਜ਼ਿਕਰਯੋਗ ਹੈ ਕਿ ਇਨ੍ਹਾਂ ਮੁਕਾਬਲਿਆਂ ਵਿੱਚ 'ਭੰਗੜਾ ਰਾਈਮਜ਼' ਨਾਲ ਜੁੜੇ ਸ਼ਿਕਾਗੋ ਅਤੇ ਵਿਸਕਾਨਸਿਨ ਦੇ ਬੱਚਿਆਂ ਨੇ ਹਿੱਸਾ ਲਿਆ। ਟੀਮਾਂ ਵਿੱਚ ਸ਼ਾਮਲ ਬੱਚਿਆਂ ਦੇ ਮਾਪਿਆਂ ਦਾ ਵੀ ਪੂਰਾ ਸਹਿਯੋਗ ਰਿਹਾ।

ਇਸ ਤੋਂ ਇਲਾਵਾ ਮਿਲਵਾਕੀ ਤੋਂ ਜਸਵੰਤ ਸਿੰਘ, ਦਲਜੀਤ ਸਿੰਘ ਬਰਾੜ ਅਤੇ ਲਖਵੀਰ ਸਿੰਘ ਹਾਂਸੀ ਨੇ ਮੂਹਰੇ ਹੋ ਕੇ ਪ੍ਰੋਗਰਾਮ ਦਾ ਚੱਕਣ ਚੱਕਿਆ ਤੇ ਕਾਰਜਾਂ ਵਿੱਚ ਹੱਥ ਵਟਾਇਆ। ਸ਼ਿਕਾਗੋ ਤੋਂ ਬਿਕਰਮ ਸਿੱਧੂ, ਬਲਰਾਜ ਸੋਹੀ, ਅਮਰੀਕਪਾਲ ਸਿੰਘ, ਸੁਖਪਾਲ ਗਿੱਲ, ਗੁਰਮੁਖ ਸਿੰਘ ਭੁੱਲਰ, ਮਨਮਿੰਦਰ ਹੀਰ ਤੇ ਹੋਰਨਾਂ ਨੇ ਵੀ ਮਦਦ ਕੀਤੀ।

ਇਸ ਮੌਕੇ ਅਮਨ ਕੁਲਾਰ ਨੇ 'ਭੰਗੜਾ ਰਾਈਮਜ਼'

⇒ ਬਾਕੀ ਸਫਾ 6 ਉਤੇ ਪੜ੍ਹੋ

















# ਸਿਆਸੀ ਪਾਰਟੀਆਂ ਵਿਚਾਲੇ ਹੜ੍ਹ ਪੀੜਤਾਂ ਨਾਲ ਹਮਦਰਦੀ ਲਈ ਮੁਕਾਬਲਾ

***ਸੁਖਬੀਰ ਸਿੰਘ ਬਾਦਲ ਨੇ ਡੀਜ਼ਲ ਤੇ ਕੈਸ਼ ਵੰਡਿਆ**
***ਕੇਂਦਰੀ ਸੂਬਾਈ ਸਰਕਾਰੀ ਤੰਤਰ ਦੇਰ ਨਾਲ ਹਰਕਤ 'ਚ ਆਇਆ**

ਪੰਜਾਬ ਵਿੱਚ ਆਏ ਹੜ੍ਹਾਂ ਦੀ ਮਾਰ ਸਮਾਂ ਬੀਤਣ ਨਾਲ ਭਾਵੇਂ ਕੁਝ ਘਟ ਰਹੀ ਹੈ, ਪਰ ਇਸ ਮਸਲੇ ਨੂੰ ਲੈ ਕੇ ਸਿਆਸਤ ਜ਼ੋਰ ਫੜਨ ਲੱਗੀ ਹੈ। ਜਦੋਂ ਪੇਂਡੂ ਪੰਜਾਬ ਦਾ ਵੱਡਾ ਹਿੱਸਾ ਪਾਣੀਆਂ ਨੇ ਝੰਬ ਦਿੱਤਾ ਹੈ ਤਾਂ ਸਿਆਸੀ ਪਾਰਟੀਆਂ ਹੜ੍ਹ ਮਾਰੇ ਲੋਕਾਂ ਦੀਆਂ ਸਕੀਆਂ ਦਿਸਣ ਲਈ ਕਾਹਲੀਆਂ ਹੋਈਆਂ ਪਈਆਂ ਹਨ। ਜਦੋਂ ਲੋਕ ਕਿਸੇ ਸੰਕਟ ਵਿੱਚ ਹੋਣ ਤਾਂ ਸੱਤਾ ਦੀ ਸਿਆਸਤ ਲਈ ਇਹ ਸੁਨਹਿਰੀ ਮੌਕਾ ਹੁੰਦਾ ਹੈ। ਬਹੁਤੀਆਂ ਪਾਰਟੀਆਂ ਦੇ ਆਗੂ ਤਾਂ ਪਜਾਮੇ ਗੋਡਿਆਂ 'ਤੇ ਠੁੰਗ ਕੇ ਫੋਟੋਆਂ ਖਿਚਾਉਣ ਅਤੇ ਰਸਮੀ ਜਿਹੀ ਹਮਦਰਦੀ ਤੱਕ ਹੀ ਸੀਮਤ ਹਨ। ਪਰ ਫਿਰ ਵੀ ਕੁਝ ਪਾਰਟੀਆਂ ਅਤੇ ਉਨ੍ਹਾਂ ਦੇ ਆਗੂ ਲੋਕਾਂ ਦੀ ਠੋਸ ਮਦਦ ਕਰਨ ਦਾ ਯਤਨ ਕਰ ਰਹੇ ਹਨ। ਭਾਵੇਂ ਕਿ ਇਹ ਮਦਦ ਵੀ ਕਿਸੇ ਵੱਡੀ ਸਿਆਸੀ ਲਾਲਸਾ ਤੋਂ ਵੱਖ ਨਹੀਂ ਕੀਤੀ ਜਾ ਸਕਦੀ।

ਇਸ ਮਾਮਲੇ ਵਿੱਚ ਮੱਤੇਵਾਲ ਜੰਗਲ ਨੂੰ ਬਚਾਉਣ ਲਈ ਸੰਘਰਸ਼ ਵਿੱਚੋਂ ਉਪਜੀ ਪਬਲਿਕ ਐਕਸ਼ਨ ਕਮੇਟੀ ਨੇ ਬੜੇ ਸਨਸਨੀਖੇਜ ਅੰਕੜੇ ਜਾਰੀ ਕੀਤੇ ਹਨ। ਉਨ੍ਹਾਂ ਦਾ ਆਖਣਾ ਹੈ ਕਿ 10 ਤੋਂ 18 ਅਗਸਤ ਤੱਕ ਭਾਖੜਾ ਡੈਮ ਵਿੱਚ ਪਾਣੀ ਘੱਟ ਆਇਆ ਅਤੇ ਉਦੋਂ ਪਾਣੀ ਜ਼ਿਆਦਾ ਛੱਡਿਆ ਗਿਆ, ਪਰ ਬਾਅਦ ਵਿੱਚ ਪਾਣੀ ਜਦੋਂ ਜ਼ਿਆਦਾ ਆਇਆ ਤਾਂ ਡੈਮ ਵਿੱਚੋਂ ਪਾਣੀ ਘੱਟ ਛੱਡਿਆ ਗਿਆ। ਉਨ੍ਹਾਂ ਕਿਹਾ ਕਿ ਰਾਜਸਥਾਨ ਫੀਡਰ ਵਿੱਚ ਪਾਣੀ ਸਾਰਾ ਸਾਲ ਚਲਦਾ ਰੱਖਣ ਲਈ ਡੈਮਾਂ ਨੂੰ ਨੱਕੋ-ਨੱਕ ਭਰਿਆ ਜਾਂਦਾ ਹੈ। ਬਾਅਦ ਵਿੱਚ ਇਕਦਮ ਛੱਡ ਦਿੱਤਾ ਜਾਂਦਾ ਹੈ। ਪਬਲਿਕ ਐਕਸ਼ਨ ਕਮੇਟੀ ਦਾ ਮੰਨਣਾ ਹੈ ਕਿ ਇਸ ਵਾਰ ਮੀਂਹ 2023 ਨਾਲੋਂ ਲੇਟ ਪੈਣੇ ਸ਼ੁਰੂ ਹੋਏ ਹਨ, ਇਸ ਲਈ ਮੀਂਹ ਪੈਣ ਤੋਂ ਪਹਿਲਾਂ ਜੇ ਪਾਣੀ ਜ਼ਿਆਦਾ ਛੱਡਿਆ ਜਾਂਦਾ ਤਾਂ ਪੰਜਾਬ ਵਿੱਚ ਪਾਣੀ ਨੇ ਇੰਨੀ ਮਾਰ ਨਹੀਂ ਸੀ ਕਰਨੀ, ਜਿੰਨੀ ਹੁਣ ਕੀਤੀ ਹੈ। ਕਮੇਟੀ ਦੇ ਇੱਕ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਕਿਹਾ ਬੀ.ਬੀ.ਐਮ.ਬੀ. ਨੇ ਪਾਣੀ ਸਟੋਰ ਕਰਨ ਸੰਬੰਧੀ ਸੋਧੇ ਹੋਏ ਨਿਯਮ ਲਾਗੂ ਨਹੀਂ ਕੀਤੇ, ਇਹ ਵੀ ਹੜ੍ਹਾਂ ਦਾ ਕਾਰਨ ਬਣ ਰਿਹਾ ਹੈ। ਯਾਦ ਰਹੇ, ਪਿਛਲੇ ਛੇ ਸਾਲਾਂ ਵਿੱਚ ਪੰਜਾਬ ਵਿੱਚ ਤਿੰਨ ਵਾਰ (2019, 2023 ਅਤੇ 2025) ਹੜ੍ਹ ਆਏ ਹਨ, ਸਿਰਫ ਇਸ ਤੋਂ ਹੀ ਪਤਾ ਲਗਦਾ ਹੈ ਕਿ ਪਾਣੀ ਦੀ ਮੈਨੇਜਮੈਂਟ ਵਿੱਚ ਵੱਡੀ ਗੜਬੜ ਜਾਂ ਗਲਤੀ ਕੀਤੀ ਜਾ ਰਹੀ ਹੈ। ਕਮੇਟੀ ਨੇ ਸੁਪਰੀਮ ਕਮੇਟੀ ਦੇ ਕਿਸੇ ਰਿਟਾਇਰਡ ਜੱਜ ਦੀ ਅਗਵਾਈ ਵਿੱਚ ਇੱਕ ਕਮੇਟੀ ਬਣਾ ਕੇ ਹੜ੍ਹਾਂ ਦੇ ਕਾਰਨਾਂ ਬਾਰੇ ਪੜਤਾਲ ਕਰਾਏ ਜਾਣ ਦੀ ਵੀ ਮੰਗ ਕੀਤੀ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਵੀ ਦੋਸ਼ ਲਾਇਆ ਕਿ ਪੰਜਾਬ ਵਿੱਚ ਆਏ ਹੜ੍ਹ ਕੁਦਰਤੀ ਨਹੀਂ, ਇਹ ਮਨੁੱਖੀ ਗਲਤੀ ਜਾਂ ਅਣਦੇਖੀ ਦਾ ਨਤੀਜਾ ਹਨ। ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਏਗਾ ਕਿ ਵਾਤਾਵਰਣ ਨਾਲ ਸੰਬੰਧਤ ਮਾਹਿਰ ਦਰਿਆਵਾਂ ਵਿੱਚ ਸਾਰਾ ਸਾਲ ਪਾਣੀ ਛੱਡਣ ਦੀ ਮੰਗ ਕਰਦੇ ਹਨ ਤਾਂ ਕਿ ਦਰਿਆ ਜ਼ਿੰਦਾ ਰਹਿਣ।

ਇਸ ਦੇ ਨਾਲ ਹੀ ਸਿਆਸੀ ਪਾਰਟੀਆਂ ਨੇ ਵੀ ਹੜ੍ਹ ਮਾਰੇ ਲੋਕਾਂ ਦੀ ਹਮਦਰਦੀ ਜਿੱਤਣ ਲਈ ਆਪਣੀ ਸਰਗਰਮੀ ਵਧਾ ਦਿੱਤੀ ਹੈ। ਆਪਣਾ ਖੁੱਸਿਆ ਸਿਆਸੀ ਆਧਾਰ ਹਾਸਲ ਕਰਨ ਦੇ ਮਕਸਦ ਨਾਲ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਸਭ ਤੋਂ ਵਧੇਰੇ ਸਰਗਰਮ ਦਿਸਿਆ। ਸੁਖਬੀਰ ਬਾਦਲ ਵੱਲੋਂ ਪਹਿਲਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਵਿੱਚ ਲੱਗੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਡੀਜ਼ਲ ਅਤੇ ਪੈਸੇ ਧੇਲੇ ਵੀ ਵੰਡੇ ਗਏ। ਇਸ ਤੋਂ ਇਲਾਵਾ ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਕਿ ਜਿਵੇਂ ਅਫਗਾਨਿਸਤਾਨ ਦੇ ਭੂਚਾਲ ਪੀੜਤਾਂ ਨੂੰ ਮਦਦ ਦਾ ਐਲਾਨ ਕੀਤਾ ਗਿਆ ਹੈ, ਪੰਜਾਬ ਦੇ ਹੜ੍ਹ ਪੀੜਤ ਲੋਕਾਂ ਨੂੰ ਵੀ ਰਾਹਤ ਦਿੱਤੀ ਜਾਵੇ। ਵੱਖ ਹੋਏ ਅਕਾਲੀ ਦਲ ਦੇ ਆਗੂ ਅਤੇ ਪੰਜਾਬ ਅਸੈਂਬਲੀ ਮੈਂਬਰ ਮਨਪ੍ਰੀਤ ਸਿੰਘ ਇਆਲੀ ਵੱਲੋਂ ਵੀ ਵੱਡੀ ਪੱਧਰ 'ਤੇ ਹੜ੍ਹ ਪੀੜਤਾਂ ਨੂੰ ਰਾਹਤ ਪਹੁੰਚਾਈ ਗਈ।

ਆਮ ਆਦਮੀ ਪਾਰਟੀ ਦੇ ਆਗੂ ਆਮ ਤੌਰ 'ਤੇ ਗਾਇਬ ਰਹੇ। ਹੜ੍ਹ ਆਉਣ ਤੋਂ 26-27 ਦਿਨ ਬਾਅਦ ਨਜ਼ਰ ਆਏ। ਇੰਨਾ ਹੀ ਨਹੀਂ, ਪਠਾਣ ਮਾਜਰਾ ਕਲੇਸ਼ ਸ਼ੁਰੂ ਕਰਕੇ ਆਪਸ ਵਿੱਚ ਲੜਦੇ ਵੀ ਰਹੇ। ਇਸ ਦਰਮਿਆਨ ਮੁੱਖ ਮੰਤਰੀ ਭਗਵੰਤ ਮਾਨ ਹਸਪਤਾਲ ਵਿੱਚ ਦਾਖਲ ਰਹੇ। ਹਸਪਤਾਲ ਤੋਂ ਬਾਹਰ ਆਉਣ 'ਤੇ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਵੀਹ ਹਜ਼ਾਰ ਰੁਪਏ ਪ੍ਰਤੀ ਏਕੜ ਦੇਣ ਦਾ ਐਲਾਨ ਕੀਤਾ। ਹੜ੍ਹ ਦੇ ਨੁਕਸਾਨ ਬਾਰੇ ਅੰਦਾਜ਼ਾ ਤਾਂ ਕੇਂਦਰੀ ਖੇਤੀ ਮੰਤਰੀ ਲਗਾ ਹੀ ਚੁੱਕੇ ਹਨ, ਪਰ ਪ੍ਰਧਾਨ ਮੰਤਰੀ ਦੀ ਫੇਰੀ ਤੋਂ ਪੰਜਾਬ ਦੇ ਹੜ੍ਹ ਪੀੜਤਾਂ ਨੂੰ ਕਾਫੀ ਉਮੀਦਾਂ ਹਨ। ਪੰਜਾਬ ਦੇ ਕਾਂਗਰਸੀ ਆਗੂਆਂ ਵਿੱਚੋਂ ਬਹੁਤਿਆਂ ਨੇ ਹੜ੍ਹ ਪੀੜਤ ਲੋਕਾਂ ਨਾਲ ਫੋਟੋਆਂ ਖਿਚਾ ਕੇ ਸੁੱਕੀ ਹਮਦਰਦੀ ਪਰਗਟ ਕਰਦਿਆਂ ਪੰਜਾਬ ਸਰਕਾਰ 'ਤੇ ਤਵਾ ਲਾਇਆ।

ਇਸ ਸਾਰੇ ਕੁਝ ਦੇ ਉਲਟ ਪੰਜਾਬ ਦੇ ਲੋਕਾਂ ਨੇ ਇੱਕ ਤੋਂ ਵੱਧ ਵਾਰ ਸਿੱਧ ਕੀਤਾ ਹੈ ਕਿ ਸਰਕਾਰ ਤੋਂ ਬਿਨਾ ਵੀ ਉਨ੍ਹਾਂ ਕੋਲ ਇੱਕ ਅਜਿਹਾ ਸਮਾਜਕ ਪ੍ਰਬੰਧ ਹੈ, ਜਿਸ ਦੇ ਆਸਰੇ ਉਹ ਕਿਸੇ ਵੀ ਆਫਤ ਦਾ ਟਾਕਰਾ ਕਰ ਸਕਦੇ ਹਨ। ਇਸ ਵਾਰ ਆਏ ਹੜ੍ਹਾਂ ਵਿੱਚ ਵੀ ਪੰਜਾਬ ਦੇ ਲੋਕਾਂ ਨੇ ਕਿਸੇ ਸਿਆਸੀ ਜਾਂ ਹਕੂਮਤੀ ਖ਼ੈਰਾਤ ਨੂੰ ਬਿਨਾ ਉਡੀਕੇ ਆਪਣੀ ਵਿਗੜੀ ਸੰਵਾਰਨ ਲਈ ਆਪ ਹੰਭਲਾ ਮਾਰਿਆ। ਇਹ ਹੰਭਲਾ ਏਡਾ ਵੱਡਾ ਸੀ ਕਿ ਕਿਸੇ ਸਰਕਾਰ ਦੇ ਪਹੁੰਚਣ ਤੋਂ ਪਹਿਲਾਂ ਉਹ ਹੜ੍ਹਾਂ ਦੀ ਮੁਸੀਬਤ ਨਾਲ ਜੂਝ ਰਹੇ ਲੋਕਾਂ ਕੋਲ ਖਾਣ-ਪੀਣ ਅਤੇ ਜਿਊਣ ਦੀ ਮੁਢਲੀ ਸਹਾਇਤਾ ਪਹੁੰਚਾ ਚੁੱਕੇ ਸਨ। 2023 ਵਿੱਚ ਆਏ ਹੜ੍ਹਾਂ ਵਾਂਗ ਹੀ ਇਸ ਵਾਰ ਵੀ ਕਿਸਾਨੀ ਨਾਲ ਸੰਬੰਧਤ ਨੌਜਵਾਨਾਂ ਨੇ ਆਪਣੇ ਸਿਰਾਂ ਤੋਂ ਲੰਘਦੇ ਪਾਣੀ ਵਿੱਚ ਟਰੈਕਟਰਾਂ ਦੀ ਟੈਂਕਾਂ ਵਾਂਗ ਵਰਤੋਂ ਕੀਤੀ। ਇਸ ਵਰਤਾਰੇ ਨੂੰ ਵੇਖ-ਪਰਖ ਕੇ ਕੁਝ ਗੈਰ-ਪੰਜਾਬੀ ਵੱਡੇ ਪੱਤਰਕਾਰਾਂ ਨੂੰ ਵੀ ਇਹ ਤੱਥ ਮੰਨਣਾ ਪਿਆ ਕਿ ਪੰਜਾਬੀ ਸਮਾਜ ਵਿੱਚ ਕੋਈ ਗੱਲ ਵੱਖਰੀ ਹੈ, ਜਿਸ ਤੋਂ ਦੂਜੇ ਰਾਜਾਂ ਦੇ ਲੋਕਾਂ ਨੂੰ ਸਿੱਖਣਾ ਚਾਹੀਦਾ ਹੈ।

ਇਸ ਔਖੀ ਸਮਾਜਕ ਸੇਵਾ ਦੀ ਅਗਵਾਈ ਨੌਜਵਾਨਾਂ ਨੇ ਕੀਤੀ; ਖਾਸ ਕਰਕੇ ਪੰਜਾਬ ਦੇ ਮਾਝਾ ਖੇਤਰ ਵਿਚ। ਫਿਰ ਪੂਰੇ ਪੰਜਾਬ ਦੀ ਜਵਾਨੀ ਹੀ ਇਸ ਪਾਸੇ ਵੱਲ ਤੁਰ ਪਈ। ਇਸ ਕਰਮ ਵਿੱਚ ਪੰਜਾਬ ਵਿੱਚ ਮੌਜੂਦ ਬਹੁਤ ਸਾਰੀਆਂ ਸਵੈ-ਸੇਵੀ ਅਤੇ ਸਮਾਜਿਕ-ਧਾਰਮਿਕ ਸੰਸਥਾਵਾਂ, ਕਿਸਾਨ ਸੰਗਠਨਾਂ ਨੇ ਵੱਡਾ ਹਿੱਸਾ ਪਾਇਆ।

ਇਸ ਵਾਰ ਪੰਜਾਬ ਦੇ ਨਾਲ ਲਗਦੇ ਪਹਾੜੀ ਰਾਜਾਂ-ਜੰਮੂ ਕਸ਼ਮੀਰ, ਹਿਮਾਚਲ ਅਤੇ ਉੱਤਰਾਖੰਡ ਵਿੱਚ ਵੀ ਹੜ੍ਹਾਂ ਨੇ ਭਾਰੀ ਮਾਰ ਕੀਤੀ। ਹਿਮਾਚਲ ਅਤੇ ਉੱਤਰਾਖੰਡ ਵਿੱਚ ਹੱਦੋਂ ਵੱਧ ਹੋਈਆਂ ਬਾਰਸ਼ਾਂ ਨੇ ਭਾਰੀ ਨੁਕਸਾਨ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹੜ੍ਹਾਂ ਮਾਰੇ ਖੇਤਰਾਂ ਦਾ ਜਾਇਜ਼ਾ ਲਿਆ। ਕੇਂਦਰੀ ਗ੍ਰਹਿ ਮੰਤਰੀ ਨੇ ਹੜ੍ਹ ਮਾਰੇ ਉਪਰੋਕਤ ਤਿੰਨ ਰਾਜਾਂ ਵਿੱਚ ਜਾਇਜ਼ਾ ਲੈਣ ਵਾਲੀਆਂ ਟੀਮਾਂ ਦਾ ਐਲਾਨ ਵੀ ਕੀਤਾ ਹੈ। ਇਸ ਮਕਸਦ ਲਈ ਉਹ ਪੰਜਾਬ ਵੀ ਗੇੜਾ ਮਾਰ ਗਏ ਹਨ। ਪੰਜਾਬ ਵਿੱਚ ਇੱਕ ਕੇਂਦਰੀ ਟੀਮ ਪਹਿਲਾਂ ਹੀ ਫੇਰਾ ਪਾ ਚੁੱਕੀ ਹੈ। ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਵੱਲੋਂ ਵੀ ਪੰਜਾਬ ਵਿੱਚ ਹੜ੍ਹਾਂ ਦਾ ਜਾਇਜ਼ਾ ਲਿਆ ਜਾ ਚੁੱਕਾ ਹੈ, ਪਰ ਇੰਨਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਵੀ ਕਿਸੇ ਸਰਕਾਰੀ ਰਿਆਇਤ ਦਾ ਕੋਈ ਐਲਾਨ ਨਹੀਂ ਹੋਇਆ। ਪੰਜਾਬ ਸਰਕਾਰ ਕੇਂਦਰ ਦੇ ਹੱਥਾਂ ਵੱਲ ਵੇਖ ਰਹੀ ਹੈ। ਪੰਜਾਬ ਸਰਕਾਰ ਨੇ ਮੁਢਲੇ ਤੌਰ 'ਤੇ ਹੜ੍ਹਾਂ ਦਾ ਮੁਕਾਬਲਾ ਕਰਨ ਲਈ ਕੇਂਦਰ ਤੋਂ 20,000 ਕਰੋੜ ਰੁਪਏ ਦੀ ਸਹਾਇਤਾ ਮੰਗੀ ਹੈ। ਇਸ ਤੋਂ ਬਿਨਾ ਪੰਜਾਬ ਵਿੱਚ ਸਿਆਸੀ ਨਿਰਦੇਸ਼ਕ ਵਜੋਂ ਨਿਯੁਕਤ ਆਮ ਆਦਮੀ ਪਾਰਟੀ ਦੇ ਆਗੂ ਮਨੀਸ਼ ਸਿਸੋਦੀਆ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਵੱਲ ਬਕਾਇਆ ਪਏ ਜੀ.ਐਸ.ਟੀ. ਦੇ 60,000 ਕਰੋੜ ਰੁਪਏ ਤੁਰੰਤ ਜਾਰੀ ਕੀਤੇ ਜਾਣ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਵਿੱਤੀ ਤੌਰ 'ਤੇ ਪੈਰਾਂ ਸਿਰ ਹੋਣ ਲਈ ਲਿਆਂਦੀ ਗਈ ਲੈਂਡ ਪੂਲਿੰਗ ਦੀ ਨੀਤੀ ਦਾ ਸਿਆਸੀ ਰੌਲਾ-ਰੱਪਾ ਹੁਣ ਪੰਜਾਬ ਵਿੱਚ ਆਏ ਹੜ੍ਹਾਂ ਦੇ ਰੌਲੇ ਹੇਠ ਦਬ ਗਿਆ। ਹੜ੍ਹਾਂ ਦੇ ਝਮੇਲੇ ਦੇ ਵਿਚਕਾਰ ਹੀ ਪੰਜਾਬ ਦੀਆਂ ਪੰਚਾਇਤੀ ਜ਼ਮੀਨਾਂ ਐਕਵਾਇਰ ਕਰਨ ਦੀ ਗੱਲ ਫਿਰ ਤੁਰ ਪਈ ਹੈ।

ਆਮ ਆਦਮੀ ਪਾਰਟੀ ਨੂੰ ਸ਼ਾਇਦ ਹਾਲਾਂ ਵੀ ਸਮਝ ਨਹੀਂ ਲੱਗੀ ਕਿ ਇਸ ਕਿਸਮ ਦਾ ਕੋਈ ਵੀ ਯਤਨ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਬੇਹੱਦ ਮਹਿੰਗਾ ਪੈ ਸਕਦਾ ਹੈ। ਅਜਿਹਾ ਕਰਕੇ ਉਹ ਹੜ੍ਹਾਂ ਦੀ ਮਾਰ ਹੇਠ ਆਏ ਲੈਂਡ ਪੂਲਿੰਗ ਦੇ ਮੁੱਦੇ ਨੂੰ ਮੁੜ ਸੁਰਜੀਤ ਕਰ ਲੈਣਗੇ। ਪਾਰਟੀ ਲਈ ਆਰਥਕ ਸੋਮਿਆਂ ਦੀ ਮੋਬੇਲਾਈਜੇਸ਼ਨ ਲਈ ਉਨ੍ਹਾਂ ਨੂੰ ਪੰਜਾਬ ਦੇ ਜ਼ਰਈ ਖੇਤਰ ਵੱਲ ਵੇਖਣਾ ਬੰਦ ਕਰਨਾ ਹੋਏਗਾ। ਇਹ ਮਾਮਲਾ ਪੰਜਾਬ ਦੇ ਲੋਕਾਂ ਲਈ ਤਕਰੀਬਨ ਧਰਮ ਜਿੰਨਾ ਹੀ ਸੰਵੇਦਨਸ਼ੀਲ ਹੈ।

## ਸੀ.ਪੀ. ਰਾਧਾਕ੍ਰਿਸ਼ਨਨ ਬਣੇ ਭਾਰਤ ਦੇ ਨਵੇਂ ਉੱਪ ਰਾਸ਼ਟਰਪਤੀ

***152 ਵੋਟਾਂ ਨਾਲ ਜਿੱਤੇ ਸ੍ਰੀ ਕ੍ਰਿਸ਼ਨਨ**

ਐਨ.ਡੀ.ਏ. ਦੇ ਉਮੀਦਵਾਰ ਸੀ.ਪੀ. ਰਾਧਾਕ੍ਰਿਸ਼ਨਨ ਭਾਰਤ ਦੇ ਨਵੇਂ ਉੱਪ ਰਾਸ਼ਟਰਪਤੀ ਚੁਣੇ ਗਏ ਹਨ। ਉਨ੍ਹਾਂ ਨੇ ਵਿਰੋਧੀ ਧਿਰ ਦੇ ਉਮੀਦਵਾਰ ਬੀ. ਸੁਦਰਸ਼ਨ ਰੈਡੀ ਨੂੰ 152 ਵੋਟਾਂ ਨਾਲ ਹਰਾਇਆ। ਰਾਧਾਕ੍ਰਿਸ਼ਨਨ ਨੂੰ ਜਿੱਤਣ ਲਈ 377 ਵੋਟਾਂ ਦੀ ਜ਼ਰੂਰਤ ਸੀ। ਰਾਜ ਸਭਾ ਦੇ ਸਕੱਤਰ ਜਨਰਲ ਪੀ.ਸੀ. ਮੋਦੀ ਨੇ



ਬੀਤੇ ਮੰਗਲਵਾਰ ਦੱਸਿਆ ਕਿ ਮਹਾਰਾਸ਼ਟਰ ਦੇ ਸਾਬਕਾ ਗਵਰਨਰ ਤੇ ਐਨ.ਡੀ.ਏ. ਦੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਸੀ.ਪੀ. ਰਾਧਾਕ੍ਰਿਸ਼ਨਨ ਨੇ 452 ਪ੍ਰਥਮ ਤਰਜੀਹੀ ਵੋਟਾਂ ਹਸਲ ਕੀਤੀਆਂ। ਇਸ ਤਰ੍ਹਾਂ ਉਹ ਦੇਸ਼ ਦੇ ਉੱਪ ਰਾਸ਼ਟਰਪਤੀ ਚੁਣੇ ਗਏ ਹਨ; ਜਦਕਿ ਵਿਰੋਧੀ ਧਿਰ ਦੇ ਉਮੀਦਵਾਰ ਜਸਟਿਸ ਸੁਦਰਸ਼ਨ ਰੈਡੀ ਨੇ 300 ਪ੍ਰਥਮ ਤਰਜੀਹੀ ਵੋਟਾਂ ਹਾਸਲ ਕੀਤੀਆਂ।

ਦਿਲਚਸਪ ਤੱਥ ਇਹ ਹੈ ਕਿ ਵਿਰੋਧੀ ਧਿਰ ਦੇ 315 ਪਾਰਲੀਮੈਂਟ ਮੈਂਬਰਾਂ ਨੇ ਵੋਟਾਂ ਪਾਈਆਂ। ਕੇਂਦਰੀ ਗ੍ਰਹਿ ਮੰਤਰੀ ਅਮਿੱਤ ਸ਼ਾਹ ਨੇ ਸ੍ਰੀ ਸੀ.ਪੀ. ਰਾਧਾਕ੍ਰਿਸ਼ਨਨ ਨੂੰ ਉੱਪ ਰਾਸ਼ਟਰਪਤੀ ਚੁਣੇ ਜਾਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਮੈਨੂੰ ਵਿਸ਼ਵਾਸ਼ ਹੈ ਕਿ ਉੱਪ ਰਾਸ਼ਟਰਪਤੀ ਦਾ ਹੇਠਲੇ ਪੱਧਰ ਤੋਂ ਇਸ ਅਹੁਦੇ ਤੱਕ ਦਾ ਪ੍ਰਸ਼ਾਸਨਿਕ ਤਜਰਬਾ ਉਨ੍ਹਾਂ ਨੂੰ ਪਾਰਲੀਮੈਂਟਰੀ ਡੈਮੋਕਰੇਸੀ ਨੂੰ ਸਮਾਜ ਦੇ ਦੱਬੇ-ਕੁਚਲੇ ਤਬਕਿਆਂ ਦੀ ਸੇਵਾ ਵਿੱਚ ਭੁਗਤਾਉਣ ਲਈ ਮਦਦ ਕਰੇਗਾ। ਯਾਦ ਰਹੇ, ਰਾਸ਼ਟਰਪਤੀ ਦੀ ਚੋਣ ਮੰਗਲਵਾਰ ਸਵੇਰੇ 10 ਵਜੇ ਸ਼ੁਰੂ ਹੋਈ ਅਤੇ ਸ਼ਾਮ 5 ਵਜੇ ਸੰਪਨ ਹੋ ਗਈ। ਵੋਟਾਂ ਦੀ ਗਿਣਤੀ ਸ਼ਾਮ 6 ਵਜੇ ਸ਼ੁਰੂ ਹੋਈ। ਯਾਦ ਰਹੇ, ਮੌਜੂਦਾ ਪਾਰਲੀਮੈਂਟ ਦੇ 781 ਮੈਂਬਰ ਹਨ, ਜਿਨ੍ਹਾਂ ਵਿੱਚ 552 ਲੋਕ ਸਭਾ ਮੈਂਬਰ ਅਤੇ 239 ਰਾਜ ਸਭਾ ਮੈਂਬਰ ਹਨ। ਲੋਕ ਸਭਾ ਵਿੱਚ ਇੱਕ ਸੀਟ ਖਾਲੀ ਹੈ, ਜਦਕਿ ਰਾਜ ਸਭਾ ਵਿੱਚ 5 ਸੀਟਾਂ ਖਾਲੀ ਪਈਆਂ ਹਨ। 13 ਮੈਂਬਰ ਪਾਰਲੀਮੈਂਟ ਵੋਟ ਪਾਉਣ ਸਮੇਂ ਗੈਰ-ਹਾਜ਼ਰ ਰਹੇ। ਇਸ ਵਿੱਚ 7 ਮੈਂਬਰ ਬੀਜੂ ਜਨਤਾ ਦਲ, 4 ਭਾਰਤ ਰਾਸ਼ਟਰ ਸੰਮਤੀ, ਇੱਕ ਸ਼ਰੋਮਣੀ ਅਕਾਲੀ ਦਲ ਅਤੇ ਇੱਕ ਹੋਰ ਆਜ਼ਾਦ ਪਾਰਲੀਮਾਨੀ ਮੈਂਬਰ ਹੈ। ਯਾਦ ਰਹੇ, ਸ੍ਰੀ ਰਾਧਾਕ੍ਰਿਸ਼ਨਨ ਆਪਣੇ ਤੋਂ ਪਹਿਲੇ ਉੱਪ ਰਾਸ਼ਟਰਪਤੀ ਸ੍ਰੀ ਜਗਦੀਪ ਧਨਖੜ ਦੇ ਬਿਮਾਰੀ ਦੀ ਵਜਾਹ ਕਾਰਨ ਇਸ ਅਹੁਦੇ ਤੋਂ ਅਸਤੀਫਾ ਦੇਣ ਤੋਂ ਦੋ ਮਹੀਨੇ ਬਾਅਦ ਚੁਣੇ ਗਏ ਹਨ। ਸ੍ਰੀ ਧਨਖੜ ਨੇ 21 ਜੁਲਾਈ ਨੂੰ ਅਸਤੀਫਾ ਦੇ ਦਿੱਤਾ ਸੀ। ਸੀ.ਪੀ. ਰਾਧਾਕ੍ਰਿਸ਼ਨਨ ਅਟਲ ਬਿਹਾਰੀ ਵਾਜਪਈ ਦੀ ਸਰਕਾਰ ਵੇਲੇ ਦੋ ਵਾਰ ਕੋਇੰਬਟੂਰ ਤੋਂ ਮੈਂਬਰ ਪਾਰਲੀਮੈਂਟ ਰਹੇ ਹਨ। 1998 ਵਿੱਚ ਇੱਕ ਵਾਰ ਉਹ ਮੰਤਰੀ ਬਣਦੇ ਬਣਦੇ ਰਹਿ ਗਏ ਸਨ। ਉਨ੍ਹਾਂ ਦੀ ਚੋਣ ਬਾਰੇ ਬੋਲਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਹ ਇੱਕ ਪ੍ਰੇਰਣਾਦਾਇਕ ਉੱਪ ਰਾਸ਼ਟਰਪਤੀ ਵਜੋਂ ਮਿਸਾਲ ਕਾਇਮ ਕਰਨਗੇ।

Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਹੜ੍ਹਾਂ ਦਾ ਸੰਕਟ ਜਾਰੀ: ਪੰਜਾਬ ਹੀ ਪੰਜਾਬ ਨਾਲ ਖੜ੍ਹਿਆ

## ਪੰਜਾਬ ਵਿੱਚ ਹੜ੍ਹਾਂ ਦੌਰਾਨ ਸਿਆਸੀ ਭੂਚਾਲ

***ਮੁੱਖ ਮੰਤਰੀ ਦੇ ਭਰਾ ਨੇ 250 ਕਰੋੜ ਦੇ ਘੁਟਾਲੇ ਬਾਰੇ ਉਠਾਏ ਸਵਾਲ**
***ਕੀ ਨਾਲਿਆਂ ਦੀ ਸਫਾਈ ਹੋਈ ਜਾਂ 250 ਕਰੋੜ ਰੁਪਏ ਦੀ?**

ਮੁੱਖ ਮੰਤਰੀ ਭਗਵੰਤ ਮਾਨ ਦੇ ਭਰਾ ਗਿਆਨ ਸਿੰਘ ਮਾਨ ਨੇ ਪੰਜਾਬ ਵਿੱਚ ਹੜ੍ਹਾਂ ਦੌਰਾਨ 250 ਕਰੋੜ ਰੁਪਏ ਦੇ ਘੁਟਾਲੇ ਨੂੰ ਲੈ ਕੇ ਸਵਾਲ ਉਠਾਏ ਹਨ। ਇਸ ਸਬੰਧੀ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਪੰਜਾਬੀ ਵਿੱਚ ਪੋਸਟ ਕੀਤੀ ਹੈ। ਇਸ ਪੋਸਟ ਨੇ ਸਿਆਸੀ ਗਲਿਆਰਿਆਂ ਵਿੱਚ ਖਲਬਲੀ ਮਚਾ ਦਿੱਤੀ ਹੈ। ਮੁੱਖ ਮੰਤਰੀ ਦੇ ਭਰਾ ਨੇ ਇੱਕ ਵਿਭਾਗ ਦੀ ਕਾਰਜਸ਼ੈਲੀ 'ਤੇ ਸਵਾਲ ਉਠਾਏ ਹਨ। ਇਸ ਪੋਸਟ ਦੇ ਸਿਆਸੀ ਮਾਹਿਰ ਗੰਭੀਰ ਮਾਇਨੇ ਕੱਢ ਰਹੇ ਹਨ ਅਤੇ ਮੁੱਖ ਮੰਤਰੀ ਦੀ ਬੀਮਾਰੀ ਨੂੰ ਇਸ ਸੰਦਰਭ ਵਿੱਚ ਜੋੜ ਕੇ ਵੇਖ ਰਹੇ ਹਨ। ਗਿਆਨ ਸਿੰਘ ਮਾਨ ਦੀ ਪੋਸਟ ਨੇ ਕਿਤੇ ਨਾ ਕਿਤੇ ਇਸ਼ਾਰਾ ਕੀਤਾ ਹੈ ਕਿ ਸਰਕਾਰ ਵਿੱਚ ਸਭ ਕੁਝ ਠੀਕ ਨਹੀਂ ਚੱਲ ਰਿਹਾ। ਆਪਣੇ ਗ੍ਰਹਿ ਜ਼ਿਲ੍ਹੇ ਦੇ ਦੌਰਿਆਂ ਦੌਰਾਨ ਮੁੱਖ ਮੰਤਰੀ ਦੇ ਨਾਲ ਸਾਏ ਵਾਂਗ ਰਹਿਣ ਵਾਲੇ ਗਿਆਨ ਸਿੰਘ ਮਾਨ ਦੀ ਪੋਸਟ ਇਸ਼ਾਰਾ ਕਰ ਰਹੀ ਹੈ ਕਿ ਸ਼ਾਇਦ ਮੁੱਖ ਮੰਤਰੀ ਖੁਦ ਵੀ ਇਸ ਪੂਰੇ ਘਟਨਾਕ੍ਰਮ ਤੋਂ ਨਾਰਾਜ਼ ਹੋਣਗੇ। ਗਿਆਨ ਸਿੰਘ ਮਾਨ ਨੇ ਆਪਣੀ ਪੋਸਟ ਵਿੱਚ ਲਿਖਿਆ ਹੈ ਕਿ ਬਰਸਾਤੀ ਨਾਲਿਆਂ ਦੀ ਸਫਾਈ ਨਾ ਹੋਣ ਕਾਰਨ ਸ਼ਹਿਰਾਂ ਅਤੇ ਪਿੰਡਾਂ ਵਿੱਚ ਲੋਕਾਂ ਦੇ ਘਰਾਂ, ਦੁਕਾਨਾਂ ਅਤੇ ਫਸਲਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਇਸ ਕੰਮ ਲਈ ਜਾਰੀ ਕੀਤੇ ਗਏ 250 ਕਰੋੜ ਰੁਪਏ ਤੋਂ ਵੀ ਵੱਧ ਦੀ ਰਕਮ ਅਖੀਰ ਕਿੱਥੇ ਗਾਇਬ ਹੋ ਗਈ? ਇਨ੍ਹਾਂ ਵਿੱਚੋਂ 40 ਲੱਖ ਰੁਪਏ ਜਲ ਸਰੋਤ ਮੰਤਰੀ ਵਰਿੰਦਰ ਗੋਇਲ ਦੇ ਹਲਕਾ ਲਹਿਰਾ ਲਈ ਵੀ ਜਾਰੀ ਕੀਤੇ ਗਏ ਸਨ। ਕੀ ਨਾਲਿਆਂ ਦੀ ਸਫਾਈ ਹੋਈ ਜਾਂ 250 ਕਰੋੜ ਰੁਪਏ ਦੀ? ਸਰਕਾਰ ਨੂੰ ਇਸ ਪੂਰੇ ਮਾਮਲੇ ਦੀ ਜਾਂਚ ਕਰਵਾ ਕੇ ਦੋਸ਼ੀ ਅਧਿਕਾਰੀਆਂ ਅਤੇ ਠੇਕੇਦਾਰਾਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ।



**ਜਸਵੀਰ ਸਿੰਘ ਸ਼ੀਰੀ**

ਪੰਜਾਬ ਵਿੱਚ ਹੜ੍ਹਾਂ ਦੀ ਭਿਆਨਕ ਮਾਰ ਜਾਰੀ ਹੈ, ਪਰ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਇਸ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ/ਜਾ ਰਿਹਾ, ਜਿਵੇਂ ਨਵੰਬਰ 1984 ਵਿੱਚ ਕਾਂਗਰਸ ਪਾਰਟੀ ਨੇ ਸਿੱਖਾਂ ਵਿਰੁੱਧ ਯੋਜਨਾਬੱਧ ਹਿੰਸਾ ਨੂੰ ਨਜ਼ਰਅੰਦਾਜ਼ ਕੀਤਾ ਸੀ। ਤਿੰਨ ਦਿਨਾਂ ਤੱਕ ਪੁਲਿਸ, ਜੁਡੀਸ਼ੀਅਰੀ ਅਤੇ ਸਿਵਲ ਪ੍ਰਸ਼ਾਸਨ ਦੀ ਨਿਗਰਾਨੀ ਹੇਠ ਕਾਂਗਰਸੀ ਆਗੂਆਂ ਦੀ ਅਗਵਾਈ ਵਿੱਚ ਗੁੰਡਾ ਗਰੋਹ ਜਥੇਬੰਦ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਸਿੱਖਾਂ ਨੂੰ ਮਿੱਥ ਕੇ ਕਤਲ ਕਰਨ ਦੀ ਖੁੱਲ੍ਹ ਦਿੱਤੀ ਗਈ ਸੀ। ਪੰਜਾਬ ਵਿੱਚ ਹੜ੍ਹ ਆਉਣ ਤੋਂ ਬਾਅਦ 17 ਦਿਨਾਂ ਤੱਕ ਕੇਂਦਰ ਅਤੇ ਪੰਜਾਬ ਸਰਕਾਰ ਹੱਥ 'ਤੇ ਹੱਥ ਧਰ ਕੇ ਬੈਠੀਆਂ ਰਹੀਆਂ, ਤੇ ਪੰਜਾਬ ਦੇ ਕਿਸਾਨਾਂ ਨੂੰ ਲਾਵਾਰਸ ਛੱਡ ਦਿੱਤਾ। ਯਾਦ ਰਹੇ, ਇਸ ਤੋਂ ਪਹਿਲਾਂ 2023 ਵਿੱਚ ਵੀ ਭਿਆਨਕ ਹੜ੍ਹ ਆਏ ਸਨ। ਇਸ ਵਾਰ ਦੇ ਹੜ੍ਹ ਪੰਜਾਬ ਦੀ ਖੇਤੀ ਆਰਥਕਤਾ 'ਤੇ ਵੱਡਾ ਹਮਲਾ ਜਾਪਦੇ ਹਨ। ਪਰ ਇਸ ਦਰਮਿਆਨ ਅਮਰੀਕਾ ਦੇ ਰਾਸ਼ਟਰਪਤੀ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਭਾਰਤ ਪਾਕਿਸਤਾਨ ਨੂੰ ਡੋਬ ਰਿਹਾ ਹੈ। ਦੂਜੇ ਪਾਸੇ ਮੇਨ ਸਟਰੀਮ ਭਾਰਤੀ ਮੀਡੀਆ ਵਿੱਚ ਭਾਰਤ-ਅਮਰੀਕਾ ਸੰਬੰਧ ਆਮ ਵਾਂਗ ਹੋਣ ਦੀ ਗੱਲ ਚੱਲ ਰਹੀ ਹੈ। ਅਮਰੀਕੀ ਰਾਸ਼ਟਰਪਤੀ ਅਤੇ ਭਾਰਤੀ ਪ੍ਰਧਾਨ ਮੰਤਰੀ ਨੇ ਇੱਕ ਦੂਜੇ ਪ੍ਰਤੀ ਪ੍ਰਸ਼ੰਸਾ ਭਰੀਆਂ ਗੱਲਾਂ ਕਹੀਆਂ ਹਨ।

ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਬਾਰੇ ਜਾਰੀ ਕੀਤੀ ਗਈ ਹਾਲੀਆ ਜਾਣਕਾਰੀ ਅਨੁਸਾਰ ਰਾਜ ਦੇ ਕੁੱਲ 1960 ਪਿੰਡ ਪਾਣੀ ਦੀ ਮਾਰ ਹੇਠ ਆਏ ਹਨ। ਇੱਕ ਲੱਖ 74 ਹਜ਼ਾਰ ਹੈਕਟੇਅਰ ਫਸਲ ਪ੍ਰਭਾਵਤ ਹੋ ਚੁੱਕੀ ਹੈ ਅਤੇ 46 ਲੋਕਾਂ ਦੀ ਮੌਤ ਹੋ ਗਈ ਹੈ। ਲੋਕਾਂ ਦੇ ਪਸ਼ੂ ਵੱਡੀ ਪੱਧਰ ਵਿੱਚ ਰੁੜ੍ਹ ਗਏ ਹਨ, ਇਨ੍ਹਾਂ ਵਿਚੋਂ ਬਹੁਤੇ ਲਾਪਤਾ ਹੋ ਗਏ ਹਨ। ਇਨ੍ਹਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਕਈ ਥਾਵਾਂ 'ਤੇ ਭਾਰਤ ਸਰਕਾਰ ਵੱਲੋਂ ਲਗਾਈ ਗਈ ਕੰਡਿਆਲੀ ਤਾਰ ਵੀ ਹੜ੍ਹ ਗਈ ਹੈ। ਇਸੇ ਤਰ੍ਹਾਂ ਪੂਰਬੀ ਪੰਜਾਬ ਦੇ ਪਸ਼ੂ ਹੜ੍ਹ ਕੇ ਪੱਛਮ ਵੱਲ ਚਲੇ ਗਏ। ਪੱਛਮੀ ਪੰਜਾਬ ਵਿੱਚੋਂ ਪਸ਼ੂਆਂ, ਖਾਸ ਕਰਕੇ ਮੱਝਾਂ ਦੇ ਹੜ੍ਹ ਕੇ ਇਸ ਪਾਸੇ ਆ ਜਾਣ ਦੀਆਂ ਵੀ ਖਬਰਾਂ ਹਨ। ਇਸ ਵਾਰ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਜਿੱਥੇ ਕੇਂਦਰ 17 ਦਿਨ ਤੱਕ ਖਾਮੋਸ਼ ਰਿਹਾ, ਉਥੇ ਪੰਜਾਬ ਸਰਕਾਰ ਇਸ ਦੌਰਾਨ ਕੁਝ ਵੀ ਨਹੀਂ ਕਰ ਸਕੀ। ਦੋਹਾਂ ਸਰਕਾਰਾਂ ਦੀ ਗੈਰ-ਹਾਜ਼ਰੀ ਵਿੱਚ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੇ ਸਥਿਤੀ ਨੂੰ ਸੰਭਾਲਣ ਦਾ ਯਤਨ ਕੀਤਾ ਅਤੇ ਪ੍ਰਭਾਵਤ ਲੋਕਾਂ ਤੱਕ ਹਰ ਲੋੜੀਂਦੀ ਮਦਦ ਪੁੱਜਦੀ ਕਰਨ ਦੇ ਵੱਡੇ ਯਤਨ ਕੀਤੇ। ਸੰਕਟ ਸਮੇਂ ਇਕਮੁੱਠ ਹੋਣ ਦੀ ਪੰਜਾਬ ਦੀ ਇਸ ਰਵਾਇਤ ਨੇ ਦੋਹਾਂ ਸਰਕਾਰਾਂ (ਕੇਂਦਰ ਅਤੇ ਪੰਜਾਬ) ਨੂੰ ਸ਼ਰਮਸਾਰ ਕਰ ਦਿੱਤਾ ਹੈ।

ਇਸੇ ਦਰਮਿਆਨ ਪਿਛਲੇ ਕੁਝ ਦਿਨਾਂ ਤੋਂ ਸਤਲੁਜ ਦੇ ਲੁਧਿਆਣਾ ਜ਼ਿਲ੍ਹੇ ਵਿੱਚ ਟੁੱਟਣ ਦੇ ਖ਼ਦਸ਼ੇ ਜਿਤਾਏ ਜਾ ਰਹੇ ਹਨ ਅਤੇ ਘੱਗਰ ਵਿੱਚ ਪਾਣੀ ਵਧਣ ਕਾਰਨ ਮਾਲਵਾ ਖੇਤਰ ਦੇ ਵੀ ਹੜ੍ਹਾਂ ਦੀ ਮਾਰ ਹੇਠ ਆ ਜਾਣ ਦਾ ਡਰ ਬਣ ਗਿਆ ਹੈ। ਪਟਿਆਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਦੇ ਕੁਝ ਪਿੰਡਾਂ ਵਿੱਚ ਪਹਿਲਾਂ ਹੀ ਪਾਣੀ ਦਾਖਲ ਹੋ ਚੁੱਕਾ ਹੈ। ਇਸ ਖੇਤਰ ਵਿੱਚ ਹੋਰ ਪਿੰਡਾਂ ਦੇ ਵੀ ਮਾਰ ਹੇਠ ਆ ਜਾਣ ਦਾ ਡਰ ਬਣਿਆ ਹੋਇਆ। 2023 ਦੇ ਹੜ੍ਹਾਂ ਦੀ ਮਾਰ ਝੱਲਣ ਵਾਲੇ ਇਸ ਖੇਤਰ ਦੇ ਲੋਕ ਹੁਣ ਫਿਰ ਇੱਕ ਡਰ ਦੇ ਪ੍ਰਛਾਵੇਂ ਵਿੱਚ ਜੀਅ ਰਹੇ ਹਨ। ਸਥਿਤੀ ਦਾ ਦੁਖਦਾਈ ਪਹਿਲੂ ਇਹ ਹੈ ਕਿ ਮੌਸਮ ਵਿਭਾਗ ਵੱਲੋਂ ਅਗਲੇ ਦਿਨਾਂ ਵਿੱਚ ਹੋਰ ਵਧੇਰੇ ਬਾਰਸ਼ ਹੋਣ ਦੀਆਂ ਚਿਤਾਵਨੀਆਂ ਸਾਹਮਣੇ ਆ ਰਹੀਆਂ ਹਨ।

ਇਥੇ ਜ਼ਿਕਰਯੋਗ ਹੈ ਕਿ 13 ਅਗਸਤ ਨੂੰ ਪੰਜਾਬ ਵਿੱਚ ਹੜ੍ਹਾਂ ਦਾ ਸਿਲਸਲਾ ਸ਼ੁਰੂ ਹੋਇਆ ਸੀ, ਜਦੋਂ ਸੁਲਤਾਨਪੁਰ ਲੋਧੀ ਨਜ਼ਦੀਕ ਬਿਆਸ ਦਰਿਆ ਵਿੱਚ ਪਾੜ ਪੈ ਗਿਆ ਸੀ। ਅੱਜ ਦੀ ਘੜੀ ਪੰਜਾਬ ਦੇ ਤਕਰੀਬਨ 23 ਜ਼ਿਲ੍ਹੇ ਹੜ੍ਹਾਂ ਦੇ ਪਾਣੀ ਦੀ ਮਾਰ ਹੇਠ ਹਨ, ਪਰ ਪੰਜਾਬ ਸਰਕਾਰ ਨੇ ਇਨ੍ਹਾਂ ਹੜ੍ਹਾਂ ਨੂੰ ਇੱਕ ਕੁਦਰਤੀ ਆਫਤ ਐਲਾਨਣ ਦੀ ਕਾਰਵਾਈ ਵੀ ਦੇਰੀ ਨਾਲ ਕੀਤੀ ਹੈ। ਇਸ ਦੇਰੀ ਨੂੰ ਵੀ ਲੋਕਾਂ ਵੱਲੋਂ ਮੁਜ਼ਰਮਾਨਾ ਸਮਝਿਆ ਜਾ ਰਿਹਾ ਹੈ। ਪਾਣੀ ਨਾਲ ਪ੍ਰਭਾਵਤ ਲੋਕਾਂ ਦਾ ਸਰਕਾਰ ਤੋਂ ਵਿਸ਼ਵਾਸ ਹਿੱਲ ਗਿਆ। ਲੋਕ ਹੜ੍ਹ ਪੀੜਤਾਂ ਲਈ ਇਕੱਠਾ ਹੋਣ ਵਾਲਾ ਫੰਡ ਵੀ ਸਰਕਾਰ ਦੇ ਹੱਥ ਦੇਣ ਲਈ ਤਿਆਰ ਨਹੀਂ ਹਨ। ਇਸ ਤੋਂ ਇਲਾਵਾ ਹਰ ਸਾਲ ਮੌਨਸੂਨ ਤੋਂ ਪਹਿਲਾਂ ਨਦੀ ਨਾਲਿਆਂ ਅਤੇ ਸਾਈਫਨ ਵਗੈਰਾ ਸਾਫ ਕਰਨ ਲਈ ਕਈ ਸੌ ਕਰੋੜ ਦਾ ਫੰਡ ਜਾਰੀ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਇਸ ਬਾਰੇ ਵੀ ਜਾਣਕਾਰੀ ਦੇਣ ਵਿੱਚ ਅਸਮਰੱਥ ਰਹਿ ਰਹੀ ਹੈ ਕਿ ਇਹ ਫੰਡ ਕਿੱਥੇ ਕਿੱਥੇ ਖਰਚਿਆ ਗਿਆ ਹੈ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਉਨ੍ਹਾਂ ਦੇ ਨਾਲ ਮੌਜੂਦ ਅਮਲਾ ਪੰਜਾਬ ਵਿੱਚ ਹੜ੍ਹਾਂ ਦਾ ਜਾਇਜ਼ਾ ਲੈ ਕੇ ਗਏ ਹਨ। ਇੱਕ ਕੇਂਦਰੀ ਟੀਮ ਵੀ ਪੰਜਾਬ ਵਿੱਚ ਹੁਣ ਹੜ੍ਹਾਂ ਦਾ ਜਾਇਜ਼ਾ ਲੈ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਮੱਸਿਆ ਦਾ ਗੰਭੀਰ ਅਧਿਅਨ ਕਰਨ ਲਈ ਮਾਹਿਰਾਂ ਦੀਆਂ ਹੋਰ ਟੀਮਾਂ ਭੇਜੀਆਂ ਜਾਣਗੀਆਂ। ਖੇਤੀ ਮੰਤਰੀ ਚੌਹਾਨ ਨੇ ਬੀਤੀ 4-5 ਸਤੰਬਰ ਨੂੰ ਪੰਜਾਬ ਦੇ ਕੁਝ ਹੜ੍ਹ ਮਾਰੇ ਇਲਾਕਿਆਂ ਦਾ ਮੁਆਇਨਾ ਕੀਤਾ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੜ੍ਹਾਂ ਲਈ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਏ ਹੜ੍ਹਾਂ ਲਈ ਨਾਜਾਇਜ਼ ਖਣਨ ਜ਼ਿੰਮੇਵਾਰ ਹੈ, ਜਿਸ ਵਿੱਚ 'ਆਪ' ਆਗੂ ਅਤੇ ਪੰਜਾਬ ਦੀ ਅਫਸਰਸ਼ਾਹੀ ਸ਼ਾਮਲ ਹਨ। ਕਈ ਥਾਵਾਂ 'ਤੇ ਬੰਨ੍ਹ ਹੇਠੋਂ ਰਿਸਣ ਕਾਰਨ ਟੁੱਟੇ ਹਨ। ਖਣਨ ਦੇ ਮਾਮਲੇ 'ਚ ਅਫਸਰਸ਼ਾਹੀ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਹੈ।

ਇਸ ਸਾਰੇ ਵਰਤਾਰੇ ਤੋਂ ਇਲਾਵਾ ਪੰਜਾਬ ਵਿੱਚ ਸਥਾਨਕ ਅਤੇ ਜ਼ਿਲ੍ਹਾ ਪ੍ਰਸ਼ਾਸਨ ਲਗਾਤਾਰ ਗੈਰ-ਹਾਜ਼ਰ ਰਹਿ ਰਿਹਾ ਹੈ। ਇਹ ਵੀ ਮੁਜ਼ਰਮਾਨਾ ਕਿਸਮ ਦੀ ਅਣਦੇਖੀ ਹੈ। ਉਂਜ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਤੇ ਟੀਮ ਦੇ ਯਤਨਾਂ ਦੀ ਸ਼ਲਾਘਾ ਹੋਈ ਹੈ। ਇਸ ਦਰਮਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਾਕਿਸਤਾਨ ਵਿੱਚ ਆਏ ਹੜ੍ਹਾਂ 'ਤੇ ਦੁੱਖ ਪ੍ਰਗਟ ਕੀਤਾ ਕਿ ਪਾਕਿਸਤਾਨ ਨੂੰ ਭਾਰਤ ਜਾਣ-ਬੁੱਝ ਕੇ ਡਬੋ ਰਿਹਾ ਹੈ। ਯਾਦ ਰਹੇ, ਭਾਰਤੀ ਫੌਜ ਦੇ ਇੱਕ ਸਾਬਕਾ ਮੁਖੀ ਨੇ ਇਧਰ ਡੱਕੇ ਹੋਏ ਪਾਣੀ ਨੂੰ ਜਾਣ-ਬੁਝ ਕੇ ਛੱਡਣ ਅਤੇ ਪਾਕਿਸਤਾਨ ਨੂੰ ਡਬੋਣ ਦੀ ਗੱਲ ਕੀਤੀ ਸੀ।

ਇਸ ਵਾਰ ਭਾਰਤ ਮਾਲਾ ਪ੍ਰਾਜੈਕਟ ਅਧੀਨ ਬਣਾਈਆਂ ਜਾ ਰਹੀਆਂ ਵੱਡੀਆਂ ਸੜਕਾਂ ਵੀ ਹੜ੍ਹਾਂ ਦਾ ਕਾਰਨ ਬਣੀਆਂ ਹਨ। ਇਸ ਮਾਮਲੇ 'ਤੇ ਅਸੀਂ ਕਈ ਦੇਰ ਤੋਂ ਆਪਣੀਆਂ ਲਿਖਤਾਂ ਵਿੱਚ ਗੱਲ ਕਰਦੇ ਰਹੇ ਹਾਂ। ਇਸ ਮੌਕੇ ਭਾਰਤ ਵੱਲੋਂ ਮੁਅੱਤਲ ਕੀਤੀ ਗਈ ਇੰਡਸ ਵਾਟਰਜ਼ ਟ੍ਰਿਟੀ ਦਾ ਮਾਮਲਾ ਵੀ ਉਭਰ ਰਿਹਾ ਹੈ, ਕਿਉਂਕਿ ਰਾਵੀ ਦਰਿਆ ਨੇ ਭਾਰਤੀ ਖੇਤਰਾਂ ਵਿੱਚ ਵੱਡੀ ਮਾਰ ਕੀਤੀ। ਇੰਡਸ ਵਾਟਰ ਟ੍ਰਿਟੀ ਮੁਅਤੱਲ ਕਰਨ ਦੇ ਮਾਮਲੇ ਵਿੱਚ ਭਾਰਤ 'ਤੇ ਕੌਮਾਂਤਰੀ ਦਬਾਅ ਵੀ ਵਧ ਰਿਹਾ ਹੈ।

ਇਸ ਕਿਸਮ ਦੀਆਂ ਸਥਿਤੀਆਂ ਵਿੱਚ ਆਨ ਲਾਈਨ ਮਸ਼ਹੂਰ ਹੋਏ ਕੁਝ ਪੰਜਾਬੀ ਕਾਮੇਡੀਅਨਾਂ ਨੇ ਦਰਦਮੰਦ ਪਰ ਦਿਲਚਸਪ ਵਿਅੰਗ ਕੀਤੇ ਹਨ। ਸੁੱਖੀ ਖਿਆਲਾ ਨਾਂ ਦੇ ਇੱਕ ਨੌਜਵਾਨ ਕਲਾਕਾਰ ਨੇ ਬੀ.ਬੀ.ਐਮ.ਬੀ ਦਾ ਨਾਮਕਰਣ ਕਰਦਿਆਂ ਇਸ ਨੂੰ 'ਬੇਗੁਰੇ ਬੰਦਿਆਂ ਨੇ ਮਾਰ ਦਿੱਤੇ ਬੇਜ਼ੁਬਾਨ ਬੰਦੇ' ਕਿਹਾ ਹੈ। ਇਸ ਤੋਂ ਇਲਾਵਾ 'ਗੁਰਦੀਪ ਮਨਾਲੀਆ' ਨੇ ਵੀ ਹੜ੍ਹਾਂ ਵਿੱਚ ਪੰਜਾਬ ਦੇ ਨੌਜਵਾਨਾਂ ਅਤੇ ਵੱਡੇ ਟਰੈਕਟਰਾਂ ਦੀ ਸਰਹਾਨਾ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਅਜਨਾਲਾ ਵਿੱਚ ਇੱਕ ਸਮਾਗਮ ਵਿੱਚ ਅਰਦਾਸ ਸਮੇਂ ਹੜ੍ਹਾਂ ਦਾ ਜ਼ਿਕਰ ਆਉਣ 'ਤੇ ਰੋਅ ਪੈਣ ਨੂੰ 'ਰੱਬ ਤੱਕ ਪੁੱਜਣ ਵਾਲੀ ਹੂਕ' ਕਿਹਾ ਹੈ। ਇਸ ਤੋਂ ਇਲਾਵਾ ਦਲਜੀਤ ਦੁਸਾਂਝ ਸਮੇਤ ਪੰਜਾਬ ਦੇ ਬਹੁਤ ਸਾਰੇ ਕਲਾਕਾਰ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਮਦਦ ਵਿੱਚ ਆ ਗਏ ਹਨ। ਕੌਮਾਂਤਰੀ ਕ੍ਰਿਕਟ ਵਿੱਚ ਵੱਡੀ ਸ਼ੋਹਰਤ ਕਮਾਉਣ ਵਾਲੇ ਯੁਵਰਾਜ ਸਿੰਘ ਵੱਲੋਂ ਟਰੈਕਟਰਾਂ ਦਾ ਲੰਗਰ ਲਾਏ ਜਾਣ ਦੀਆਂ ਖਬਰਾਂ ਸੋਸ਼ਲ ਮੀਡੀਆ 'ਤੇ ਆ ਰਹੀਆਂ ਹਨ। ਆਈ.ਪੀ.ਐਲ. ਵਿੱਚ ਖੇਡਣ ਵਾਲੀ ਕ੍ਰਿਕਟ ਟੀਮ 'ਪੰਜਾਬ ਕਿੰਗਜ਼' ਦੀ ਮਾਲਕਣ ਅਤੇ ਜਾਣੀ-ਪਛਾਣੀ ਬਾਲੀਵੁੱਡ ਅਦਾਕਾਰਾ ਪ੍ਰੀਤੀ ਜਿੰਟਾ ਨੇ ਪੰਜਾਬ ਦੇ ਹੜ੍ਹ ਪ੍ਰਭਾਵਤ ਲੋਕਾਂ ਲਈ 33 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਯਾਦ ਰਹੇ, ਪਿਛਲੇ ਵੀਹ ਕੁ ਦਿਨਾਂ ਵਿੱਚ ਹਿਮਾਚਲ, ਜੰਮੂ ਕਸ਼ਮੀਰ ਅਤੇ ਉਤਰਾਖੰਡ ਜਿਹੇ ਪਹਾੜੀ ਰਾਜਾਂ ਵਿੱਚ ਬੱਦਲ ਫਟਣ ਦੀਆਂ 21 ਘਟਨਾਵਾਂ ਵਾਪਰੀਆਂ ਹਨ। ਵਾਤਾਵਰਣ ਦੇ ਖੇਤਰ ਵਿੱਚ ਕੰਮ ਕਰਨ ਵਾਲੀ ਉੱਘੀ ਕਾਰਕੁੰਨ ਸੁਨੀਤਾ ਨਰਾਇਣ ਨੇ ਪੰਜਾਬ ਅਤੇ ਤਿੰਨ ਪਹਾੜੀ ਰਾਜਾਂ ਵਿੱਚ ਆਏ ਹੜਾਂ ਨੂੰ ਕਾਰਪੋਰੇਟ ਵਿਕਾਸ ਮਾਡਲ ਦੀ ਉਪਜ ਦੱਸਿਆ ਹੈ। ਉਨ੍ਹਾਂ ਚਾਰਧਾਮ ਹਾਈਵੇ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਇਸ ਪ੍ਰਾਜੈਕਟ 'ਤੇ ਵਾਤਾਵਰਣ ਮਾਹਿਰਾਂ ਵੱਲੋਂ ਲਗਾਤਾਰ ਚਿਤਾਵਨੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ, ਪਰ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ। ਉਨ੍ਹਾਂ ਕਿਹਾ ਕਿ ਹਿਮਾਲੀਅਨ ਪਹਾੜ ਦੁਨੀਆਂ ਦੇ ਸਭ ਤੋਂ ਨਵੇਂ (ਯੰਗੈਸਟ) ਪਹਾੜ ਹਨ। ਦਰਖਤ ਕੱਟਣ, ਸੁਰੰਗਾਂ ਤੇ ਸੜਕਾਂ ਬਣਾਉਣ ਕਾਰਨ ਇਹ ਵੱਡੀ ਬਰਬਾਦੀ ਕਰ ਸਕਦੇ ਹਨ। ਸੁਨੀਤਾ ਨਰਾਇਣ ਨੇ ਕਿਹਾ ਕਿ ਮੌਜੂਦਾ ਵਿਕਾਸ ਮਾਡਲ ਮੁਕੰਮਲ ਤੌਰ 'ਤੇ ਫੇਲ੍ਹ ਹੈ। ਇਸ ਦੀ ਥਾਂ ਟਿਕਾਊ ਅਤੇ ਕੁਦਰਤ ਨਾਲ ਇਕਸੁਰਤਾ ਵਾਲਾ ਵਿਕਾਸ ਮਾਡਲ ਅਪਣਾਇਆ ਜਾਣਾ ਚਾਹੀਦਾ ਹੈ।

# ਬ੍ਰਿਟੇਨ ਤੋਂ ਤਿਹਾੜ ਲਿਆਂਦੇ ਜਾਣਗੇ ਵਿਜੇ ਮਾਲਿਆ ਅਤੇ ਨੀਰਵ ਮੋਦੀ?

***ਬ੍ਰਿਟਿਸ਼ ਅਫਸਰਾਂ ਨੇ ਤਿਹਾੜ ਜੇਲ੍ਹ ਦਾ ਕੀਤਾ ਨਿਰੀਖਣ**

ਪਿਛਲੇ ਕੁਝ ਦਹਾਕਿਆਂ ਤੋਂ ਭਾਰਤ ਲਈ ਇੱਕ ਵੱਡੀ ਚੁਣੌਤੀ ਆਪਣੇ ਭਗੌੜਿਆਂ ਨੂੰ ਵਿਦੇਸ਼ਾਂ ਵਿੱਚੋਂ ਵਾਪਸ ਲਿਆਉਣ ਦੀ ਰਹੀ ਹੈ। ਹੁਣ ਇੱਕ ਉਮੀਦ ਦੀ ਕਿਰਨ ਦਿਖਾਈ ਦਿੱਤੀ ਹੈ। ਸਮਾਚਾਰ ਏਜੰਸੀ ਏ.ਐਨ.ਆਈ. ਦੀ ਰਿਪੋਰਟ ਮੁਤਾਬਕ ਬ੍ਰਿਟੇਨ ਦੀ ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ (ਸੀ.ਪੀ.ਐਸ.) ਦੀ ਇੱਕ ਟੀਮ ਨੇ ਹਾਲ ਹੀ ਵਿੱਚ ਨਵੀਂ ਦਿੱਲੀ ਦੀ ਤਿਹਾੜ ਜੇਲ੍ਹ ਦਾ ਨਿਰੀਖਣ ਕੀਤਾ ਹੈ। ਇਹ ਕਦਮ ਵਿਜੇ ਮਾਲਿਆ ਅਤੇ ਨੀਰਵ ਮੋਦੀ ਵਰਗੇ ਭਗੌੜਿਆਂ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰ ਸਕਦਾ ਹੈ। ਇਹ ਦੋਵੇਂ ਵਪਾਰੀ ਭਾਰਤ ਵਿੱਚ ਵੱਡੇ-ਵੱਡੇ ਆਰਥਿਕ ਘੋਟਾਲਿਆਂ ਦੇ ਮੁੱਖ ਦੋਸ਼ੀ ਹਨ।

### ਨਿਰੀਖਣ ਦਾ ਮਕਸਦ

ਸੀ.ਪੀ.ਐਸ. ਦੀ ਟੀਮ ਨੇ ਤਿਹਾੜ ਜੇਲ੍ਹ ਦੇ ਉੱਚ-ਸੁਰੱਖਿਆ ਵਾਰਡ ਦਾ ਦੌਰਾ ਕੀਤਾ ਅਤੇ ਕੈਦੀਆਂ ਨਾਲ ਗੱਲਬਾਤ ਕੀਤੀ। ਭਾਰਤੀ ਅਧਿਕਾਰੀਆਂ ਨੇ ਇਸ ਟੀਮ ਨੂੰ ਭਰੋਸਾ ਦਿੱਤਾ ਕਿ ਵਾਪਸ ਕੀਤੇ ਜਾਣ ਵਾਲੇ ਅੰਤਰਰਾਸ਼ਟਰੀ ਭਗੌੜਿਆਂ ਨੂੰ ਸੁਰੱਖਿਅਤ ਅਤੇ ਮਨੁੱਖੀ ਸਥਿਤੀਆਂ ਵਿੱਚ ਰੱਖਿਆ ਜਾਵੇਗਾ। ਜ਼ਰੂਰਤ ਪੈਣ 'ਤੇ ਜੇਲ੍ਹ ਵਿੱਚ ਹਾਈ-ਪ੍ਰੋਫਾਈਲ ਕੈਦੀਆਂ ਲਈ ਇੱਕ ਵਿਸ਼ੇਸ਼ 'ਐਨਕਲੇਵ' (ਅਲੱਗ ਖੇਤਰ) ਬਣਾਇਆ ਜਾ ਸਕਦਾ ਹੈ। ਇਹ ਨਿਰੀਖਣ ਬ੍ਰਿਟਿਸ਼ ਅਦਾਲਤਾਂ ਦੇ ਪਹਿਲੋਂ ਦੇ ਇਤਰਾਜ਼ਾਂ ਤੋਂ ਬਾਅਦ ਹੋਇਆ, ਜਿਨ੍ਹਾਂ ਨੇ ਜੇਲ੍ਹ ਦੀਆਂ ਸਥਿਤੀਆਂ 'ਤੇ ਸਵਾਲ ਚੁੱਕਦਿਆਂ ਭਾਰਤ ਦੇ ਭਗੌੜਿਆਂ ਦੀ ਵਾਪਸੀ ਦੇ ਮੰਗ ਪੱਤਰਾਂ ਨੂੰ ਰੱਦ ਕਰ ਦਿੱਤਾ ਸੀ। ਇਸ ਨੂੰ ਹੱਲ ਕਰਨ ਲਈ ਭਾਰਤ ਨੇ ਗਾਰੰਟੀ ਦਿੱਤੀ ਹੈ ਕਿ ਕਿਸੇ ਵੀ ਮੁਲਜ਼ਮ ਤੋਂ ਨਾਜਾਇਜ਼ ਪੁੱਛਗਿੱਛ ਨਹੀਂ ਕੀਤੀ ਜਾਵੇਗੀ।

### ਵਿਜੇ ਮਾਲਿਆ ਤੇ ਨੀਰਵ ਮੋਦੀ ਦੇ ਮਾਮਲੇ

ਵਿਜੇ ਮਾਲਿਆ, ਜੋ ਸ਼ਰਾਬ ਦਾ ਵਪਾਰੀ ਹੈ, ਉਤੇ 9,000 ਕਰੋੜ ਰੁਪਏ ਤੋਂ ਵੱਧ ਦੇ ਬੈਂਕ ਲੋਨ ਨਾ ਚੁਕਾਉਣ ਦਾ ਦੋਸ਼ ਹੈ। ਨੀਰਵ ਮੋਦੀ, ਜੋ ਹੀਰੇ ਦਾ ਵਪਾਰੀ ਹੈ, 13,800 ਕਰੋੜ ਰੁਪਏ ਦੇ ਪੰਜਾਬ ਨੈਸ਼ਨਲ ਬੈਂਕ ਘੋਟਾਲੇ ਦਾ ਮੁੱਖ ਦੋਸ਼ੀ ਹੈ। ਨੀਰਵ ਮੋਦੀ ਨੂੰ ਮਾਰਚ 2019 ਵਿੱਚ ਲੰਡਨ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬ੍ਰਿਟੇਨ ਦੀ ਉੱਚ ਅਦਾਲਤ ਨੇ ਉਸ ਦੀ ਭਾਰਤ ਵਾਪਸੀ ਨੂੰ ਪਹਿਲਾਂ ਹੀ ਮਨਜ਼ੂਰੀ ਦੇ ਦਿੱਤੀ ਸੀ, ਪਰ ਉਹ ਅਜੇ ਵੀ ਹਿਰਾਸਤ ਵਿੱਚ ਹੈ। ਇਹ ਦੋਵੇਂ ਮਾਮਲੇ ਭਾਰਤ ਵਿੱਚ ਬਹੁਤ ਚਰਚਿਤ ਹਨ ਅਤੇ ਆਰਥਿਕ ਅਪਰਾਧਾਂ ਦੇ ਮੁੱਖ ਮਾਮਲੇ ਮੰਨੇ ਜਾਂਦੇ ਹਨ।

### ਭਾਰਤੀ ਭਗੌੜਿਆਂ ਦੀ ਵਾਪਸੀ ਦੇ ਮੰਗ ਪੱਤਰ

ਇਸ ਵੇਲੇ ਭਾਰਤ ਭਗੌੜਿਆਂ ਦੀ ਵਾਪਸੀ ਦੇ 178 ਮੰਗ ਪੱਤਰ ਵਿਦੇਸ਼ਾਂ ਵਿੱਚ ਪੈਂਡਿੰਗ ਹਨ, ਜਿਨ੍ਹਾਂ ਵਿੱਚੋਂ ਲਗਭਗ 20 ਯੂਨਾਈਟਡ ਕਿੰਗਡਮ (ਯੂ.ਕੇ.) ਵਿੱਚ ਹਨ। ਇਨ੍ਹਾਂ ਵਿੱਚ ਹਥਿਆਰ ਵਪਾਰੀ ਅਤੇ ਖਾਲਿਸਤਾਨੀ ਸੰਗਠਨਾਂ ਨਾਲ ਜੁੜੇ ਵਿਅਕਤੀ ਵੀ ਸ਼ਾਮਲ ਹਨ। ਇਹ ਮੁੱਦਾ ਸਿਰਫ ਵਿਜੇ ਮਾਲਿਆ ਅਤੇ ਨੀਰਵ ਮੋਦੀ ਤੱਕ ਸੀਮਤ ਨਹੀਂ, ਬਲਕਿ ਇਹ ਭਾਰਤ ਦੀ ਕਾਨੂੰਨੀ ਪ੍ਰਣਾਲੀ ਅਤੇ ਅੰਤਰਰਾਸ਼ਟਰੀ ਸਹਿਯੋਗ ਦੀ ਜਾਂਚ-ਪੜਤਾਲ ਦਾ ਮੁੱਦਾ ਵੀ ਬਣ ਗਿਆ ਹੈ।

ਬ੍ਰਿਟਿਸ਼ ਅਫਸਰਾਂ ਦੇ ਜੇਲ੍ਹ ਨਿਰੀਖਣ ਨਾਲ ਭਾਰਤ ਦੀਆਂ ਜੇਲ੍ਹਾਂ ਦੀਆਂ ਸੁਰੱਖਿਆ ਵਿਵਸਥਾਵਾਂ ਅਤੇ ਸਹੂਲਤਾਂ 'ਤੇ ਵਿਸ਼ਵਾਸ ਵਧ ਸਕਦਾ ਹੈ, ਪਰ ਕੁਝ ਮੁਸ਼ਕਿਲਾਂ ਅਜੇ ਵੀ ਖੜ੍ਹੀਆਂ ਹਨ। ਉਦਾਹਰਣ ਵਜੋਂ, ਜੇਲ੍ਹਾਂ ਵਿੱਚ ਅਧਿਕਾਰੀਆਂ ਦੀ ਕਮੀ ਅਤੇ ਸਹੂਲਤਾਂ ਦੀ ਘਾਟ ਹਮੇਸ਼ਾ ਚਰਚਾ ਦਾ ਵਿਸ਼ਾ ਰਹਿੰਦੀ ਹੈ। 2023 ਦੀ ਇੱਕ ਰਿਪੋਰਟ ਮੁਤਾਬਕ ਭਾਰਤੀ ਜੇਲ੍ਹਾਂ ਵਿੱਚ 1.5 ਲੱਖ ਤੋਂ ਵੱਧ ਕੈਦੀ ਹਨ, ਜਦਕਿ ਸਮਰੱਥਾ ਸਿਰਫ 1.2 ਲੱਖ ਹੈ, ਜਿਸ ਨਾਲ ਓਵਰਕ੍ਰਾਊਡਿੰਗ ਦੀ ਸਮੱਸਿਆ ਹੈ। ਇਸ ਤੋਂ ਇਲਾਵਾ ਜੇਲ੍ਹ ਵਿੱਚ ਸਿਹਤ ਸੇਵਾਵਾਂ ਅਤੇ ਸਾਫ਼-ਸਫਾਈ 'ਤੇ ਵੀ ਧਿਆਨ ਦੇਣ ਦੀ ਲੋੜ ਹੈ।

ਅਜਿਹੇ ਵਿੱਚ ਭਾਰਤ ਨੂੰ ਆਪਣੀ ਜੇਲ੍ਹ ਪ੍ਰਣਾਲੀ ਨੂੰ ਅੰਤਰਰਾਸ਼ਟਰੀ ਮਾਪਦੰਡਾਂ 'ਤੇ ਲਿਜਾਣ ਲਈ ਜ਼ਿਆਦਾ ਕੰਮ ਕਰਨ ਦੀ ਲੋੜ ਹੈ। ਇਹ ਸਿਰਫ ਮਾਲਿਆ ਅਤੇ ਮੋਦੀ ਦੇ ਮਾਮਲੇ ਨਹੀਂ, ਬਲਕਿ ਭਵਿੱਖ ਵਿੱਚ ਹੋਰ ਅੰਤਰਰਾਸ਼ਟਰੀ ਭਗੌੜਿਆਂ ਨਾਲ ਨਜਿੱਠਣ ਲਈ ਵੀ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਭਾਰਤ ਨੂੰ ਬ੍ਰਿਟੇਨ ਨਾਲ ਸਹਿਯੋਗ ਵਧਾਉਣ ਲਈ ਦੁਵੱਲੇ ਸਮਝੌਤਿਆਂ 'ਤੇ ਵੀ ਕੰਮ ਕਰਨਾ ਪਵੇਗਾ।

ਜੇ ਬ੍ਰਿਟੇਨ ਨੇ ਭਾਰਤੀ ਭਗੌੜਿਆਂ ਦੀ ਵਾਪਸੀ ਨੂੰ ਮਨਜ਼ੂਰੀ ਦੇ ਦਿੱਤੀ, ਤਾਂ ਇਹ ਭਾਰਤ ਲਈ ਇੱਕ ਵੱਡੀ ਜਿੱਤ ਹੋਵੇਗੀ। ਮਾਲਿਆ ਅਤੇ ਮੋਦੀ ਦਾ ਵਾਪਸ ਆਉਣਾ ਆਰਥਿਕ ਅਪਰਾਧਾਂ 'ਤੇ ਕਠੋਰ ਕਾਰਵਾਈ ਦਾ ਸੰਦੇਸ਼ ਦੇਵੇਗਾ। ਹਾਲਾਂਕਿ ਇਹ ਪ੍ਰਕਿਰਿਆ ਸੌਖੀ ਨਹੀਂ ਹੈ। ਬ੍ਰਿਟਿਸ਼ ਅਦਾਲਤਾਂ ਵਿੱਚ ਅਜੇ ਵੀ ਕਾਨੂੰਨੀ ਪ੍ਰਕਿਰਿਆਵਾਂ ਲੰਬੀਆਂ ਹੋ ਸਕਦੀਆਂ ਹਨ। ਇਸ ਲਈ ਭਾਰਤ ਨੂੰ ਆਪਣੀ ਤਿਆਰੀ ਬਰਕਰਾਰ ਰੱਖਣੀ ਪਵੇਗੀ ਅਤੇ ਜੇਲ੍ਹ ਸੁਧਾਰਾਂ 'ਤੇ ਜ਼ੋਰ ਦੇਣਾ ਪਵੇਗਾ।

ਇਸ ਦੇ ਨਾਲ-ਨਾਲ ਇਹ ਮਾਮਲਾ ਸਿਰਫ ਵਿਅਕਤੀਗਤ ਦੋਸ਼ੀਆਂ ਤੱਕ ਸੀਮਤ ਨਹੀਂ। ਇਹ ਭਾਰਤ ਦੀ ਆਰਥਿਕ ਸੁਰੱਖਿਆ ਅਤੇ ਅੰਤਰਰਾਸ਼ਟਰੀ ਸਨਮਾਨ ਨਾਲ ਜੁੜਿਆ ਹੈ। ਜੇਲ੍ਹਾਂ ਵਿੱਚ ਸੁਧਾਰ, ਸੁਰੱਖਿਆ ਵਧਾਉਣ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨ ਨਾਲ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ। ਇਹ ਪ੍ਰਕਿਰਿਆ ਸਿਰਫ ਸਜ਼ਾ ਦੇਣ ਤੱਕ ਸੀਮਤ ਨਹੀਂ, ਬਲਕਿ ਭਾਰਤ ਦੀ ਕਾਨੂੰਨੀ ਪ੍ਰਣਾਲੀ ਦੀ ਮਜ਼ਬੂਤੀ ਦਾ ਪ੍ਰਤੀਕ ਵੀ ਹੈ।

# ਪੀ.ਸੀ.ਐਸ. ਸ਼ਿਕਾਗੋ ਵੱਲੋਂ 'ਪੰਜਾਬ' ਵਿਸ਼ੇ 'ਤੇ ਭਾਸ਼ਣ ਮੁਕਾਬਲੇ

**ਸ਼ਿਕਾਗੋ:** ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ ਵੱਲੋਂ ਨੈਸ਼ਨਲ ਇੰਡੀਆ ਹੱਬ (ਸ਼ਾਮਬਰਗ) ਵਿਖੇ ਲੰਘੀ 7 ਸਤੰਬਰ ਨੂੰ ਨੌਜਵਾਨਾਂ ਲਈ 'ਭਾਸ਼ਣ ਮੁਕਾਬਲੇ' ਆਯੋਜਿਤ ਕੀਤੇ ਗਏ। ਭਾਸ਼ਣਾਂ ਦਾ ਵਿਸ਼ਾ 'ਪੰਜਾਬ' ਸੀ। ਇਹ ਭਾਸ਼ਣ ਮੁਕਾਬਲੇ ਐਲੀਮੈਂਟਰੀ, ਮਿਡਲ ਅਤੇ ਹਾਈ ਸਕੂਲ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਸਨ। ਪ੍ਰੋਗਰਾਮ ਵਿੱਚ ਵੱਖ-ਵੱਖ ਸਕੂਲਾਂ ਦੇ ਪੰਜਾਬੀ ਭਾਈਚਾਰੇ ਦੇ ਨੌਜਵਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੇ ਭਾਸ਼ਣ ਹੁਨਰ ਤੇ ਜਨਤਕ ਭਾਸ਼ਣ ਪ੍ਰਤੀ ਜਨੂੰਨ ਦਾ ਪ੍ਰਦਰਸ਼ਨ ਕੀਤਾ। ਭਾਗੀਦਾਰਾਂ ਨੂੰ ਪੰਜਾਬੀ, ਅੰਗਰੇਜ਼ੀ ਜਾਂ ਹਿੰਦੀ ਵਿੱਚ ਬੋਲਣ ਦੀ ਇਜਾਜ਼ਤ ਦਿੱਤੀ ਗਈ ਸੀ। ਵਿਦਿਆਰਥੀਆਂ ਦੀ ਹਰੇਕ ਸ਼੍ਰੇਣੀ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਬੇਮਿਸਾਲ ਪ੍ਰਤਿਭਾ ਅਤੇ ਸਖ਼ਤ ਮਿਹਨਤ ਨੂੰ ਮਾਨਤਾ ਦਿੰਦੇ ਹੋਏ ਨਕਦ ਇਨਾਮ ਦਿੱਤੇ ਗਏ।

ਹਾਈ ਸਕੂਲ ਵਰਗ ਵਿੱਚ ਅਵਾ ਕੌਰ ਸਿਲਵਰਸਟਾਈਨ ਨੇ ਪਹਿਲਾ ਸਥਾਨ, ਜਸਕੀਰਤ ਸਿੰਘ ਸੂਦਨ ਤੇ ਅਵਨੀ ਕੌਰ ਨੇ ਦੂਜਾ ਸਥਾਨ ਅਤੇ ਹਰਸਿਮਰਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਮਿਡਲ ਸਕੂਲ ਵਰਗ ਵਿੱਚ ਪਹਿਲਾ ਸਥਾਨ ਨਤਾਲੀਆ ਕੁਮਾਰ, ਦੂਜਾ ਸਥਾਨ ਸੁਖਮੀਤ ਕੌਰ ਅਤੇ ਤੀਜਾ ਸਥਾਨ ਨਵਰੂਪ ਕੌਰ ਨੂੰ ਮਿਲਿਆ। ਐਲੀਮੈਂਟਰੀ ਸਕੂਲ ਸ਼੍ਰੇਣੀ ਵਿੱਚ ਖੇਮ ਕੌਰ ਸੋਹੀ ਪਹਿਲੇ ਸਥਾਨ 'ਤੇ ਰਹੀ, ਜਦਕਿ ਦੂਜੇ ਸਥਾਨ 'ਤੇ ਪ੍ਰਭਦੀਪ ਸਿੰਘ ਮਾਕਨ ਅਤੇ ਤੀਜੇ ਸਥਾਨ 'ਤੇ ਸਿਮਰਦੀਪ ਸਿੰਘ ਮਾਕਨ ਰਹੇ।




ਇਸ ਮੁਕਾਬਲੇ ਵਿੱਚ ਡਾ. ਅਮਰੀਕ ਸਿੰਘ ਸੋਹੀ, ਹਰਿੰਦਰਪਾਲ ਸਿੰਘ ਅਤੇ ਸਤਿਨਾਮ ਸਿੰਘ ਮਾਗੋ ਨੇ ਬਤੌਰ ਜੱਜ ਭੂਮਿਕਾ ਨਿਭਾਈ। ਉਨ੍ਹਾਂ ਨੇ ਬੱਚਿਆਂ ਦੇ ਭਾਸ਼ਣਾਂ ਦਾ ਮੁਲੰਕਣ ਕੀਤਾ ਅਤੇ ਭਾਗੀਦਾਰਾਂ ਨੂੰ ਕੀਮਤੀ ਫੀਡਬੈਕ ਦਿੱਤਾ। ਇਸ ਮੌਕੇ ਜੱਜਾਂ ਨੇ ਆਪਣੀਆਂ ਟਿੱਪਣੀਆਂ ਸਾਂਝੀਆਂ ਕੀਤੀਆਂ, ਭਾਗੀਦਾਰਾਂ ਦੀ ਉਨ੍ਹਾਂ ਦੇ ਸਮਰਪਣ ਅਤੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਲਈ ਪ੍ਰਸ਼ੰਸਾ ਕੀਤੀ।

ਇਲੀਨਾਏ ਸਟੇਟ ਪ੍ਰਤੀਨਿਧੀ (ਜ਼ਿਲ੍ਹਾ 56) ਮਿਸ਼ੇਲ ਮੁਸਮੈਨ ਨੇ ਇਸ ਪ੍ਰੋਗਰਾਮ ਵਿੱਚ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਤੀਨਿਧੀ ਮੁਸਮੈਨ ਨੇ ਪ੍ਰਤੀਯੋਗੀਆਂ ਨੂੰ ਸੰਬੋਧਨ ਕਰਨ ਸਮੇਂ ਉਨ੍ਹਾਂ ਨੂੰ ਉਤਸ਼ਾਹਿਤ ਕਰਦਿਆਂ ਪ੍ਰੇਰਨਾ ਭਰੇ ਸ਼ਬਦਾਂ ਦੀ ਸਾਂਝ ਪਾਈ ਅਤੇ ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਉਨ੍ਹਾਂ ਨੇ ਹਰੇਕ ਸ਼੍ਰੇਣੀ ਦੇ ਜੇਤੂਆਂ ਨੂੰ ਸਰਟੀਫਿਕੇਟ ਤੇ ਪੁਰਸਕਾਰ ਤਕਸੀਮ ਕੀਤੇ ਅਤੇ ਸਾਰੇ ਭਾਗੀਦਾਰਾਂ ਨੂੰ ਪ੍ਰਸ਼ੰਸਾ ਪੱਤਰ ਵੀ ਵੰਡੇ।

ਇਹ ਪ੍ਰੋਗਰਾਮ ਪੀ.ਸੀ.ਐਸ. ਬੋਰਡ ਆਫ਼ ਟਰੱਸਟੀਜ਼ ਦੁਆਰਾ ਪ੍ਰਧਾਨ ਨਵਤੇਜ ਸਿੰਘ ਸੋਹੀ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ। ਨਤੀਜਿਆਂ ਦਾ ਐਲਾਨ ਸੰਸਥਾ ਦੇ ਨਮਾਇੰਦੇ ਗੁਰਲਾਲ ਸਿੰਘ ਭੱਠਲ ਨੇ ਕੀਤਾ। ਇਸ ਮੌਕੇ ਬੱਚਿਆਂ ਦੇ ਮਾਪੇ, ਭਾਈਚਾਰੇ ਦੇ ਹੋਰ ਪਤਵੰਤੇ ਸੱਜਣ ਅਤੇ ਸੰਸਥਾ ਦੇ ਨੁਮਾਇੰਦੇ ਹਾਜ਼ਰ ਸਨ। ਪ੍ਰੋਗਰਾਮ ਦੇ ਅਖੀਰ ਵਿੱਚ ਭਾਗੀਦਾਰਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਮਹਿਮਾਨਾਂ ਲਈ ਸੁਆਦੀ ਪੀਜ਼ਾ ਪਰੋਸਿਆ ਗਿਆ। ਜ਼ਿਕਰਯੋਗ ਹੈ ਕਿ ਪੀ.ਸੀ.ਐਸ. ਇੱਕ ਗੈਰ-ਮੁਨਾਫ਼ਾ ਸਵੈ-ਇੱਛੁਕ ਭਾਈਚਾਰਕ ਸੇਵਾ ਸੰਸਥਾ ਹੈ, ਜੋ ਪੰਜਾਬੀ ਸੱਭਿਆਚਾਰ, ਪ੍ਰਦਰਸ਼ਨ ਕਲਾ, ਭਾਸ਼ਾ, ਸਿੱਖਿਆ, ਖੇਡਾਂ ਅਤੇ ਚੰਗੀ ਨਾਗਰਿਕਤਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ।






ਤਸਵੀਰਾਂ: ਏਸ਼ੀਅਨ ਮੀਡੀਆ





17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ



BOLLYWOOD Grill
Restaurant - Bar - Banquet
1038 N. Jackson St,
Milwaukee, WI 53202

We Also Provide
Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913
ਜਾਂ 414-588-3325

# ਲਾਲ ਸਾਗਰ ਵਿੱਚ ਫਾਈਬਰ ਆਪਟਿਕ ਕੇਬਲ ਟੁੱਟਣ ਕਾਰਨ ਇੰਟਰਨੈਟ ਸੰਕਟ

**ਪੰਜਾਬੀ ਪਰਵਾਜ਼ ਬਿਊਰੋ**

ਲਾਲ ਸਾਗਰ (ਇਹ ਅਫਰੀਕਾ ਅਤੇ ਏਸ਼ੀਆ ਵਿਚਕਾਰ ਹਿੰਦ ਮਹਾਂਸਾਗਰ ਦਾ ਪ੍ਰਵੇਸ਼ ਦੁਆਰ ਹੈ) ਦੇ ਅੰਦਰ ਬਿਛੀਆਂ ਫਾਈਬਰ ਆਪਟਿਕ ਕੇਬਲਾਂ ਵਿੱਚ ਵਿਗਾੜ ਆ ਗਿਆ ਹੈ, ਜਿਸ ਕਾਰਨ ਦੁਨੀਆਂ ਭਰ ਵਿੱਚ ਇੰਟਰਨੈਟ ਦੀ ਸਪੀਡ ਘਟ ਗਈ ਹੈ। ਇਸ ਸਮੱਸਿਆ ਨੇ ਕਈ ਦੇਸ਼ਾਂ ਵਿੱਚ ਇੰਟਰਨੈਟ ਸੇਵਾਵਾਂ ਨੂੰ ਪ੍ਰਭਾਵਿਤ ਕੀਤਾ ਹੈ। ਮਾਈਕ੍ਰੋਸਾਫਟ ਨੇ ਆਪਣੀ ਸਟੇਟਸ ਵੈਬਸਾਈਟ ਰਾਹੀਂ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਲਾਲ ਸਾਗਰ ਵਿੱਚ ਸਮੁੰਦਰ ਦੀ ਤਲਹਟੀ ਵਿੱਚ ਫਾਈਬਰ ਕੇਬਲਾਂ ਦੇ ਟੁੱਟਣ ਕਾਰਨ ਇੰਟਰਨੈਟ ਦੀ ਸਪੀਡ ਵਿੱਚ ਕਮੀ ਅਤੇ ਸੁਸਤੀ (latency) ਦੀ ਸਮੱਸਿਆ ਪੈਦਾ ਹੋ ਰਹੀ ਹੈ।

ਕੀ ਤੁਸੀਂ ਵੀ ਆਪਣੇ ਸਮਾਰਟਫੋਨ, ਕੰਪਿਊਟਰ ਜਾਂ ਲੈਪਟਾਪ ਵਿੱਚ ਇੰਟਰਨੈਟ ਦੀ ਸਪੀਡ ਘੱਟ ਹੋਣ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ? ਜੇਕਰ ਹਾਂ, ਤਾਂ ਇਹ ਸਿਰਫ਼ ਤੁਹਾਡੇ ਨੈਟਵਰਕ ਦੀ ਸਮੱਸਿਆ ਨਹੀਂ ਹੈ। ਦੁਨੀਆਂ ਭਰ ਵਿੱਚ ਕਰੋੜਾਂ ਲੋਕ ਇਸ ਸਮੱਸਿਆ ਨਾਲ ਜੂਝ ਰਹੇ ਹਨ। ਇਸ ਦਾ ਮੁੱਖ ਕਾਰਨ ਲਾਲ ਸਮੁੰਦਰ ਦੀਆਂ ਫਾਈਬਰ ਆਪਟਿਕ ਕੇਬਲਾਂ ਦਾ ਖਰਾਬ ਹੋਣਾ ਹੈ।

### ਮਾਈਕ੍ਰੋਸਾਫਟ ਦੀਆਂ ਸੇਵਾਵਾਂ 'ਤੇ ਅਸਰ

ਇਸ ਸਮੱਸਿਆ ਦਾ ਅਸਰ ਮਾਈਕ੍ਰੋਸਾਫਟ ਦੀ ਕਲਾਊਡ ਸੇਵਾ Azure 'ਤੇ ਵੀ ਪਿਆ ਹੈ। ਮਾਈਕ੍ਰੋਸਾਫਟ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਲਾਲ ਸਾਗਰ ਵਿੱਚ ਬਿਛੀਆਂ ਕੇਬਲਾਂ ਦੇ ਖਰਾਬ ਹੋਣ ਕਾਰਨ ਇੰਟਰਨੈਟ ਸਪੀਡ 'ਤੇ ਅਸਰ ਪਿਆ ਹੈ, ਜਿਸ ਨਾਲ ਯੂਜ਼ਰਸ ਨੂੰ ਸੁਸਤ ਇੰਟਰਨੈਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਬਲਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਪਰ ਇਸ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਮੁਰੰਮਤ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਤਕਨੀਕੀ ਟੀਮਾਂ ਦਿਨ-ਰਾਤ ਕੰਮ ਕਰ ਰਹੀਆਂ ਹਨ।

### ਯੂਰਪ ਤੇ ਏਸ਼ੀਆ ਵਿਚਾਲੇ ਸੰਪਰਕ 'ਤੇ ਅਸਰ

ਇੰਟਰਨੈਟ ਦੀ ਪਹੁੰਚ 'ਤੇ ਨਜ਼ਰ ਰੱਖਣ ਵਾਲੀ ਸੰਸਥਾ Netblocks ਨੇ ਕਿਹਾ ਹੈ ਕਿ ਲਾਲ ਸਮੁੰਦਰ ਵਿੱਚ ਕੇਬਲਾਂ ਦੇ ਆਊਟੇਜ ਨੇ ਕਈ ਦੇਸ਼ਾਂ ਦੀ ਇੰਟਰਨੈਟ ਕਨੈਕਟੀਵਿਟੀ ਨੂੰ ਪ੍ਰਭਾਵਿਤ ਕੀਤਾ ਹੈ। ਖਾਸ ਤੌਰ 'ਤੇ ਯੂਰਪ ਅਤੇ ਏਸ਼ੀਆ ਵਿਚਕਾਰ ਇੰਟਰਨੈਟ ਸਪੀਡ ਕਾਫੀ ਸੁਸਤ ਹੋ ਗਈ ਹੈ। ਲਾਲ ਸਮੁੰਦਰ ਵਿੱਚ ਬਿਛੀਆਂ ਫਾਈਬਰ ਆਪਟਿਕ ਕੇਬਲਾਂ ਗਲੋਬਲ ਇੰਟਰਨੈਟ ਕਨੈਕਟੀਵਿਟੀ ਦਾ ਮੁੱਖ ਹਿੱਸਾ ਹਨ। ਇਹ ਕੇਬਲਾਂ ਏਸ਼ੀਆ, ਯੂਰਪ ਅਤੇ ਹੋਰ ਮਹਾਂਦੀਪਾਂ ਨੂੰ ਇੰਟਰਨੈਟ ਨਾਲ ਜੋੜਦੀਆਂ ਹਨ।

### ਪ੍ਰਭਾਵਿਤ ਕੇਬਲਾਂ ਅਤੇ ਟ੍ਰੈਫਿਕ

ਇੱਕ ਰਿਪੋਰਟ ਅਨੁਸਾਰ ਖਰਾਬ ਹੋਈਆਂ ਕੇਬਲਾਂ ਵਿੱਚ SEACOM/TGN-EA, AAE-1, ਅਤੇ EIG ਵਰਗੇ ਸਿਸਟਮ ਸ਼ਾਮਲ ਹਨ। ਇਸ ਸਮੱਸਿਆ ਕਾਰਨ ਦੁਨੀਆਂ ਭਰ ਦੇ ਇੰਟਰਨੈਟ ਟ੍ਰੈਫਿਕ ਦਾ 17% ਹਿੱਸਾ ਪ੍ਰਭਾਵਿਤ ਹੋਇਆ ਹੈ। ਇਹ ਇੱਕ ਵੱਡੀ ਸਮੱਸਿਆ ਹੈ, ਕਿਉਂਕਿ ਇਹ ਕੇਬਲਾਂ ਗਲੋਬਲ ਡਾਟਾ ਟ੍ਰਾਂਸਫਰ ਦਾ ਮੁੱਖ ਸਾਧਨ ਹਨ।

ਲਾਲ ਸਾਗਰ ਵਿੱਚ ਕੇਬਲਾਂ ਦੇ ਖਰਾਬ ਹੋਣ ਦਾ ਸਹੀ ਕਾਰਨ ਅਜੇ ਸਪਸ਼ਟ ਨਹੀਂ ਹੈ। ਅਧਿਕਾਰੀ ਇਸ ਦੀ ਜਾਂਚ ਕਰ ਰਹੇ ਹਨ। ਪਿਛਲੇ ਅਜਿਹੇ ਮਾਮਲਿਆਂ ਵਿੱਚ ਸਮੁੰਦਰੀ ਜਹਾਜ਼ਾਂ ਦੁਆਰਾ ਸੁੱਟੇ ਗਏ ਐਂਕਰਾਂ ਨੂੰ ਕੇਬਲਾਂ ਦੇ ਟੁੱਟਣ ਦਾ ਕਾਰਨ ਮੰਨਿਆ ਗਿਆ ਸੀ। ਇਸ ਤੋਂ ਇਲਾਵਾ ਕੁਦਰਤੀ ਆਫਤਾਂ ਜਿਵੇਂ ਕਿ ਸਮੁੰਦਰੀ ਭੂਚਾਲ ਜਾਂ ਸਮੁੰਦਰੀ ਤਲ ਵਿੱਚ ਹੋਣ ਵਾਲੀਆਂ ਹਰਕਤਾਂ ਵੀ ਅਜਿਹੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ।

### ਫਾਈਬਰ ਆਪਟਿਕ ਕੇਬਲਾਂ ਦੀ ਮਹੱਤਤਾ

ਫਾਈਬਰ ਆਪਟਿਕ ਕੇਬਲਾਂ ਆਧੁਨਿਕ ਸੰਚਾਰ ਦੀ ਰੀੜ੍ਹ ਦੀ ਹੱਡੀ ਹਨ। ਇਹ ਕੇਬਲਾਂ ਸਮੁੰਦਰ ਦੀ ਤਲਹਟੀ ਵਿੱਚ ਬਿਛਾਈਆਂ ਜਾਂਦੀਆਂ ਹਨ ਅਤੇ ਦੁਨੀਆਂ ਭਰ ਵਿੱਚ ਡਾਟਾ ਟ੍ਰਾਂਸਫਰ ਦਾ ਮੁੱਖ ਸਾਧਨ ਹਨ। ਲਾਲ ਸਮੁੰਦਰ ਵਰਗੇ ਖੇਤਰ, ਜੋ ਏਸ਼ੀਆ, ਯੂਰਪ ਅਤੇ ਅਫਰੀਕਾ ਨੂੰ ਜੋੜਦੇ ਹਨ, ਵਿੱਚ ਇਹ ਕੇਬਲਾਂ ਖਾਸ ਤੌਰ 'ਤੇ ਮਹੱਤਵਪੂਰਨ ਹਨ। ਇਨ੍ਹਾਂ ਕੇਬਲਾਂ ਦੁਆਰਾ ਹੀ ਵੱਡੀ ਮਾਤਰਾ ਵਿੱਚ ਡਾਟਾ, ਜਿਵੇਂ ਕਿ ਵੀਡੀਓ ਸਟ੍ਰੀਮਿੰਗ, ਕਲਾਊਡ ਸੇਵਾਵਾਂ ਅਤੇ ਆਨਲਾਈਨ ਸੰਚਾਰ, ਸੰਭਵ ਹੁੰਦਾ ਹੈ।

### ਗਲੋਬਲ ਅਸਰ

ਇਸ ਸਮੱਸਿਆ ਦਾ ਅਸਰ ਸਿਰਫ਼ ਇੰਟਰਨੈਟ ਸਪੀਡ 'ਤੇ ਹੀ ਨਹੀਂ, ਸਗੋਂ ਆਰਥਿਕ ਅਤੇ ਸਮਾਜਿਕ ਗਤੀਵਿਧੀਆਂ 'ਤੇ ਵੀ ਪਿਆ ਹੈ। ਅੱਜ ਦੇ ਡਿਜੀਟਲ ਯੁੱਗ ਵਿੱਚ ਜਿੱਥੇ ਵਪਾਰ, ਸਿੱਖਿਆ ਅਤੇ ਸੰਚਾਰ ਸਭ ਕੁਝ ਇੰਟਰਨੈਟ 'ਤੇ ਨਿਰਭਰ ਕਰਦਾ ਹੈ, ਅਜਿਹੀ ਸਮੱਸਿਆ ਵੱਡੇ ਪੈਮਾਨੇ 'ਤੇ ਨੁਕਸਾਨ ਪਹੁੰਚਾ ਸਕਦੀ ਹੈ। ਖਾਸ ਤੌਰ 'ਤੇ ਈ-ਕਾਮਰਸ ਕੰਪਨੀਆਂ, ਆਨਲਾਈਨ ਸਿੱਖਿਆ ਪਲੇਟਫਾਰਮ ਅਤੇ ਕਲਾਊਡ-ਆਧਾਰਿਤ ਸੇਵਾਵਾਂ ਨੂੰ ਇਸ ਦਾ ਸਿੱਧਾ ਅਸਰ ਸਹਿਣਾ ਪੈ ਰਿਹਾ ਹੈ।

### ਮੁਰੰਮਤ ਦੀ ਪ੍ਰਕਿਰਿਆ

ਕੇਬਲਾਂ ਦੀ ਮੁਰੰਮਤ ਇੱਕ ਗੁੰਝਲਦਾਰ ਅਤੇ ਸਮਾਂ ਮੰਗਣ ਵਾਲੀ ਪ੍ਰਕਿਰਿਆ ਹੈ। ਇਸ ਵਿੱਚ ਵਿਸ਼ੇਸ਼ ਸਮੁੰਦਰੀ ਜਹਾਜ਼ਾਂ ਅਤੇ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਸਮੁੰਦਰ ਦੀ ਤਲਹਟੀ ਵਿੱਚ ਜਾ ਕੇ ਖਰਾਬ ਹੋਈਆਂ ਕੇਬਲਾਂ ਦੀ ਪਛਾਣ ਕਰਨੀ ਅਤੇ ਉਨ੍ਹਾਂ ਨੂੰ ਠੀਕ ਕਰਨਾ ਆਸਾਨ ਕੰਮ ਨਹੀਂ ਹੈ। ਮੁਰੰਮਤ ਦੀ ਇਸ ਪ੍ਰਕਿਰਿਆ ਵਿੱਚ ਹਫਤੇ ਜਾਂ ਮਹੀਨੇ ਵੀ ਲੱਗ ਸਕਦੇ ਹਨ, ਜਿਸ ਕਾਰਨ ਇੰਟਰਨੈਟ ਸੇਵਾਵਾਂ 'ਤੇ ਅਸਰ ਅਜੇ ਕੁਝ ਸਮੇਂ ਤੱਕ ਜਾਰੀ ਰਹਿ ਸਕਦਾ ਹੈ। ਅਧਿਕਾਰੀ ਅਤੇ ਤਕਨੀਕੀ ਟੀਮਾਂ ਇਸ ਸਮੱਸਿਆ ਦੇ ਹੱਲ ਲਈ ਲਗਾਤਾਰ ਕੰਮ ਕਰ ਰਹੀਆਂ ਹਨ। ਇਸ ਦੌਰਾਨ ਇੰਟਰਨੈਟ ਸੇਵਾ ਕੰਪਨੀਆਂ ਨੂੰ ਬਦਲਵੇਂ ਰੂਟਸ ਅਤੇ ਬੈਕਅੱਪ ਸਿਸਟਮਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ। ਨਾਲ ਹੀ ਭਵਿੱਖ ਵਿੱਚ ਅਜਿਹੀਆਂ ਸਮੱਸਿਆਵਾਂ ਤੋਂ ਬਚਣ ਲਈ ਵਧੇਰੇ ਮਜ਼ਬੂਤ ਅਤੇ ਵਿਭਿੰਨ ਇੰਟਰਨੈਟ ਬੁਨਿਆਦੀ ਢਾਂਚੇ ਦੀ ਲੋੜ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਫਾਈਬਰ ਆਪਟਿਕ ਕੇਬਲਾਂ ਦੇ ਟੁੱਟਣ ਨੇ ਗਲੋਬਲ ਇੰਟਰਨੈਟ ਸੰਪਰਕ 'ਤੇ ਵੱਡਾ ਅਸਰ ਪਾਇਆ ਹੈ। ਇਹ ਸਮੱਸਿਆ ਸਾਨੂੰ ਇੰਟਰਨੈਟ ਦੇ ਬੁਨਿਆਦੀ ਢਾਂਚੇ ਦੀ ਮਹੱਤਤਾ ਤੇ ਇਸ ਦੀ ਸੁਰੱਖਿਆ ਦੀ ਲੋੜ ਨੂੰ ਸਮਝਾਉਂਦੀ ਹੈ। ਅਜਿਹੀਆਂ ਘਟਨਾਵਾਂ ਭਵਿੱਖ ਵਿੱਚ ਵੀ ਸਾਹਮਣੇ ਆ ਸਕਦੀਆਂ ਹਨ, ਇਸ ਲਈ ਸਾਨੂੰ ਵਧੇਰੇ ਲਚਕੀਲੇ ਤੇ ਭਰੋਸੇਮੰਦ ਸੰਚਾਰ ਨੈਟਵਰਕਸ ਦੀ ਲੋੜ ਹੈ।

## ....'ਭੰਗੜਾ ਰਾਈਮਜ਼-ਵਿਰਸਾ ਨਾਈਟ' ਦੀ ਧੁੰਮ

ਦੇ ਸਫਰ ਦਾ ਵੇਰਵਾ ਸਾਂਝਾ ਕਰਦਿਆਂ ਮਿਲੇ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸੱਭਿਆਚਾਰ ਦੀ ਸੇਵਾ ਹਿੱਤ ਉਨ੍ਹਾਂ ਨੇ ਡੇਢ ਸੌ ਦੇ ਕਰੀਬ ਪਰਿਵਾਰ ਆਪਣੀ ਸੰਸਥਾ ਨਾਲ ਜੋੜੇ ਹਨ। ਇਸ ਮੌਕੇ ਕੌਮਾਂਤਰੀ ਹਾਕੀ ਪਲੇਅਰ ਹਰਜਿੰਦਰ ਸਿੰਘ ਚਾਹਲ ਅਤੇ ਹੈਮਰ ਥਰੋਅਰ ਰਘਵੀਰ ਸਿੰਘ ਬੱਲ ਦਾ ਮਾਣ-ਤਾਣ ਕਰਦਿਆਂ ਉਨ੍ਹਾਂ ਵੱਲੋਂ ਭਾਰਤ ਪੱਧਰ 'ਤੇ ਮਾਰੀਆਂ ਗਈਆਂ ਮੱਲਾਂ ਬਾਰੇ ਵੀ ਲੋਕਾਂ ਨੂੰ ਦੱਸਿਆ ਗਿਆ ਕਿ ਸ਼ਿਕਾਗੋ/ਮਿਲਵਾਕੀ ਦੇ ਅਸਲੀ ਹੀਰੋ ਇਹ ਹਨ।

ਅਮਨ ਕੁਲਾਰ ਨੇ ਹਾਜ਼ਰੀਨ ਨਾਲ ਸ਼ਿਕਾਗੋ ਦੇ ਬਿਜਨਸਮੈਨ ਪਰਮਿੰਦਰ ਸਿੰਘ ਵਾਲੀਆ ਦਾ ਤੁਆਰਫ ਕਰਵਾਇਆ ਕਿ ਇਹ ਸ਼ਿਕਾਗੋ ਵਿੱਚ ਪਹਿਲੇ ਭੰਗੜਾ ਕਲਾਕਾਰਾਂ ਵਿੱਚ ਸ਼ੁਮਾਰ ਸਨ, ਜਿਨ੍ਹਾਂ ਨੇ ਭੰਗੜੇ ਦੀ ਜਾਗ ਲਾਈ। ਇਸ ਮੌਕੇ ਬੋਲਦਿਆਂ ਪਰਮਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਸਾਨੂੰ ਲੱਗਦਾ ਸੀ ਸ਼ਿਕਾਗੋ ਵਿੱਚ ਭੰਗੜਾ ਗਵਾਚ ਗਿਆ ਹੈ, ਪਰ ਅਮਨ ਕੁਲਾਰ ਨੇ ਇਸ ਨੂੰ ਸੰਭਾਲ ਲਿਆ ਹੈ ਅਤੇ ਸਾਬਤ ਕਰ ਦਿੱਤਾ ਹੈ ਕਿ ਉਹ ਇਸ ਵਿੱਚ ਪਰਪੱਕ ਹੈ। ਡਾ. ਹਰਜਿੰਦਰ ਸਿੰਘ ਖਹਿਰਾ ਨੇ ਅਮਨ ਕੁਲਾਰ ਦੇ ਭੰਗੜਾ ਉਦਮਾਂ ਦੀ ਪ੍ਰਸ਼ੰਸਾ ਵਿੱਚ ਕਿਹਾ ਕਿ ਇਹ ਇੱਕ ਚਲਦੀ-ਫਿਰਦੀ ਯੂਨੀਵਰਸਿਟੀ ਹੈ। ਬਲਜਿੰਦਰ ਢਿੱਲੋਂ, ਨਾਗਰਾ ਤੇ ਢਿੱਲੋਂ ਪਰਿਵਾਰ, ਡਾ. ਮਨਪ੍ਰੀਤ ਸਿੰਘ, ਅਮਨ ਸਿੰਘ ਵਰਮਾ, ਸ਼ੇਰੇ ਪੰਜਾਬ ਸ਼ਿਕਾਗੋ, ਹੈਪੀ ਹੀਰ, ਲੱਕੀ ਸਹੋਤਾ, ਰੇਹਾਨ (ਕੈਫੇ ਇੰਡੀਆ), ਦੀਦਾਰ ਸਿੰਘ ਧਨੋਆ, ਗੁਰਦੁਆਰਾ ਬਰੁੱਕਫੀਲਡ ਦੇ ਪ੍ਰਧਾਨ ਸੁਰਜੀਤ ਸਿੰਘ ਤੂਰ ਤੇ ਡਾ. ਗੁਰਚਰਨ ਸਿੰਘ ਗਰੇਵਾਲ ਆਦਿ ਨੇ ਵੀ ਸਹਿਯੋਗ ਦਿੰਦਿਆਂ ਪ੍ਰੋਗਰਾਮ ਦੀ ਸ਼ਲਾਘਾ ਕੀਤੀ।




**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

**Futurity First Insurance Group**


**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।


**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਪੰਜਾਬੀ ਸਕੂਲ ਕਰਾਊਨ ਪੁਆਇੰਟ ਦੇ ਬੱਚਿਆਂ ਦੀ ਪਲੇਠੀ ਪਿਕਨਿਕ





**ਕਰਾਊਨ ਪੁਆਇੰਟ, ਇੰਡੀਆਨਾ:** ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਸਰੀਰਿਕ ਗਤੀਵਿਧੀਆਂ ਨਾਲ ਜੋੜਨ ਦਾ ਉਪਰਾਲਾ ਬੇਹੱਦ ਸ਼ਲਾਘਾਯੋਗ ਹੈ, ਇਸ ਨਾਲ ਬੱਚੇ ਆਪਣੇ ਵਿਰਸੇ ਬਾਰੇ ਨਾਲ ਤਾਂ ਜਾਣਦੇ ਹੀ ਹਨ, ਸਗੋਂ ਉਨ੍ਹਾਂ ਵਿਚ ਦੇਸੀ (ਰਵਾਇਤੀ) ਅਤੇ ਵਿਦੇਸ਼ੀ ਖੇਡਾਂ ਪ੍ਰਤੀ ਵੀ ਦਿਲਚਸਪੀ ਪੈਦਾ ਹੁੰਦੀ ਹੈ। ਇਸ ਮਨਰੋਥ ਦੇ ਮੱਦੇਨਜ਼ਰ ਗੁਰਦੁਆਰਾ ਕਰਾਊਨ ਪੁਆਇੰਟ ਦੇ ਪੰਜਾਬੀ ਸਕੂਲ ਦੇ ਬੱਚਿਆਂ ਦੇ ਮਨੋਰੰਜਨ ਲਈ ਲੰਘੀ 6 ਸਤੰਬਰ ਨੂੰ ਪਲੇਠੀ ਪਿਕਨਿਕ ਦਾ ਪ੍ਰਬੰਧ ਕੀਤਾ ਗਿਆ। ਇਹ ਸਕੂਲ ਚਾਰ ਕੁ ਮਹੀਨੇ ਪਹਿਲਾਂ ਹੀ ਗੁਰਦੁਆਰਾ ਕਰਾਊਨ ਪੁਆਇੰਟ ਵਿੱਚ ਸ਼ੁਰੂ ਕੀਤਾ ਗਿਆ ਹੈ ਅਤੇ ਬੱਚਿਆਂ ਵਿੱਚ ਇਸ ਪ੍ਰਤੀ ਲਗਾਓ ਪੈਦਾ ਕਰਨ ਲਈ ਪੰਜਾਬੀ/ਧਾਰਮਿਕ ਪੜ੍ਹਾਈ ਦੇ ਨਾਲ ਨਾਲ ਖੇਡ ਮਨੋਰੰਜਕ ਗਤੀਵਿਧੀਆਂ ਦਾ ਬੰਨ-ਸੁੱਬ ਸਕੂਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਉਦਮ ਨਾਲ ਕੀਤਾ ਗਿਆ।

ਇਸ ਮੌਕੇ ਬੱਚਿਆਂ ਅਤੇ ਮਾਪਿਆਂ ਨੇ ਬਹੁਤ ਹੀ ਚਾਅਵਾਂ ਨਾਲ ਹੱਸਦਿਆਂ ਖੇਡਦਿਆਂ ਗੁਰੂ ਘਰ ਦੀਆਂ ਗਰਾਊਂਡਾਂ ਵਿੱਚ ਰੰਗ ਬਖੇਰ ਦਿੱਤੇ। ਸਾਰੀ ਖੇਡ ਗਰਾਊਂਡ ਰੰਗ-ਬਰੰਗੇ ਫੁੱਲਾਂ ਨਾਲ ਭਰੀ ਲੱਗ ਰਹੀ ਸੀ। ਸੌ ਦੇ ਕਰੀਬ ਵਿਦਿਆਰਥੀਆਂ ਅਤੇ ਮਾਪਿਆਂ ਦੀ ਇਹ ਪਹਿਲੀ ਪਿਕਨਿਕ ਸੀ; ਜਾਂ ਇੰਜ ਕਹਿ ਲਵੋ ਕਿ ਗੁਰੂ ਘਰ ਦੇ ਬਣਨ ਤੋਂ ਲੈ ਕੇ ਹੁਣ ਤੱਕ ਦੀ ਇਹ ਬੱਚਿਆਂ ਤੇ ਮਾਪਿਆਂ ਦੀ ਪਲੇਠੀ ਤੇ ਵਿਲੱਖਣ ਮਿਲਣੀ ਦੀ। ਇਸ ਮਿਲਣੀ ਦਾ ਅਰੰਭ ਗੁਰੂ ਘਰ ਦੇ ਧਾਰਮਿਕ ਸਕੱਤਰ ਸ. ਮਨਮੀਤ ਸਿੰਘ ਵੱਲੋਂ ਜੀ ਆਇਆਂ ਕਹਿਣ ਨਾਲ ਹੋਇਆ। ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਨੇ ਬੱਚਿਆਂ ਨੂੰ ਗੁਰਬਾਣੀ ਅਤੇ ਖੇਡਾਂ ਦੇ ਸਬੰਧ ਵਿੱਚ ਭਾਵਪੂਰਤ ਭਾਸ਼ਣ ਦਿੱਤਾ। ਸ. ਹਰਦਰਸ਼ਨ ਸਿੰਘ ਵਾਲੀਆ ਨੇ ਅੰਗਰੇਜ਼ੀ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਤੇ ਕਿਹਾ ਕਿ ਸਾਡੇ ਸਾਰਿਆਂ ਲਈ ਇਹ ਖੁਸ਼ੀਆਂ ਭਰਿਆ ਦਿਨ ਹੈ। ਉਨ੍ਹਾਂ ਪੰਜਾਬੀ ਸਕੂਲ ਦੇ ਸਾਰੇ ਅਧਿਆਪਕਾਂ ਨੂੰ ਵਧਾਈ ਦਿੱਤੀ।

ਪੰਜਾਬੀ ਸਕੂਲ ਦੇ ਇੰਚਾਰਜ ਰਵਿੰਦਰ ਸਿੰਘ ਸਹਿਰਾਅ ਅਨੁਸਾਰ ਬੱਚਿਆਂ ਦਾ ਚਾਅ ਦੇਖਣ ਵਾਲਾ ਸੀ। ਕਿਲਕਾਰੀਆਂ ਮਾਰਦੇ ਬੱਚਿਆਂ ਨੇ ਤਿੰਨ ਟੰਗੀ ਦੌੜ, ਸੈਕ ਰੇਸ, ਕੋਟਲਾ ਛਪਾਕੀ, ਰੱਸਾਕਸ਼ੀ, ਵਾਲੀਬਾਲ, ਸੌਕਰ, ਮਿਊਜ਼ੀਕਲ ਚੇਅਰ ਤੇ ਹੋਰ ਖੇਡਾਂ ਖੇਡੀਆਂ। ਮਾਪਿਆਂ ਵੱਲੋਂ ਬੱਚਿਆਂ ਦੇ ਖਾਣ-ਪੀਣ ਲਈ ਪਾਣੀ, ਸੋਢਾ, ਚਿਪਸ, ਫਰੂਟ, ਮਿਠਾਈਆਂ ਆਦਿ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ। ਵਿਰਕ ਪਰਿਵਾਰ ਵੱਲੋਂ ਸਾਰਿਆਂ ਲਈ ਪੀਜ਼ਾ ਮੁਹੱਈਆ ਕੀਤਾ ਗਿਆ। ਸਹੀ ਮਾਅਨਿਆਂ ਵਿੱਚ ਇਹ ਇੱਕ ਪਿਕਨਿਕ ਨਾ ਹੋ ਕੇ ਪਰਿਵਾਰਕ ਤੇ ਸੱਭਿਆਚਾਰਕ ਮਿਲਣੀ ਹੋ ਨਿਬੜੀ। ਬੱਚਿਆਂ ਅਤੇ ਮਾਪਿਆਂ ਨੇ ਸਾਂਝ ਦੀਆਂ ਤੰਦਾਂ ਪੱਕੀਆਂ ਕੀਤੀਆਂ।

ਫੁੱਲ ਖਿੜੇ ਤੇ ਮਹਿਕ ਆਈ
ਫੁੱਲਾਂ ਵਰਗੇ ਬੱਚਿਆਂ ਨੇ
ਮਾਪਿਆਂ ਨੂੰ ਨਾਲ ਲਿਆ ਕੇ
ਅੱਜ ਅਨੋਖੀ ਪਿਕਨਿਕ ਮਨਾਈ
ਰੋਲ ਸਭ ਦਾ ਸੀ ਪਿਆਰਾ
ਚਿਹਰਿਆਂ 'ਤੇ ਨੂਰ ਸੀ
ਸਾਰਿਆਂ ਨੂੰ ਲੱਖ ਲੱਖ ਵਧਾਈ।

ਅਖੀਰ ਵਿੱਚ ਬੱਚਿਆਂ ਨੂੰ ਸਕੂਲੀ ਕੰਮ ਲਈ ਫੋਲਡਰ, ਚਾਕਲੇਟ ਤੇ ਪੰਜ ਪੰਜ ਡਾਲਰ ਦੇ ਲਿਫਾਫੇ ਵੰਡੇ ਗਏ।








# ਅਮਰੀਕਾ-ਭਾਰਤ ਰਿਸ਼ਤਿਆਂ ਵਿੱਚ ਉਤਰਾਅ-ਚੜ੍ਹਾਅ ਜਾਰੀ

**ਜਸਵੀਰ ਸਿੰਘ ਮਾਂਗਟ**

*ਟਰੰਪ ਨੂੰ ਫਿਰ ਯਾਦ ਆਈ ਨਰਿੰਦਰ ਮੋਦੀ ਦੀ ਦੋਸਤੀ*

---

*ਭਾਰਤ ਅਤੇ ਅਮਰੀਕਾ ਦਾ ਇੱਕ ਦੂਜੇ ਬਿਨਾ ਗੁਜ਼ਾਰਾ ਮੁਸ਼ਕਿਲ*



ਪਿਛਲੇ ਕੁਝ ਸਮੇਂ ਵਿੱਚ ਭਾਰਤ ਅਤੇ ਅਮਰੀਕਾ ਵਿਚਕਾਰ ਰਿਸ਼ਤਿਆਂ ਦੀ ਗਰਾਮਰ ਕਾਫੀ ਅੱਗੇ ਪਿੱਛੇ ਹੁੰਦੀ ਰਹੀ ਹੈ। ਵੱਖ-ਵੱਖ ਮੁਲਕਾਂ ਦੇ ਆਪਸੀ ਕੌਮਾਂਤਰੀ ਰਿਸ਼ਤੇ ਆਪਣੇ ਤੱਤ ਪੱਖੋਂ ਤਾਕਤ ਦੇ ਰਿਸ਼ਤੇ ਹੀ ਕਹੇ ਜਾ ਸਕਦੇ ਹਨ। ਤਾਕਤਵਰ ਮੁਲਕਾਂ ਦਾ ਆਪਣੀ ਆਰਥਿਕ ਸਿਆਸੀ ਹੈਸੀਅਤ ਦੇ ਬਰਾਬਰ ਜਾਂ ਲਾਗੇ-ਚਾਗੇ ਦਾ ਜ਼ੋਰ ਰੱਖਣ ਵਾਲੇ ਮੁਲਕਾਂ ਨਾਲ ਵਰਤਾਵ ਆਮ ਤੌਰ 'ਤੇ ਹੀ ਵੱਖਰੀ ਤਰ੍ਹਾਂ ਦਾ ਹੁੰਦਾ ਹੈ; ਕਮਜ਼ੋਰ ਅਤੇ ਛੋਟੇ ਮੁਲਕਾਂ ਨਾਲ ਅਲੱਗ ਤਰ੍ਹਾਂ ਦਾ। ਫਿਰ ਵੀ ਦੁਨੀਆਂ ਦੇ ਕਿਸੇ ਵੀ ਪ੍ਰਭੂਸੱਤਾ ਸੰਪਨ ਮੁਲਕ ਦੀ ਦੂਜੇ ਮੁਲਕਾਂ ਨੂੰ ਕਿਸੇ ਨਾ ਕਿਸੇ ਪੱਖੋਂ ਲੋੜ ਬਣੀ ਰਹਿੰਦੀ ਹੈ। ਅਜਿਹਾ ਸੰਬੰਧਤ ਮੁਲਕਾਂ ਦੀ ਜਿਓ-ਪੁਲੀਟੀਕਲ ਸਥਿਤੀ ਕਰਕੇ ਵਾਪਰਦਾ ਹੈ। ਇਸੇ ਕਰਕੇ ਅਸੀਂ ਆਪਣੇ ਆਲੇ-ਦੁਆਲੇ ਵੱਸਦੇ ਛੋਟੇ-ਵੱਡੇ ਮੁਲਕਾਂ ਨਾਲ ਅਮਰੀਕਾ ਦੇ ਰਿਸ਼ਤੇ ਬਣਦੇ ਵਿਗੜਦੇ ਵੇਖਦੇ ਰਹਿੰਦੇ ਹਾਂ। ਇਸ ਤੋਂ ਵੀ ਅੱਗੇ ਤਾਕਤਵਰ ਮੁਲਕ ਛੋਟੇ ਮੁਲਕਾਂ ਵਿੱਚ ਆਪੋ-ਆਪਣਾ ਪ੍ਰਭਾਵ ਵਧਾਉਣ ਜਾਂ ਇਨ੍ਹਾਂ ਮੁਲਕਾਂ ਵਿੱਚ ਆਪਣੇ ਪੱਖੀ ਹਕੂਮਤਾਂ ਸਥਾਪਤ ਕਰਨ ਦੇ ਯਤਨ ਕਰਦੇ ਰਹਿੰਦੇ ਹਨ।

ਇਸ ਤਰ੍ਹਾਂ ਦਾ ਦਖਲ ਅਸੀਂ ਹਾਲ ਹੀ ਵਿੱਚ ਬੰਗਲਾ ਦੇਸ਼ ਵਿੱਚ ਵਾਪਰੇ ਸਿਆਸੀ ਤਬਾਦਲੇ ਵਿੱਚ ਵੇਖ ਹੀ ਲਿਆ ਹੈ। ਬੰਗਲਾ ਦੇਸ਼ ਵਿੱਚ 2019 ਤੱਕ ਸ਼ੇਖ ਹਸੀਨਾ ਦੀ ਸਰਕਾਰ ਰਹੀ ਕਾਇਮ ਰਹੀ। ਇਸ ਤੋਂ ਪਹਿਲਾਂ ਇੱਕ ਤਕੜੀ ਨੌਜਵਾਨ ਜਮਹੂਰੀ ਵਿਦਿਆਰਥੀ ਲਹਿਰ ਨੇ ਸ਼ੇਖ ਹਸੀਨਾ ਨੂੰ 15 ਸਾਲਾਂ ਤੋਂ ਚਲੀ ਆ ਰਹੀ ਆਪਣੀ ਸੱਤਾ ਛੱਡਣ ਲਈ ਮਜਬੂਰ ਕਰ ਦਿੱਤਾ ਸੀ। ਸ਼ੇਖ ਹਸੀਨਾ ਹੁਣ ਭਾਰਤ ਵਿੱਚ ਆਪਣੀ ਜਲਾਵਤਨੀ ਕੱਟ ਰਹੀ ਹੈ ਅਤੇ ਬੰਗਲਾ ਦੇਸ਼ ਵਿੱਚ ਨੋਬਲ ਅਮਨ ਇਨਾਮ ਜੇਤੂ ਮੁਹੰਮਦ ਯੂਨਿਸ ਦੀ ਅਗਵਾਈ ਵਿੱਚ ਪਾਕਿ-ਅਮਰੀਕਾ ਪੱਖੀ ਅੰਤ੍ਰਿਮ ਸਰਕਾਰ ਕੰਮ ਕਰ ਰਹੀ ਹੈ। ਇਸ ਸੱਤਾ ਬਦਲੀ ਦੇ ਕਾਰਨ ਕੋਈ ਵੀ ਰਹੇ ਹੋਣ, ਪਰ ਇਸ ਪਿਛਲਾ ਸਭ ਤੋਂ ਤਾਕਤਵਰ ਤੱਥ ਇਹ ਹੈ ਕਿ ਵਿਦਿਆਰਥੀਆਂ ਦੀ ਪਰੋ-ਡੈਮੋਕਰੇਸੀ ਲਹਿਰ ਨੂੰ ਅਮਰੀਕਾ ਅਤੇ ਫਰਾਂਸ ਜਿਹੇ ਮੁਲਕ ਹਮਾਇਤ ਦਿੰਦੇ ਰਹੇ, ਜਦਕਿ ਸ਼ੇਖ ਹਸੀਨਾ ਦਾ ਝੁਕਾਅ ਚੀਨ ਵੱਲ ਸੀ। ਬੰਗਲਾ ਦੇਸ਼ ਵਿੱਚ ਹੁਣ ਕੰਮ ਕਰ ਰਹੀ ਸਰਕਾਰ ਅਮਰੀਕਾ ਅਤੇ ਪਾਕਿਸਤਾਨ ਵੱਲ ਝੁਕੀ ਹੋਈ ਹੈ। ਇਹੋ ਸਿਆਸਤ ਦਾ ਅਜਬ ਦਸਤੂਰ ਹੈ ਕਿ ਜਿਸ ਪਾਕਿਸਤਾਨ ਤੋਂ ਬੰਗਲਾ ਦੇਸ਼ ਨੇ ਮਜੀਬ-ਉਲ-ਰਹਿਮਾਨ ਦੀ ਅਗਵਾਈ ਵਿੱਚ ਆਜ਼ਾਦੀ ਹਾਸਲ ਕੀਤੀ, ਉਸੇ ਨਾਲ ਹੁਣ ਨੇੜਤਾ ਦਾ ਨਿੱਘ ਮਾਣ ਰਿਹਾ ਹੈ। ਇਸ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਕਮਜ਼ੋਰ ਅਤੇ ਛੋਟੇ ਮੁਲਕਾਂ ਨੂੰ ਭੂਗੋਲ ਅਤੇ ਤਾਕਤ ਪੱਖੋਂ ਵੱਡੇ ਮੁਲਕਾਂ ਦੇ ਦਖਲ ਦਾ ਕਿਸ ਤਰ੍ਹਾਂ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਦਾ ਵਰਤਾਰਾ ਹੁਣ ਅਮਰੀਕਾ ਦੇ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਦੇ ਸੰਦਰਭ ਵਿੱਚ ਵਾਪਰ ਰਿਹਾ ਹੈ।

ਇਸੇ ਤਰ੍ਹਾਂ ਪੂਰਬੀ ਯੂਰਪ ਦਾ ਮੁਲਕ ਯੂਕਰੇਨ ਵੀ ਅੱਜ-ਕੱਲ੍ਹ ਦੋ ਵੱਡੀਆਂ ਤਾਕਤਾਂ ਰੂਸ ਅਤੇ ਚੀਨ ਵਿਚਕਾਰ ਜੰਗ ਦਾ ਅਖਾੜਾ ਬਣ ਗਿਆ। ਯੂਕਰੇਨ ਵਿੱਚ ਵੱਡੀਆਂ ਤਾਕਤਾਂ ਵਿੱਚ ਸੱਤਾ ਦੀ ਖਿੱਚੋਤਾਣ ਦਾ ਪ੍ਰਭਾਵ ਹਮੇਸ਼ਾ ਕਾਇਮ ਰਿਹਾ ਹੈ। ਯਾਦ ਰਹੇ, ਵਲਾਦੀਮੀਰ ਯੇਲੰਸਕੀ ਤੋਂ ਪਹਿਲਾਂ ਯੂਕਰੇਨ ਵਿੱਚ ਰੂਸ ਪੱਖੀ ਸੱਤਾ ਦਾ ਬੋਲਬਾਲਾ ਸੀ।

ਭਾਰਤ ਦੀ ਅੱਜ ਦੀ ਘੜੀ ਜੀਓ-ਪੁਲੀਟੀਕਲ ਸਥਿਤੀ ਅਜਿਹੀ ਹੈ ਕਿ ਇਸ ਦਾ ਇਕਪਾਸੜ ਸਟੈਂਡ ਲੈ ਕੇ ਝੱਟ ਨਹੀਂ ਨਿਕਲ ਸਕਦਾ। ਅਮਰੀਕੀ ਰਾਸ਼ਟਰਪਤੀ ਭਾਰਤ ਦੇ ਰੂਸ ਕੋਲੋਂ ਤੇਲ ਖਰੀਦਣ 'ਤੇ ਤਿੱਖੇ ਇਤਰਾਜ਼ ਪਰਗਟ ਕਰ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਭਾਰਤ ਰੂਸ ਤੋਂ ਜਿਹੜਾ ਸਸਤੇ ਭਾਅ ਤੇਲ ਖਰੀਦਦਾ ਹੈ, ਉਸ ਤੋਂ ਜ਼ਬਰਦਸਤ ਮੁਨਾਫਾ ਕਮਾਉਂਦਾ ਹੈ ਅਤੇ ਭਾਰਤ ਵੱਲੋਂ ਤੇਲ ਵੇਚ ਕੇ ਕਮਾਇਆ ਧਨ ਯੂਕਰੇਨ ਵਿਰੁੱਧ ਜੰਗ ਵਿੱਚ ਵਰਤਿਆ ਜਾਂਦਾ ਹੈ। ਇਸੇ ਕਰਕੇ ਅਮਰੀਕਾ ਨੇ ਭਾਰਤ ਤੋਂ ਬਰਾਮਦ ਹੋਣ ਵਾਲੀਆਂ ਵਸਤਾਂ 'ਤੇ ਟਰੇਡ ਟੈਰਿਫ 25 ਫੀਸਦੀ ਹੋਰ ਵਧਾ ਦਿੱਤਾ ਹੈ। 25 ਫੀਸਦੀ ਟੈਰਿਫ ਪਹਿਲਾਂ ਹੀ ਟਰੰਪ ਪ੍ਰਸ਼ਾਸਨ ਨੇ ਅਮਰੀਕਾ ਨੂੰ ਬਰਾਮਦ ਹੋਣ ਵਾਲੀਆਂ ਭਾਰਤੀ ਵਸਤਾਂ 'ਤੇ ਲਗਾ ਰੱਖਿਆ ਹੈ। ਇਸ ਤਰ੍ਹਾਂ ਹੁਣ ਇਹ ਟੈਰਿਫ 50 ਫੀਸਦੀ ਹੋ ਗਿਆ ਹੈ। ਇਥੇ ਜ਼ਿਕਰਯੋਗ ਹੈ ਕਿ ਭਾਰਤ ਵੱਲੋਂ ਅਮਰੀਕਾ ਨੂੰ ਗਹਿਣੇ, ਹੀਰੇ, ਦਵਾਈਆਂ, ਪੈਟਰੋਲੀਅਮ ਪਦਾਰਥ, ਟੈਕਸਟਾਈਲ ਆਧਾਰਤ ਵਸਤਾਂ, ਇਲੈਕਟ੍ਰੌਨਿਕਸ, ਲੋਹਾ ਅਤੇ ਲੋਹੇ ਤੋਂ ਬਣੀਆਂ ਵਸਤਾਂ ਆਰਗੈਨਿਕ ਕੈਮੀਕਲਜ਼, ਚਮੜਾ ਤੇ ਚਮੜੇ ਤੋਂ ਬਣੀਆਂ ਵਸਤਾਂ ਬਰਾਮਦ ਕੀਤੀਆਂ ਜਾਂਦੀਆਂ ਹਨ। ਟੈਰਿਫ ਦੇ ਵਧਣ ਨਾਲ ਇਨ੍ਹਾਂ ਵਸਤਾਂ ਦੀ ਅਮਰੀਕਾ ਨੂੰ ਕੀਤੀ ਜਾਂਦੀ ਬਰਾਮਦ 'ਤੇ ਵੱਡਾ ਅਸਰ ਪਵੇਗਾ। ਅਮਰੀਕਾ ਭਾਰਤ ਦੇ ਬਣੇ ਹੀਰਿਆਂ ਅਤੇ ਗਹਿਣਿਆਂ ਦਾ ਵੱਡਾ ਖਰੀਦਦਾਰ ਹੈ। ਇਹ ਵਸਤਾਂ ਆਰਥਿਕ ਪੱਖੋਂ ਗਰੀਬ ਮੁਲਕਾਂ ਨੂੰ ਨਹੀਂ ਵੇਚੀਆਂ ਜਾ ਸਕਦੀਆਂ। ਇਨ੍ਹਾਂ ਵਿੱਚੋਂ ਮੁਨਾਫਾ ਵੀ ਵੱਡਾ ਹੁੰਦਾ ਹੈ ਅਤੇ ਇਹ ਮੁੱਖ ਤੌਰ 'ਤੇ ਲੇਬਰ ਇੰਟੈਨਸਿਵ ਸਨਅਤਾਂ ਹਨ। ਇਨ੍ਹਾਂ ਚੀਜਾਂ ਦੀ ਵਿਕਰੀ 'ਤੇ ਰੋਕ ਲੱਗਣ ਨਾਲ ਇਸ ਖੇਤਰ ਵਿੱਚ ਕੰਮ ਕਰਦੇ ਕਾਮਿਆਂ ਦੀ ਛਾਂਟੀ ਹੋਵੇਗੀ ਅਤੇ ਬੇਰੁਜ਼ਗਾਰੀ ਵਧਣ ਦੇ ਆਸਾਰ ਬਣਨਗੇ। ਚਮੜੇ ਤੋਂ ਇਲਾਵਾ ਹੋਰ ਸਨਅਤਾਂ ਮੁੱਖ ਤੌਰ 'ਤੇ ਨਵੀਂ ਤਕਨੀਕ 'ਤੇ ਮੁਨੱਸਰ ਹਨ, ਪਰ ਫਿਰ ਵੀ ਇਨ੍ਹਾਂ ਨਾਲ ਸੰਬੰਧਤ ਸਨਅਤਾਂ ਵਿੱਚ ਵੀ ਕਾਫੀ ਵੱਡੀ ਗਿਣਤੀ ਵਿੱਚ ਕਾਮੇ ਰੁਜ਼ਗਾਰਵੰਦ ਹਨ। ਇਸ ਤਰ੍ਹਾਂ ਅਮਰੀਕਾ ਵੱਲ ਬਰਾਮਦ ਹੋਣ ਵਾਲੇ ਸਮਾਨ ਨੂੰ ਹਰਜੇ ਤੋਂ ਭਾਰਤੀ ਹਕੂਮਤ ਚਿੰਤਿਤ ਜ਼ਰੂਰ ਹੈ, ਭਾਵੇਂ ਕਿ ਮੋਦੀ ਸਰਕਾਰ ਇਸ ਦਾ ਬਦਲ ਚੀਨ ਅਤੇ ਰੂਸ ਵੱਲ ਝੁਕਣ ਵਿੱਚ ਲੱਭ ਰਹੀ ਹੈ।

ਇਸ ਦਰਮਿਆਨ ਅਸਲੀਅਤ ਇਹ ਵੀ ਹੈ ਕਿ ਅਮਰੀਕਾ ਦਾ ਵੀ ਭਾਰਤ ਨੂੰ ਪੂਰੀ ਤਰ੍ਹਾਂ ਗਵਾ ਕੇ ਗੁਜ਼ਾਰਾ ਨਹੀਂ ਹੋ ਸਕਦਾ। ਇਸ ਉਪਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਆਖ ਕੇ ਝੋਰਾ ਜਿਹਾ ਵੀ ਪ੍ਰਗਟ ਕੀਤਾ ਸੀ ਕਿ ਅਸੀਂ ਭਾਰਤ ਅਤੇ ਰੂਸ 'ਡੀਪ ਡਾਰਕ ਚੀਨ' ਕੋਲ ਗੁਆ ਲਏ ਹਨ। ਹਾਲਾਂਕਿ ਉਪਰੋਕਤ ਬਿਆਨ ਨੂੰ ਕੁਝ ਹੀ ਦਿਨ ਗੁਜ਼ਰੇ ਹਨ ਕਿ ਅਮਰੀਕੀ ਰਾਸ਼ਟਰਪਤੀ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਦੋਸਤੀ ਦੀ ਯਾਦ ਮੁੜ ਸਤਾਉਣ ਲੱਗੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਪ੍ਰਧਾਨ ਮੰਤਰੀ ਸ਼ਾਨਦਾਰ ਵਿਅਕਤੀ ਹਨ, ਉਹ 'ਸਦਾ ਮੇਰੇ ਦੋਸਤ ਰਹਿਣਗੇ।' ਦੂਜੇ ਪਾਸੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਤੁਰੰਤ ਇਸ ਨੂੰ ਹੁੰਘਾਰਾ ਭਰਿਆ। ਹਕੀਕਤ ਇਹ ਹੈ ਕਿ ਦੋਹਾਂ ਮੁਲਕਾਂ ਵਿਚਕਾਰ ਫਰੀ ਟਰੇਡ ਡੀਲ ਦੇ ਮਾਮਲੇ ਵਿੱਚ ਪਰਦੇ ਪਿੱਛੇ ਗੱਲਬਾਤ ਜਾਰੀ ਰੱਖੀ ਜਾ ਰਹੀ ਹੈ। ਆਪਸੀ ਰਿਸ਼ਤੇ ਸੁਧਾਰਨ ਲਈ ਭਾਰਤ ਲੌਬਿੰਗ ਵੀ ਕਰ ਰਿਹਾ ਹੈ। ਨੇੜਤਾ ਰੱਖਣ ਦੀ ਇਸ ਮਜਬੂਰੀ ਦੇ ਕਾਰਨ ਆਰਥਿਕਤਾ ਨਾਲੋਂ ਭਾਰਤ ਦੀ ਜਿਓ ਪੁਲੀਟੀਕਲ ਸਥਿਤੀ ਵਿੱਚ ਵਧੇਰੇ ਨਿਹਤ ਹਨ। ਭਾਰਤ ਦਾ ਗੁਆਂਢੀ ਮੁਲਕ ਚੀਨ ਅਸਲ ਵਿੱਚ ਅੱਜ ਕੱਲ੍ਹ ਅਮਰੀਕਾ ਦਾ ਸਭ ਤੋਂ ਤਕੜਾ ਵਿਰੋਧੀ ਬਣ ਕੇ ਉਭਰ ਰਿਹਾ ਹੈ। ਖਾਸ ਕਰਕੇ ਆਰਥਿਕ ਅਤੇ ਵਿਗਿਆਨਕ ਇਨੋਵੇਸ਼ਨ ਦੇ ਮਾਮਲੇ ਵਿੱਚ। ਕੌਮਾਂਤਰੀ ਆਰਥਿਕਤਾ ਦੇ ਕੁਝ ਮਾਹਿਰ ਤਾਂ ਚੀਨ ਨੂੰ ਅਗਲੇ ਕੁਝ ਸਾਲਾਂ ਵਿੱਚ ਸਭ ਤੋਂ ਵੱਡੀ ਆਰਥਿਕ-ਸਿਆਸੀ ਸ਼ਕਤੀ ਵਜੋਂ ਉਭਰਦਾ ਵੇਖ ਰਹੇ ਹਨ। ਚੀਨ ਦੀ ਘੇਰਾਬੰਦੀ ਕਰਨ ਲਈ ਭਾਰਤ ਅਮਰੀਕਾ ਲਈ ਇੱਕ ਮਹੱਤਵਪੂਰਨ ਮੁਲਕ ਹੈ। ਅਮਰੀਕੀ ਵਿਦਵਾਨ ਜੈਫਰੀ ਸਾਚ ਦਾ ਆਖਣਾ ਹੈ ਕਿ ਚੀਨ ਦੀ ਸਫਲਤਾ ਤੋਂ ਅਮਰੀਕਾ ਇੱਕ ਤਰ੍ਹਾਂ ਨਾਲ ਘਬਰਾ ਗਿਆ ਹੈ ਅਤੇ ਖਾਰ ਖਾਂਦਾ ਹੈ। ਉਸ ਦਾ ਆਖਣਾ ਹੈ ਕਿ ਚੀਨ ਦੀ ਸਫਲਤਾ ਤੋਂ ਪੱਛਮ ਦੇ ਮੁਲਕਾਂ ਨੂੰ ਫਜ਼ੂਲ ਦੀ ਚਿੜ੍ਹ ਹੈ। ਇਸੇ ਤਰ੍ਹਾਂ ਰੂਸੀ ਫੋਬੀਆ ਪੱਛਮੀ ਮੁਲਕਾਂ ਨੂੰ ਯੂਕਰੇਨ ਜੰਗ ਜਾਰੀ ਰੱਖਣ ਵੱਲ ਧੱਕ ਰਿਹਾ ਹੈ।

ਯਾਦ ਰਹੇ, ਭਾਰਤ ਅਤੇ ਅਮਰੀਕਾ ਵਿਚਕਾਰ ਪਿਛਲੇ 30 ਸਾਲਾਂ ਤੋਂ ਰਿਸ਼ਤੇ ਸੁਧਰਦੇ ਆ ਰਹੇ ਸਨ, ਪਰ ਪਾਕਿਸਤਾਨ ਨਾਲ ਮਈ ਮਹੀਨੇ ਵਿੱਚ ਚੱਲੀ ਤਿੰਨ ਦਿਨਾਂ ਦੀ ਜੰਗ ਨੇ ਦੋਹਾਂ ਮੁਲਕਾਂ ਵਿਚਕਾਰ ਦੂਰੀ ਵਧਾ ਦਿੱਤੀ। ਦੋਹਾਂ ਮੁਲਕਾਂ ਵਿਚਕਾਰ ਜੰਗ ਖਤਮ ਹੋਣ ਤੋਂ ਬਾਅਦ ਜਦੋਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ-ਪਾਕਿ ਵਿਚਕਾਰ ਇਸ ਜੰਗ ਨੂੰ ਉਨ੍ਹਾਂ ਨੇ ਖਤਮ ਕਰਵਾਇਆ ਹੈ ਤਾਂ ਭਾਰਤ ਨੇ ਇਸ ਨੂੰ ਸਵੀਕਾਰ ਨਾ ਕੀਤਾ। ਭਾਰਤ ਦੀ ਚਿਰ ਸਥਾਈ ਪੁਜੀਸ਼ਨ ਇਹ ਰਹੀ ਹੈ ਕਿ ਉਸ ਨੇ ਭਾਰਤ-ਪਾਕਿ ਰਿਸ਼ਤਿਆਂ ਵਿੱਚ ਤੀਜੀ ਧਿਰ ਦੇ ਦਖਲ ਨੂੰ ਕਦੀ ਵੀ ਸਵਿਕਾਰ ਨਹੀਂ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਦੇ ਵਾਰ-ਵਾਰ ਦੁਹਰਾਉਣ ਦੇ ਬਾਵਜੂਦ ਭਾਰਤ ਨੇ ਜੰਗ ਰੁਕਵਾਉਣ ਦਾ ਅਮਰੀਕੀ ਦਾਅਵਾ ਸਵੀਕਾਰ ਨਹੀਂ ਕੀਤੀ। ਆਪਸੀ ਰਿਸ਼ਤਿਆਂ ਵਿੱਚ ਆਈ ਇਸ ਖਟਾਸ ਉਪਰ ਆਰਥਿਕ-ਸਿਆਸੀ ਮਜਬੂਰੀਆਂ ਫਿਰ ਭਾਰੂ ਪੈਂਦੀਆਂ ਵਿਖਾਈ ਦੇ ਰਹੀਆਂ ਹਨ। ਇਸ ਨਾਲ ਅਮਰੀਕੀ ਰਾਸ਼ਟਰਪਤੀ ਦੇ ਨਿੱਜੀ ਅਤੇ ਪਰਿਵਾਰਕ ਹਿੱਤ ਵੀ ਜੁੜੇ ਹੋ ਸਕਦੇ ਹਨ। ਕਾਰੋਬਾਰੀਆਂ ਨੂੰ ਮੁਲਕਾਂ ਨਾਲੋਂ ਵੀ ਬਿਜਨਸ ਪਿਆਰੇ ਹੁੰਦੇ ਹਨ।

# ਨੇਪਾਲੀ ਨੌਜਵਾਨਾਂ ਵੱਲੋਂ ਪਾਰਲੀਮੈਂਟ 'ਤੇ ਕਬਜ਼ਾ ਕਰਨ ਦਾ ਯਤਨ

*...ਸਫਾ ਇੱਕ ਦੀ ਬਾਕੀ ⇒*

ਰਜਿਸਟਰ ਨਹੀਂ ਕਰਵਾਇਆ।

ਇੰਟਰਨੈਸ਼ਨਲ ਮੀਡੀਆ ਵਿੱਚ ਪ੍ਰਕਾਸ਼ਤ ਹੋਈਆਂ ਰਿਪੋਰਟਾਂ ਅਨੁਸਾਰ 'ਜੈਨ ਜ਼ੈਡ' ਮੰਚ ਨਾਲ ਜੁੜੇ ਨੌਜਵਾਨ ਪ੍ਰਦਰਸ਼ਨਕਾਰੀਆਂ ਵੱਲੋਂ ਬੀਤੀ 8 ਸਤੰਬਰ ਨੂੰ ਪੁਲਿਸ ਦੇ ਬੈਰੀਕੇਡ ਤੋੜ ਕੇ ਕਾਠਮੰਡੂ ਵਿੱਚ ਸਥਿਤ ਨੇਪਾਲੀ ਪਾਰਲੀਮੈਂਟ ਵਿੱਚ ਦਾਖਲ ਹੋਣ ਦਾ ਯਤਨ ਕੀਤਾ ਗਿਆ। ਪੁਲਿਸ ਅਧਿਕਾਰੀਆਂ ਅਨੁਸਾਰ ਪ੍ਰਦਸ਼ਨਕਾਰੀਆਂ ਨੇ ਇਸ ਦੌਰਾਨ ਇੱਕ ਐਂਬੂਲੈਂਸ ਨੂੰ ਅੱਗ ਲਗਾ ਦਿੱਤੀ ਅਤੇ ਦੰਗਾ ਵਿਰੋਧੀ ਨੇਪਾਲੀ ਪੁਲਿਸ 'ਤੇ ਪੱਥਰ ਵੀ ਸੁੱਟੇ। ਇਸ ਦੌਰਾਨ ਇੱਕ ਪ੍ਰਦਸ਼ਨਕਾਰੀ ਨੇ ਦੱਸਿਆ ਕਿ ਪੁਲਿਸ ਨੇ ਇਕੱਠੇ ਹੋਏ ਪ੍ਰਦਸ਼ਨਕਾਰੀਆਂ 'ਤੇ ਅਨ੍ਹੇਵਾਹ ਫਾਇਰਿੰਗ ਕੀਤੀ। ਉਸ ਅਨੁਸਾਰ ਉਹਦੇ ਪਿੱਛੇ ਖੜ੍ਹੇ ਇੱਕ ਨੌਜੁਆਨ ਦੇ ਹੱਥ ਵਿੱਚ ਗੋਲੀ ਲੱਗੀ। ਕਾਠਮੰਡੂ ਪੁਲਿਸ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ 28 ਪੁਲਿਸ ਮੁਲਾਜ਼ਮਾਂ ਸਮੇਤ 100 ਜ਼ਖ਼ਮੀਆਂ ਦਾ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਕਰਵਾਇਆ ਗਿਆ ਹੈ। ਪ੍ਰਦਸ਼ਨਕਾਰੀਆਂ ਵੱਲੋਂ ਆਪਣੇ ਜ਼ਖਮੀ ਹੋਏ ਸਾਥੀਆਂ ਨੂੰ ਮੋਟਰਸਾਈਕਲਾਂ 'ਤੇ ਬਿਠਾ ਕੇ ਹਸਪਤਾਲਾਂ ਵਿੱਚ ਪਹੁੰਚਾਇਆ ਗਿਆ। ਯਾਦ ਰਹੇ, ਨੇਪਾਲ ਸਰਕਾਰ ਵੱਲੋਂ ਲਏ ਗਏ ਇੱਕ ਫੈਸਲੇ ਵਿੱਚ ਮੈਟਾ, ਫੇਸਬੁੱਕ ਸਮੇਤ ਕਈ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਪਰ ਪਾਬੰਦੀ ਲਾਈ ਗਈ ਸੀ। ਨੇਪਾਲ ਦੇ ਤਿੰਨ ਮਿਲੀਅਨ ਲੋਕਾਂ ਵਿੱਚੋਂ 90 ਫੀਸਦੀ ਇੰਟਰਨੈਟ ਦੀ ਵਰਤੋਂ ਕਰਦੇ ਹਨ।

ਨੇਪਾਲੀ ਸਰਕਾਰੀ ਅਧਿਕਾਰੀਆਂ ਦਾ ਆਖਣਾ ਹੈ ਕਿ ਸੋਸ਼ਲ ਮੀਡੀਆ ਪਲੇਟਫਾਰਮ, ਇਨ੍ਹਾਂ ਵੱਲੋਂ ਫੈਲਾਏ ਜਾ ਰਹੇ ਝੂਠੇ ਨੈਰੇਟਿਵ, ਝੂਠੀਆਂ ਖ਼ਬਰਾਂ ਫੈਲਾਏ ਜਾਣ, ਜਾਅਲੀ ਨਾਵਾਂ ਹੇਠ ਬਣਾਏ ਗਏ ਅਕਾਊਂਟਾਂ ਕਾਰਨ ਬੰਦ ਕੀਤੇ ਗਏ ਹਨ। ਪ੍ਰਦਰਸ਼ਨ ਅਸਲ ਵਿੱਚ ਉਸ ਸਮੇਂ ਹੋਣੇ ਸ਼ੁਰੂ ਹੋਏ, ਜਦੋਂ ਦੇਸ਼ ਦੇ ਪੂਰਬੀ ਸ਼ਹਿਰ ਇਤਿਹਾਰੀ ਵਿੱਚ 2 ਵਿਅਕਤੀਆਂ ਦੀ ਮੌਤ ਪੁਲਿਸ ਗੋਲੀਬਾਰੀ ਨਾਲ ਹੋਈ। ਨੇਪਾਲ ਦੇ ਗ੍ਰਹਿ ਮੰਤਰੀ ਰਮੇਸ਼ ਲੇਖਕ ਨੇ ਉਪਰੋਕਤ ਘਟਨਾ ਦੀ ਇਖਲਾਕੀ ਜ਼ਿੰਮੇਵਾਰੀ ਲੈਂਦਿਆਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੇ ਵੀ ਅਸਤੀਫਾ ਦੇ ਦਿੱਤਾ। ਫੌਜ ਦੇ ਹੈਲੀਕਾਪਟਰ ਵਿੱਚ ਉਨ੍ਹਾਂ ਨੂੰ ਅਣਜਾਣ ਥਾਂ 'ਤੇ ਲਿਜਾਇਆ ਗਿਆ। ਇਸ ਤੋਂ ਬਾਅਦ ਰਾਸ਼ਟਰਪਤੀ ਰਾਮ ਚੰਦਰ ਪੌਡੇਲ ਨੇ ਵੀ ਅਸਤੀਫਾ ਦੇ ਦਿੱਤਾ।

ਨੇਪਾਲ ਦੇ ਪ੍ਰਧਾਨ ਮੰਤਰੀ ਸ਼ਰਮਾ ਓਲੀ ਨੇ ਬੀਤੇ ਸੋਮਵਾਰ ਸਵੇਰੇ ਭੜਕੀ ਇਸ ਹਿੰਸਾ ਦੇ ਮੱਦੇਨਜ਼ਰ ਐਮਰਜੈਂਸੀ ਮੀਟਿੰਗ ਸੱਦੀ ਸੀ। ਯਾਦ ਰਹੇ, ਲੰਘੇ ਸੋਮਵਾਰ ਰਾਜਧਾਨੀ ਕਾਠਮੰਡੂ ਵਿਖੇ ਸਥਿਤ ਪਾਰਲੀਮੈਂਟ ਦੀ ਇਮਾਰਤ ਕੋਲ ਹਜ਼ਾਰਾਂ ਪ੍ਰਦਰਸ਼ਨਕਾਰੀ ਇਕੱਠੇ ਹੋ ਗਏ ਸਨ, ਜਿਨ੍ਹਾਂ ਵਿੱਚ ਕਾਲਜਾਂ ਅਤੇ ਸਕੂਲਾਂ ਦੀਆਂ ਵਰਦੀਆਂ ਵਾਲੇ ਨੌਜਵਾਨ ਮੁੰਡੇ ਵੀ ਸ਼ਾਮਲ ਸਨ। ਪ੍ਰਦਸ਼ਨਕਾਰੀਆਂ ਨੇ ਹੱਥਾਂ ਵਿੱਚ ਬੈਨਰ ਫੜੇ ਹੋਏ ਸਨ, ਜਿਨ੍ਹਾਂ ਉੱਪਰ ਲਿਖਿਆ ਹੋਇਆ ਸੀ, 'ਸੋਸ਼ਲ ਮੀਡੀਆ ਨਹੀਂ, ਭ੍ਰਿਸ਼ਟਾਚਾਰ ਬੰਦ ਕਰੋ', 'ਸੋਸ਼ਲ ਮੀਡੀਆ ਤੋਂ ਪਾਬੰਦੀ ਹਟਾਓ' ਅਤੇ 'ਯੂਥ ਅਗੇਨਸਟ ਕੁਰੱਪਸ਼ਨ।' ਇਨ੍ਹਾਂ ਪ੍ਰਦਰਸ਼ਨਾਂ ਨੂੰ ਜਥੇਬੰਦ ਕਰਨ ਵਾਲੇ ਨੇਪਾਲੀ ਆਪਣੇ ਮੰਚ ਨੂੰ ਡੈਮੋਸਟਰੇਸ਼ਨਸ 'ਜੈਨ ਜੀ' ਦਾ ਨਾਂ ਦਿੰਦੇ ਹਨ।

ਮਨੁੱਖੀ ਅਧਿਕਾਰਾਂ ਸੰਬੰਧੀ ਜਥੇਬੰਦੀ 'ਏਸ਼ੀਆ ਵਾਚ' ਨੇ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਨੇਪਾਲੀ ਸਰਕਾਰ ਇਨ੍ਹਾਂ ਪ੍ਰਦਰਸ਼ਨਾਂ ਨੂੰ ਅਮਨ ਕਾਨੂੰਨ ਦੀ ਸਮੱਸਿਆ ਵਜੋਂ ਨਾ ਲਵੇ। ਇਹ ਪ੍ਰਦਰਸ਼ਨ ਨੇਪਾਲ ਵਿੱਚ ਪ੍ਰਚਲਤ ਭਾਈ-ਭਤੀਜਾਵਾਦ, ਮਾੜੇ ਪ੍ਰਸ਼ਾਸਨ ਕਾਰਨ ਪੈਦਾ ਹੋ ਰਹੀ ਨਿਰਾਸ਼ਾ ਨੂੰ ਪ੍ਰਗਟਾਉਂਦੇ ਹਨ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਸ਼ਰਮਾ ਓਲੀ ਦੀ ਨੇਪਾਲ ਸਰਕਾਰ ਵਿੱਚ ਭ੍ਰਿਸ਼ਟਾਚਾਰ ਵੱਡੀ ਪੱਧਰ 'ਤੇ ਮੌਜੂਦ ਹੈ। ਨੌਕਰੀਆਂ ਅਤੇ ਆਰਥਕ ਮੌਕਿਆਂ ਦੀ ਘਾਟ ਹੋਣ ਕਾਰਨ ਬਹੁਤ ਸਾਰੇ ਨੇਪਾਲੀ ਨੌਜਵਾਨ ਪਰਵਾਸ ਕਰ ਰਹੇ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ 239 ਸਾਲ ਪੁਰਾਣੀ ਰਾਜਾਸ਼ਾਹੀ 2008 ਵਿੱਚ ਖਤਮ ਹੋਣ ਤੋਂ ਬਾਅਦ ਨੇਪਾਲ ਸਦਾ ਰਾਜਨੀਤਿਕ ਅਸਥਿਰਤਾ ਦਾ ਸ਼ਿਕਾਰ ਰਿਹਾ ਹੈ। ਇਸ ਤੋਂ ਬਾਅਦ ਨੇਪਾਲ ਵਿੱਚ 14 ਸਰਕਾਰਾਂ ਬਣੀਆਂ ਹਨ। ਇਨ੍ਹਾਂ ਵਿੱਚੋਂ ਕਿਸੇ ਨੇ ਵੀ ਆਪਣਾ ਕਾਰਜਕਾਲ ਪੂਰਾ ਨਹੀਂ ਕੀਤਾ।

ਜਿਵੇਂ ਸਾਰੀ ਦੁਨੀਆਂ ਦੇ ਸਿਆਸੀ ਖੇਤਰ ਵਿੱਚ ਹੋ ਰਿਹਾ ਹੈ, ਜ਼ਮਹੂਰੀ ਅਤੇ ਗੈਰ-ਜ਼ਮਹੂਰੀ ਸਰਕਾਰ ਦੀਆਂ ਲੋਕਾਂ ਤੋਂ ਦੂਰੀਆਂ ਵਧ ਰਹੀਆਂ ਹਨ। ਵਿਕਸਤ-ਅਵਿਕਸਤ, ਵੱਖ-ਵੱਖ ਮੁਲਕਾਂ ਵਿੱਚ ਇਸ ਦੇ ਦਿਸਦੇ ਕਾਰਨ ਵੱਖੋ-ਵੱਖਰੇ ਹੋ ਸਕਦੇ ਹਨ, ਪ੍ਰਗਟ ਹੋ ਰਹੇ ਕਲੇਸ਼ਾਂ ਦੀ ਪਰ ਤਾਸੀਰ ਸਾਂਝੀ ਹੈ। ਇਹ ਇਉਂ ਹੈ ਕਿ ਦੁਨੀਆਂ ਦੇ ਬਹੁਤੇ ਮੁਲਕਾਂ ਦਾ ਰੂਲਿੰਗ ਐਲੀਟ ਆਪਣੇ ਲੋਕਾਂ ਨਾਲੋਂ ਟੁੱਟ ਚੁੱਕਾ ਹੈ ਜਾਂ ਤੇਜ਼ੀ ਨਾਲ ਟੁੱਟ ਰਿਹਾ ਹੈ।

ਨੇਪਾਲ ਨੇ ਪਿਛਲੇ ਚਾਰ ਪੰਜ ਦਹਾਕਿਆਂ ਵਿੱਚ ਕਈ ਸਾਰੇ ਰਾਜਨੀਤਿਕ ਤਜਰਬੇ ਕੀਤੇ ਹਨ, ਪਰ ਤਕਰੀਬਨ ਸਾਰੇ ਹੀ ਅਸਫਲ ਰਹੇ ਹਨ। ਸਾਲ 1996 ਤੋਂ 2006 ਤੱਕ ਨੇਪਾਲ ਵਿੱਚ ਕਮਿਊਨਿਸਟ ਪਾਰਟੀ ਆਫ ਨੇਪਾਲ (ਮਾਓਇਸਟ) ਨੇ ਦੇਸ਼ ਵਿੱਚ ਮੌਜੂਦ ਰਾਜਾਸ਼ਾਹੀ ਖਿਲਾਫ ਇੱਕ ਹਥਿਆਰਬੰਦ ਗੁਰੀਲਾ ਸੰਘਰਸ਼ ਲੜਿਆ। ਇਹ ਇੱਕ ਤਰ੍ਹਾਂ ਦੀ ਸਿਵਲ ਵਾਰ ਹੀ ਸੀ। ਮਾਓਵਾਦੀ ਆਗੂ ਪ੍ਰਚੰਡ ਦੀ ਅਗਵਾਈ ਵਿੱਚ ਲੜੇ ਗਏ ਇਸ ਸੰਘਰਸ਼ ਨੇ ਇੱਕ ਵਾਰ ਤਾਂ ਭਾਰਤ ਨਾਲ ਨਜ਼ਦੀਕੀਆਂ ਰੱਖਣ ਵਾਲੀ ਰਾਜਾਸ਼ਾਹੀ ਦੀਆਂ ਨੀਂਹਾਂ ਹਿਲਾ ਦਿੱਤੀਆਂ ਸਨ; ਪਰ ਫਿਰ 2006 ਵਿੱਚ ਨੇਪਾਲੀ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਨੇ ਦੇਸ਼ ਵਿੱਚ ਜ਼ਮਹੂਰੀ ਵੋਟ ਪ੍ਰਣਾਲੀ ਰਾਹੀਂ ਸੱਤਾ ਵਿੱਚ ਆਉਣ ਦਾ ਫੈਸਲਾ ਕਰ ਲਿਆ।

ਨੇਪਾਲੀ ਕਮਿਊਨਿਸਟਾਂ ਨੇ ਦੇਸ਼ ਵਿੱਚ ਤਾਜ਼ਾ ਤਾਜ਼ਾ ਸ਼ੁਰੂ ਕੀਤੀ ਗਈ ਸੀਮਤ ਡੈਮੋਕਰੇਟਿਕ ਚੋਣ ਪ੍ਰਣਾਲੀ ਰਾਹੀਂ ਸੱਤਾ ਹਾਸਲ ਵੀ ਕਰ ਲਈ, ਪਰ ਹਾਸਲ ਕੀਤੀ ਸੱਤਾ ਦੇ ਨਸ਼ੇ ਨੇ ਹੌਲੀ ਹੌਲੀ ਨੇਪਾਲੀ ਕਮਿਊਨਿਸਟਾਂ ਦਾ 'ਇਨਕਲਾਬੀ ਕਣ' ਮਾਰ ਦਿੱਤਾ। ਨੇਪਾਲੀ ਕਮਿਊਨਿਸਟ ਪਾਰਟੀ, ਜਿਵੇਂ ਕਿ ਇਸ ਦਾ ਦਾਅਵਾ ਸੀ, ਨਾ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰ ਸਕੀ, ਨਾ ਹੀ ਦੇਸ਼ ਦੀ ਆਰਥਿਕਤਾ ਨੂੰ ਪੈਰਾਂ ਸਿਰ ਕਰ ਸਕੀ ਅਤੇ ਨਾ ਦੇਸ਼ ਵਿੱਚੋਂ ਰਾਜਾਸ਼ਾਹੀ ਤੰਤਰ ਦੀਆਂ ਜੜ੍ਹਾਂ ਪੁੱਟ ਸਕੀ। ਰਾਜਾਸ਼ਾਹੀ ਅੱਧ-ਪਚੱਧੇ ਰੂਪ ਵਿੱਚ ਅੱਜ ਵੀ ਨੇਪਾਲ ਵਿੱਚ ਮੌਜੂਦ ਹੈ ਅਤੇ ਇਸ ਨੇ ਕਥਿਤ ਜਮਹੂਰੀਅਤ ਰਾਹੀਂ ਅੱਗੇ ਆਏ ਨੇਪਾਲੀ ਰੂਲਿੰਗ ਐਲੀਟ ਨਾਲ ਸਾਂਝ ਪਾ ਲਈ ਹੈ। ਇਸ ਤਰ੍ਹਾਂ ਸਿਸਟਮ ਨੂੰ ਬਦਲਣ ਤੁਰੇ ਨੇਪਾਲੀ ਕਮਿਊਨਿਸਟ ਆਪ ਸਿਸਟਮ ਦਾ ਹਿੱਸਾ ਹੋ ਗਏ ਹਨ। ਇੱਕ ਵਿਚਾਰ ਪ੍ਰਬੰਧ ਦੀ ਜਕੜ ਵਿੱਚ ਕਾਠੇ ਹੋਏ ਕਮਿਊਨਿਸਟਾਂ ਦੇ ਦਿਮਾਗ ਇਹ ਨਾ ਸਮਝ ਸਕੇ ਕਿ ਸੰਸਾਰ ਦੀ ਆਰਥਕ, ਸਿਆਸੀ ਤੇ ਬੌਧਿਕ ਧਾਰਾ ਉਨ੍ਹਾਂ ਨੂੰ ਬਹੁਤ ਪਿੱਛੇ ਛੱਡ ਗਈ ਹੈ ਅਤੇ ਸਮਾਂ ਉਨ੍ਹਾਂ ਦੇ ਪੈਰਾਂ ਹੇਠੋਂ ਸਿਆਸੀ ਜ਼ਮੀਨ ਨੂੰ ਤੇਜ਼ੀ ਨਾਲ ਖਿੱਚ ਰਿਹਾ ਹੈ।

**ਸਾਬਕਾ ਪ੍ਰਧਾਨ ਮੰਤਰੀ ਦੀ ਪਤਨੀ ਨੂੰ ਜਿੰਦਾ ਸਾੜਿਆ:** ਨੇਪਾਲ ਵਿੱਚ ਹਿੰਸਕ ਘਟਨਾਵਾਂ ਦੌਰਾਨ ਰਾਜਧਾਨੀ ਵਿੱਚ ਹਾਲਾਤ ਬਹੁਤ ਤਣਾਅਪੂਰਨ ਹਨ ਅਤੇ ਸੁਰੱਖਿਆ ਬਲ ਸਥਿਤੀ ਨੂੰ ਕਾਬੂ ਕਰਨ ਵਿੱਚ ਨਾਕਾਮ ਰਹੇ। ਪ੍ਰਦਰਸ਼ਨਕਾਰੀਆਂ ਨੇ ਸਾਬਕਾ ਪ੍ਰਧਾਨ ਮੰਤਰੀ ਝਲਨਾਥ ਖਨਾਲ ਦੇ ਘਰ ਨੂੰ ਅੱਗ ਲਾ ਦਿੱਤੀ। ਘਰ ਵਿੱਚ ਉਨ੍ਹਾਂ ਦੀ ਪਤਨੀ ਰਾਜਲਕਸ਼ਮੀ ਚਿਤਰਕਾਰ ਸਨ। ਉਹ ਬੁਰੀ ਤਰ੍ਹਾਂ ਸੜ ਗਈ ਅਤੇ ਕੀਰਤੀਪੁਰ ਬਰਨ ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ। ਪ੍ਰਦਰਸ਼ਨਕਾਰੀਆਂ ਨੇ ਸੰਸਦ ਭਵਨ ਨੂੰ ਅੱਗ ਲਾ ਦਿੱਤੀ ਅਤੇ ਪ੍ਰਧਾਨ ਮੰਤਰੀ ਸ਼ਰਮਾ ਓਲੀ, ਰਾਸ਼ਟਰਪਤੀ ਰਾਮ ਚੰਦਰ ਪੌਡੇਲ ਅਤੇ ਗ੍ਰਹਿ ਮੰਤਰੀ ਦੇ ਨਿੱਜੀ ਘਰਾਂ 'ਤੇ ਹਮਲਾ ਕਰ ਕੇ ਭੰਨ-ਤੋੜ ਅਤੇ ਅੱਗਜ਼ਨੀ ਕੀਤੀ।

HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

ਵੋਟ ਚੋਰੀ

# ਜੇ ਕੇਂਦਰ ਅਤੇ ਰਾਜਾਂ ਦੇ ਵੱਖ-ਵੱਖ ਚੋਣ ਕਮਿਸ਼ਨ ਹੁੰਦੇ?

ਕ੍ਰਿਸ਼ਨ ਪ੍ਰਤਾਪ ਸਿੰਘ
ਸੀਨੀਅਰ ਪੱਤਰਕਾਰ

***ਸੰਵਿਧਾਨ ਸਭਾ ਵਿੱਚ ਸੰਵਿਧਾਨ ਬਣਾਉਣ ਦੌਰਾਨ ਮਸੌਦੇ ਦੀ ਧਾਰਾ 289 ਵਿੱਚ ਪ੍ਰਸਤਾਵ ਸੀ ਕਿ ਕੇਂਦਰ ਅਤੇ ਰਾਜਾਂ ਦੇ ਚੋਣ ਕਮਿਸ਼ਨ ਵੱਖਰੇ ਅਤੇ ਆਪਸ ਵਿੱਚ ਸੁਤੰਤਰ ਹੋਣ। ਇਸ ਦਾ ਮੁੱਖ ਤਰਕ ਸੀ ਕਿ ਚੋਣਾਂ ਦੀਆਂ ਸ਼ਕਤੀਆਂ ਦਾ ਵਿਕੇਂਦਰੀਕਰਨ ਹੋਵੇਗਾ, ਜਿਸ ਨਾਲ ਕੇਂਦਰੀ ਅਤੇ ਰਾਜ ਚੋਣ ਕਮਿਸ਼ਨ ਇੱਕ ਦੂਜੇ ਦੀ ਮਨਮਾਨੀ 'ਤੇ ਰੋਕ ਲਗਾ ਸਕਣਗੇ। ਇਸ ਨਾਲ ਚੋਣ ਪ੍ਰਕਿਰਿਆ ਵਿੱਚ ਸੰਤੁਲਨ ਬਣਦਾ। ਅਜਿਹੀ ਵਿਵਸਥਾ ਹੁੰਦੀ ਤਾਂ ਕੇਂਦਰੀ ਚੋਣ ਕਮਿਸ਼ਨ ਲਈ ਰਾਜਾਂ ਦੀਆਂ ਵੋਟਰ ਸੂਚੀਆਂ ਵਿੱਚ ਹੇਰ-ਫੇਰ ਜਾਂ ਵੋਟ ਚੋਰੀ ਦਾ ਮੌਕਾ ਨਹੀਂ ਮਿਲਦਾ। ਜੇਕਰ ਉਹ ਸ਼ਕਤੀਆਂ ਦੀ ਦੁਰਵਰਤੋਂ ਕਰਦਾ, ਤਾਂ ਰਾਜ ਚੋਣ ਕਮਿਸ਼ਨ ਉਸ ਨੂੰ ਜਵਾਬਦੇਹ ਬਣਾ ਸਕਦੇ ਸਨ।***




ਦੇਸ਼ ਵਿੱਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਉਸ ਦੀ ਸਰਕਾਰ ਵੱਲੋਂ ਕੇਂਦਰੀ ਚੋਣ ਕਮਿਸ਼ਨ ਦੀ ਮਿਲੀਭੁਗਤ ਨਾਲ ਵੋਟ ਚੋਰੀ ਦੇ ਜ਼ਰੀਏ ਜਨਤਾ ਦੇ ਫੈਸਲੇ ਨੂੰ ਗਲਤ ਢੰਗ ਨਾਲ ਆਪਣੇ ਹੱਕ ਵਿੱਚ ਕਰਨ ਦੇ ਵਿਰੁੱਧ ਵਿਰੋਧੀ ਪਾਰਟੀਆਂ ਨੂੰ ਸੜਕਾਂ 'ਤੇ ਅੰਦੋਲਨ ਕਰਨਾ ਪੈ ਰਿਹਾ ਹੈ। ਸਵਾਲ ਇਹ ਹੈ ਕਿ ਕੀ ਇਹ ਸਭ ਉਦੋਂ ਵੀ ਸੰਭਵ ਹੁੰਦਾ, ਜੇਕਰ ਕੇਂਦਰ ਅਤੇ ਰਾਜਾਂ ਵਿੱਚ ਵੱਖ-ਵੱਖ ਅਤੇ ਸੁਤੰਤਰ ਚੋਣ ਕਮਿਸ਼ਨ ਹੁੰਦੇ?

ਸੰਵਿਧਾਨ ਸਭਾ ਵਿੱਚ ਸੰਵਿਧਾਨ ਬਣਾਉਣ ਦੌਰਾਨ ਮਸੌਦੇ ਦੀ ਧਾਰਾ 289 ਵਿੱਚ ਪ੍ਰਸਤਾਵ ਸੀ ਕਿ ਕੇਂਦਰ ਅਤੇ ਰਾਜਾਂ ਦੇ ਚੋਣ ਕਮਿਸ਼ਨ ਵੱਖਰੇ ਅਤੇ ਆਪਸ ਵਿੱਚ ਸੁਤੰਤਰ ਹੋਣ। ਇਸ ਦਾ ਮੁੱਖ ਤਰਕ ਸੀ ਕਿ ਚੋਣਾਂ ਦੀਆਂ ਸ਼ਕਤੀਆਂ ਦਾ ਵਿਕੇਂਦਰੀਕਰਨ ਹੋਵੇਗਾ, ਜਿਸ ਨਾਲ ਕੇਂਦਰੀ ਅਤੇ ਰਾਜ ਚੋਣ ਕਮਿਸ਼ਨ ਇੱਕ ਦੂਜੇ ਦੀ ਮਨਮਾਨੀ 'ਤੇ ਰੋਕ ਲਗਾ ਸਕਣਗੇ। ਇਸ ਨਾਲ ਚੋਣ ਪ੍ਰਕਿਰਿਆ ਵਿੱਚ ਸੰਤੁਲਨ ਬਣਦਾ। ਅਜਿਹੀ ਵਿਵਸਥਾ ਹੁੰਦੀ ਤਾਂ ਕੇਂਦਰੀ ਚੋਣ ਕਮਿਸ਼ਨ ਲਈ ਰਾਜਾਂ ਦੀਆਂ ਵੋਟਰ ਸੂਚੀਆਂ ਵਿੱਚ ਹੇਰ-ਫੇਰ ਜਾਂ ਵੋਟ ਚੋਰੀ ਦਾ ਮੌਕਾ ਨਹੀਂ ਮਿਲਦਾ। ਜੇਕਰ ਉਹ ਸ਼ਕਤੀਆਂ ਦੀ ਦੁਰਵਰਤੋਂ ਕਰਦਾ, ਤਾਂ ਰਾਜ ਚੋਣ ਕਮਿਸ਼ਨ ਉਸ ਨੂੰ ਜਵਾਬਦੇਹ ਬਣਾ ਸਕਦੇ ਸਨ।

ਸੰਵਿਧਾਨ ਸਭਾ ਵਿੱਚ ਇਸ ਪ੍ਰਸਤਾਵ 'ਤੇ ਸਹਿਮਤੀ ਕਿਉਂ ਨਹੀਂ ਬਣੀ? ਪੰਡਿਤ ਹ੍ਰਿਦਯਨਾਥ ਕੁੰਜਰੂ ਨੇ 16 ਜੂਨ 1949 ਨੂੰ ਕਿਹਾ ਸੀ ਕਿ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਵਿੱਚ ਕੇਂਦਰ ਸਰਕਾਰ ਦੇ ਸਿਆਸੀ ਪ੍ਰਭਾਵ ਦੀ ਗੁੰਜਾਇਸ਼ ਛੱਡਣ ਨਾਲ ਸਮੱਸਿਆਵਾਂ ਪੈਦਾ ਹੋਣਗੀਆਂ। ਉਨ੍ਹਾਂ ਨੇ ਖਦਸ਼ਾ ਜਤਾਇਆ ਕਿ ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਨਿਯੁਕਤੀ ਕਰਨੀ ਪਵੇਗੀ, ਜਿਸ ਨਾਲ ਸਿਆਸੀ ਪੱਖਪਾਤ ਦਾ ਖਤਰਾ ਵਧੇਗਾ। ਇਹ ਖਦਸ਼ਾ ਅੱਜ ਸੱਚ ਸਾਬਤ ਹੋ ਰਿਹਾ ਹੈ।

ਸੀਨੀਅਰ ਰਾਜਨੀਤਕ ਸ਼ਾਸਤਰੀ ਡਾ. ਰਾਮਬਹਾਦੁਰ ਵਰਮਾ ਦੱਸਦੇ ਹਨ ਕਿ ਸੰਵਿਧਾਨ ਸਭਾ ਵਿੱਚ ਚੋਣ ਕਮਿਸ਼ਨ ਦੀ ਵਿਵਸਥਾ 'ਤੇ ਡੂੰਘੇ ਮਤਭੇਦ ਸਨ। ਕਈ ਮੈਂਬਰ ਇੱਕ ਕੇਂਦਰੀ ਚੋਣ ਕਮਿਸ਼ਨ ਦੇ ਹੱਕ ਵਿੱਚ ਸਨ, ਜਦਕਿ ਕਈ ਰਾਜਾਂ ਲਈ ਵੱਖਰੇ ਅਤੇ ਸੁਤੰਤਰ ਚੋਣ ਕਮਿਸ਼ਨ ਚਾਹੁੰਦੇ ਸਨ। ਸੰਘ ਵਿਧਾਨ ਸਮਿਤੀ ਨੇ 4 ਜੁਲਾਈ 1947 ਨੂੰ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ ਸਾਰੀਆਂ ਚੋਣਾਂ ਦਾ ਨਿਰੀਖਣ, ਸੰਚਾਲਨ ਅਤੇ ਕੰਟਰੋਲ ਰਾਸ਼ਟਰਪਤੀ ਵੱਲੋਂ ਨਿਯੁਕਤ ਕਮਿਸ਼ਨ ਕੋਲ ਹੋਵੇ।

29 ਜੁਲਾਈ 1947 ਨੂੰ ਐਨ. ਗੋਪਾਲਸਵਾਮੀ ਅਈਅੰਗਰ ਨੇ ਇਹ ਪ੍ਰਸਤਾਵ ਪੇਸ਼ ਕੀਤਾ, ਪਰ ਐਚ.ਵੀ. ਪਾਤਸਕਰ ਨੇ ਸੋਧ ਸੁਝਾਈ ਕਿ ਸੰਘੀ ਚੋਣਾਂ ਅਤੇ ਪ੍ਰਾਂਤਕ ਚੋਣਾਂ ਲਈ ਵੱਖਰੀ ਵਿਵਸਥਾ ਹੋਵੇ। ਉਨ੍ਹਾਂ ਦਾ ਕਹਿਣਾ ਸੀ ਕਿ ਪ੍ਰਾਂਤਕ ਚੋਣਾਂ ਦਾ ਕੰਮ ਗਵਰਨਰਾਂ ਕੋਲ ਰਹਿਣਾ ਚਾਹੀਦਾ ਹੈ। ਇਸ ਸੋਧ ਨੂੰ ਟੀ. ਪ੍ਰਕਾਸ਼ਮ ਤੇ ਨਜ਼ੀਰੁਦੀਨ ਅਹਿਮਦ ਨੇ ਸਮਰਥਨ ਦਿੱਤਾ ਅਤੇ ਸੰਵਿਧਾਨ ਸਭਾ ਨੇ ਇਸ ਨੂੰ ਸਵੀਕਾਰ ਕਰ ਲਿਆ।

ਪਰ ਮਸੌਦਾ ਸਮਿਤੀ, ਜਿਸ ਦੀ ਅਗਵਾਈ ਡਾ. ਭੀਮਰਾਓ ਅੰਬੇਦਕਰ ਨੇ ਕੀਤੀ, ਨੇ ਧਾਰਾ 289 ਵਿੱਚ ਪ੍ਰਸਤਾਵ ਰੱਖਿਆ ਕਿ ਕੇਂਦਰੀ ਵਿਧਾਨ ਮੰਡਲ ਦੀਆਂ ਚੋਣਾਂ ਲਈ ਇੱਕ ਕਮਿਸ਼ਨ ਹੋਵੇ, ਜਿਸ ਦੀ ਨਿਯੁਕਤੀ ਰਾਸ਼ਟਰਪਤੀ ਕਰੇ ਅਤੇ ਰਾਜਾਂ ਲਈ ਵੱਖਰੇ ਕਮਿਸ਼ਨ ਹੋਣ, ਜਿਨ੍ਹਾਂ ਨੂੰ ਰਾਜਪਾਲ ਨਿਯੁਕਤ ਕਰਨ। ਪਰ 15 ਜੂਨ 1949 ਨੂੰ ਅੰਬੇਦਕਰ ਨੇ ਇਸ ਨੂੰ ਬਦਲ ਕੇ ਇੱਕ ਕੇਂਦਰੀ ਚੋਣ ਕਮਿਸ਼ਨ ਦੀ ਵਿਵਸਥਾ ਪੇਸ਼ ਕੀਤੀ, ਜਿਸ ਦੇ ਅਧੀਨ ਪ੍ਰਾਂਤਕ ਕਮਿਸ਼ਨਰ ਕੰਮ ਕਰਨਗੇ।

ਅੰਬੇਦਕਰ ਦਾ ਮੰਨਣਾ ਸੀ ਕਿ ਪ੍ਰਾਂਤਕ ਸਰਕਾਰਾਂ ਵੋਟਰ ਸੂਚੀਆਂ ਵਿੱਚ ਪੱਖਪਾਤ ਕਰ ਸਕਦੀਆਂ ਹਨ, ਜਿਸ ਨਾਲ ਜਮਹੂਰੀਅਤ ਨੂੰ ਨੁਕਸਾਨ ਹੋਵੇਗਾ। ਇਸ ਲਈ ਉਨ੍ਹਾਂ ਨੇ ਕੇਂਦਰੀਕ੍ਰਿਤ ਵਿਵਸਥਾ ਨੂੰ ਤਰਜੀਹ ਦਿੱਤੀ। ਇਸ ਨੂੰ ਕਨ੍ਹਈਆ ਲਾਲ ਮੁਨਸ਼ੀ, ਆਰ.ਕੇ. ਸਿੰਘਲ ਅਤੇ ਪ੍ਰੋ. ਸ਼ਿੱਬੂ ਲਾਲ ਸਕਸੈਨਾ ਨੇ ਸਮਰਥਨ ਦਿੱਤਾ। ਸਕਸੈਨਾ ਨੇ ਸੁਝਾਇਆ ਕਿ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਲਈ ਸੰਸਦ ਦੇ ਦੋ-ਤਿਹਾਈ ਬਹੁਮਤ ਦੀ ਮਨਜ਼ੂਰੀ ਜ਼ਰੂਰੀ ਹੋਵੇ, ਪਰ ਇਹ ਸੁਝਾਅ ਨਹੀਂ ਮੰਨਿਆ ਗਿਆ।

ਐਚ.ਬੀ. ਪਾਤਸਕਰ ਅਤੇ ਕੁਲਧਰ ਚਾਲੀਹਾ ਨੇ ਇਸ ਦਾ ਵਿਰੋਧ ਕੀਤਾ। ਪਾਤਸਕਰ ਨੇ ਕਿਹਾ ਕਿ ਸੰਘੀ ਸ਼ਾਸਨ ਦੇ ਵਿਚਾਰ ਨੂੰ ਛੱਡ ਕੇ ਸਾਰੀਆਂ ਸ਼ਕਤੀਆਂ ਕੇਂਦਰ ਨੂੰ ਦੇਣਾ ਗਲਤ ਹੈ। ਚਾਲੀਹਾ ਨੇ ਕਿਹਾ ਕਿ ਪ੍ਰਾਂਤਾਂ 'ਤੇ ਸ਼ੱਕ ਕਰਨਾ ਅਤੇ ਕੇਂਦਰ ਨੂੰ ਜ਼ਿਆਦਾ ਸ਼ਕਤੀਆਂ ਦੇਣਾ ਅਣਚਾਹੇ ਨਤੀਜੇ ਦੇਵੇਗਾ। ਉਨ੍ਹਾਂ ਨੇ ਪ੍ਰਾਂਤਾਂ ਨਾਲ ਅਨਿਆਂ ਅਤੇ ਸ਼ੱਕ ਦਾ ਦੋਸ਼ ਲਗਾਇਆ, ਪਰ ਅੰਬੇਦਕਰ ਸਹਿਮਤ ਨਹੀਂ ਹੋਏ।

ਡਾ. ਵਰਮਾ ਮੰਨਦੇ ਹਨ ਕਿ ਇੱਕ ਕੇਂਦਰੀ ਚੋਣ ਕਮਿਸ਼ਨ ਦੀ ਵਿਵਸਥਾ ਸੰਵਿਧਾਨ ਸਭਾ ਦੀ ਭੁੱਲ ਸੀ। ਅੱਜ ਇਹ ਭੁੱਲ ਸੁਤੰਤਰ ਅਤੇ ਨਿਰਪੱਖ ਚੋਣਾਂ ਦੇ ਰਾਹ ਵਿੱਚ ਰੋੜਾ ਬਣੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੇਂਦਰੀ ਚੋਣ ਕਮਿਸ਼ਨ ਨਰੇਂਦਰ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਹੈ ਅਤੇ ਭਾਜਪਾ ਦੇ ਲਾਭ ਲਈ ਵੋਟਰ ਸੂਚੀਆਂ, ਵੋਟਿੰਗ ਅਤੇ ਗਿਣਤੀ ਵਿੱਚ ਪੱਖਪਾਤ ਦੀਆਂ ਸ਼ਿਕਾਇਤਾਂ ਹਨ। ਆਦਰਸ਼ ਚੋਣ ਜ਼ਾਬਤੇ ਦੀਆਂ ਪਾਬੰਦੀਆਂ ਸਿਰਫ ਵਿਰੋਧੀ ਪਾਰਟੀਆਂ 'ਤੇ ਲਾਗੂ ਹੁੰਦੀਆਂ ਹਨ, ਜਦਕਿ ਭਾਜਪਾ ਇਸ ਤੋਂ ਮੁਕਤ ਜਾਪਦੀ ਹੈ।

ਪੰਡਿਤ ਕੁੰਜਰੂ ਦੀ 1949 ਵਿੱਚ ਕਹੀ ਗੱਲ ਅੱਜ ਸੱਚ ਸਾਬਤ ਹੋ ਰਹੀ ਹੈ: ਪ੍ਰਾਂਤਕ ਸਰਕਾਰਾਂ ਦੀ ਸਿਆਸੀ ਸ਼ਕਤੀ ਘਟਾਉਣ ਨਾਲ ਕੇਂਦਰ ਸਰਕਾਰ ਦਾ ਪੱਖਪਾਤ ਹਾਵੀ ਹੋ ਜਾਂਦਾ ਹੈ, ਜਿਸ ਨੂੰ ਸੁਧਾਰਨਾ ਮੁਸ਼ਕਿਲ ਹੈ। ਡਾ. ਵਰਮਾ ਪੁੱਛਦੇ ਹਨ ਕਿ ਕੀ ਸੰਵਿਧਾਨ ਬਣਾਉਣ ਵਾਲਿਆਂ ਨੂੰ ਅੰਦਾਜ਼ਾ ਨਹੀਂ ਸੀ ਕਿ ਚੋਣ ਕਮਿਸ਼ਨ ਸੱਤਾਧਾਰੀ ਪਾਰਟੀ ਦੇ ਏਜੰਟ ਵਜੋਂ ਕੰਮ ਕਰੇਗਾ? ਜੇਕਰ ਸੀ, ਤਾਂ ਇਹ ਭੁੱਲ ਕਿਵੇਂ ਹੋਈ?

ਜੇਕਰ ਵੱਖਰੇ ਚੋਣ ਕਮਿਸ਼ਨ ਹੁੰਦੇ, ਤਾਂ ਸਿਆਸੀ ਦਖਲਅੰਦਾਜ਼ੀ ਘਟ ਸਕਦੀ ਸੀ। ਰਾਜਾਂ ਨੂੰ ਵੋਟਰ ਸੂਚੀਆਂ 'ਤੇ ਸਿੱਧਾ ਕੰਟਰੋਲ ਮਿਲਦਾ, ਜਿਸ ਨਾਲ ਹੇਰ-ਫੇਰ ਦੀ ਸੰਭਾਵਨਾ ਘਟਦੀ। ਸੰਵਿਧਾਨ ਸਭਾ ਦੀ ਇਸ ਭੁੱਲ ਨੇ ਜਮਹੂਰੀਅਤ 'ਤੇ ਸਵਾਲ ਖੜ੍ਹੇ ਕੀਤੇ ਹਨ। ਵੱਖਰੇ ਕਮਿਸ਼ਨਾਂ ਦੀ ਵਿਵਸਥਾ ਅਪਣਾਈ ਹੁੰਦੀ, ਤਾਂ ਸ਼ਾਇਦ ਅੱਜ ਦੇ ਪੱਖਪਾਤ ਦੇ ਦੋਸ਼ ਘਟ ਹੁੰਦੇ।

# ਜਾਤੀ ਜਨਗਣਨਾ ਅਤੇ ਮੁਸਲਿਮ ਸਮਾਜ

## *ਕੀ ਭਾਜਪਾ ਪਸਮਾਂਦਾ (ਪੱਛੜੇ ਮੁਸਲਮਾਨ) ਨੂੰ ਆਪਣੇ ਨਾਲ ਜੋੜ ਸਕੇਗੀ?*

ਅਮਿਤ ਕੁਮਾਰ ਗੁਪਤਾ*

ਬਿਹਾਰ ਵਿੱਚ ਚੋਣਾਂ ਨੇੜੇ ਹਨ ਅਤੇ ਜਾਤੀ ਜਨਗਣਨਾ ਦਾ ਮੁੱਦਾ ਕਾਫੀ ਚਰਚਾ ਵਿੱਚ ਹੈ। ਇਸ ਵਾਰ ਦੀਆਂ ਚੋਣਾਂ ਵਿੱਚ ਜਾਤੀਆਂ, ਖਾਸ ਕਰ ਕੇ ਪੱਛੜੀਆਂ ਮੁਸਲਿਮ ਜਾਤੀਆਂ ਦੀ ਭੂਮਿਕਾ ਅਹਿਮ ਹੋਵੇਗੀ।

ਹਾਲ ਹੀ ਵਿੱਚ ਜਾਮੀਆ ਮਿਲੀਆ ਇਸਲਾਮੀਆ ਵਿੱਚ ਪਸਮਾਂਦਾ ਮੁਸਲਿਮ ਸਮਾਜ ਬਾਰੇ ਇੱਕ ਪ੍ਰੋਗਰਾਮ ਹੋਇਆ, ਜਿਸ ਵਿੱਚ ਉੱਤਰ ਪ੍ਰਦੇਸ਼ ਦੇ ਘੱਟ-ਗਿਣਤੀ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂ ਦਾਨਿਸ਼ ਅਜ਼ਾਦ ਅੰਸਾਰੀ ਮੁੱਖ ਮਹਿਮਾਨ ਸਨ। ਇਹ ਪ੍ਰੋਗਰਾਮ ਆਲ ਇੰਡੀਆ ਪਸਮਾਂਦਾ ਮੁਸਲਿਮ ਮਹਾਜ਼ ਨੇ ਕਰਵਾਇਆ ਸੀ। ਵਿਸ਼ਾ ਸੀ: ਜਾਤੀ ਜਨਗਣਨਾ ਅਤੇ ਪਸਮਾਂਦਾ ਸਮਾਜ ਦੇ ਵਿਕਾਸ 'ਤੇ ਇਸ ਦਾ ਅਸਰ। ਇਸ ਵਿੱਚ ਭਾਜਪਾ ਦੇ ਸਾਬਕਾ ਰਾਜ ਸਭਾ ਮੈਂਬਰ ਮਹੇਸ਼ ਚੰਦਰ ਸ਼ਰਮਾ ਸਮੇਤ ਕਈ ਆਗੂ ਸ਼ਾਮਲ ਹੋਏ। ਜਾਮੀਆ ਦੇ ਵਾਈਸ ਚਾਂਸਲਰ ਮਜ਼ਹਰ ਆਸਿਫ ਨੇ ਪ੍ਰੋਗਰਾਮ ਨੂੰ ਸਮਰਥਨ ਦਿੱਤਾ ਅਤੇ ਮੁਸਲਿਮ ਰਾਸ਼ਟਰੀ ਮੰਚ ਨੇ ਵੀ ਹਿੱਸਾ ਲਿਆ।

ਅਜਿਹੇ ਕਈ ਪ੍ਰੋਗਰਾਮ ਭਾਜਪਾ ਦੇ ਸਮਰਥਨ ਵਾਲੇ ਪਸਮਾਂਦਾ ਸੰਗਠਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਕਰ ਰਹੇ ਹਨ, ਜਿਨ੍ਹਾਂ ਵਿੱਚ ਜਾਤੀ ਜਨਗਣਨਾ ਦੇ ਫਾਇਦਿਆਂ ਬਾਰੇ ਦੱਸਿਆ ਜਾ ਰਿਹਾ ਹੈ।

### ਬਿਹਾਰ ਦੀਆਂ ਚੋਣਾਂ ਅਤੇ ਜਾਤੀ ਜਨਗਣਨਾ

ਬਿਹਾਰ ਚੋਣਾਂ ਮੁੱਖ ਮੰਤਰੀ ਨੀਤੀਸ਼ ਕੁਮਾਰ ਦੀਆਂ ਆਖਰੀ ਚੋਣਾਂ ਮੰਨੀਆਂ ਜਾ ਰਹੀਆਂ ਹਨ। ਵਿਰੋਧੀ ਧਿਰ ਲਈ ਵੀ ਇਹ ਚੋਣਾਂ ਜਿੱਤਣਾ ਜ਼ਰੂਰੀ ਹੈ, ਕਿਉਂਕਿ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਨੂੰ ਉਮੀਦ ਮੁਤਾਬਕ ਸੀਟਾਂ ਨਹੀਂ ਮਿਲੀਆਂ।

ਇਸ ਵਾਰ ਜਾਤੀ ਜਨਗਣਨਾ ਅਤੇ ਰਾਖਵਾਂਕਰਨ ਦੀ ਹੱਦ ਵਧਾਉਣ ਦਾ ਮੁੱਦਾ ਚਰਚਾ ਵਿੱਚ ਹੈ। ਮਹਾਗਠਜੋੜ (ਵਿਰੋਧੀ ਧਿਰ) ਜਾਤੀ ਸਰਵੇ ਦੇ ਆਧਾਰ 'ਤੇ ਰਾਖਵਾਂਕਰਨ ਦੀ ਹੱਦ ਵਧਾਉਣ ਅਤੇ ਇਸ ਨੂੰ ਸੰਵਿਧਾਨ ਦੀ ਨੌਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਦੀ ਮੰਗ ਕਰ ਰਿਹਾ ਹੈ। ਦੂਜੇ ਪਾਸੇ, ਸੱਤਾਧਾਰੀ ਐਨ.ਡੀ.ਏ. ਦੇ ਜਾਤੀ ਜਨਗਣਨਾ ਦੇ ਐਲਾਨ ਕਰ ਕੇ ਚੁੱਪ ਵਰਤੀ ਹੋਈ ਹੈ।

ਵਿਰੋਧੀ ਧਿਰ ਜਾਤੀ ਜਨਗਣਨਾ ਨੂੰ ਸਿਰਫ ਪੱਛੜੇ ਵਰਗ, ਦਲਿਤ ਅਤੇ ਅਨੁਸੂਚਿਤ ਜਨਜਾਤੀਆਂ ਨਾਲ ਜੋੜ ਰਹੀ ਹੈ, ਪਰ ਇਹ ਮੁੱਦਾ ਸਿਰਫ ਪੱਛੜੀ ਜਾਤੀਆਂ ਤੱਕ ਸੀਮਤ ਨਹੀਂ। ਇਹ ਮੁਸਲਿਮ ਸਮਾਜ ਵਿੱਚ ਵੀ ਵੰਡ ਪੈਦਾ ਕਰ ਸਕਦਾ ਹੈ।

### ਮੁਸਲਿਮ ਸਮਾਜ ਅਤੇ ਜਾਤੀਆਂ

ਜਾਤੀ ਜਨਗਣਨਾ ਵਿੱਚ ਹਰ ਧਰਮ ਦੀਆਂ ਜਾਤੀਆਂ ਨੂੰ ਗਿਣਿਆ ਜਾਵੇਗਾ। ਇਸ ਦਾ ਸਭ ਤੋਂ ਵੱਡਾ ਅਸਰ ਮੁਸਲਿਮ ਸਮਾਜ 'ਤੇ ਹੋਵੇਗਾ, ਜਿਸ ਨੂੰ ਹੁਣ ਤੱਕ ਇੱਕੋ ਜਿਹੀ ਇਕਾਈ ਅਤੇ ਇੱਕਮੁਸ਼ਤ ਵੋਟ ਵਜੋਂ ਦੇਖਿਆ ਜਾਂਦਾ ਸੀ। ਜਾਤੀ ਜਨਗਣਨਾ ਤੋਂ ਬਾਅਦ ਇਹ ਇਕਸਾਰਤਾ ਟੁੱਟ ਸਕਦੀ ਹੈ ਅਤੇ ਭਾਜਪਾ ਇਸ ਵੰਡ ਵਿੱਚ ਸੰਨ੍ਹ ਲਗਾਉਣ ਲਈ ਤਿਆਰ ਹੈ।

ਮੁਸਲਮਾਨ ਸਮਾਜ ਵਿੱਚ ਸਿਧਾਂਤਕ ਤੌਰ 'ਤੇ ਸਮਾਨਤਾ ਦੀ ਗੱਲ ਕੀਤੀ ਜਾਂਦੀ ਹੈ, ਪਰ ਭਾਰਤ ਵਿੱਚ ਇਹ ਕਈ ਜਾਤੀਆਂ ਵਿੱਚ ਵੰਡਿਆ ਹੋਇਆ ਹੈ, ਜਿਵੇਂ ਕਿ ਧੋਬੀ, ਤਰਖਾਣ, ਦਰਜੀ, ਨਾਈ, ਰਾਜਪੂਤ, ਗੁੱਜਰ, ਜਾਟ ਆਦਿ। ਇਨ੍ਹਾਂ ਵਿੱਚ ਹਿੰਦੂ ਜਾਤੀ ਵਰਗੀ ਅਸਮਾਨਤਾ ਅਤੇ ਭੇਦਭਾਵ ਵੀ ਮੌਜੂਦ ਹੈ। ਪੱਛੜੇ ਮੁਸਲਮਾਨਾਂ ਨੂੰ ਪਸਮਾਂਦਾ ਕਿਹਾ ਜਾਂਦਾ ਹੈ, ਜਿਨ੍ਹਾਂ ਨੂੰ ਨੌਕਰੀਆਂ ਅਤੇ ਸਿੱਖਿਆ ਸੰਸਥਾਵਾਂ ਵਿੱਚ ਰਾਖਵਾਂਕਰਨ ਦਾ ਲਾਭ ਮਿਲਦਾ ਹੈ, ਜਿਵੇਂ ਹੋਰ ਧਰਮਾਂ ਦੇ ਪੱਛੜੇ ਵਰਗਾਂ ਨੂੰ।

ਜਾਤੀ ਜਨਗਣਨਾ ਨਾਲ ਮੁਸਲਿਮ ਸਮਾਜ ਦੀ ਜਾਤੀ ਵਿਵਸਥਾ ਨੂੰ ਅੰਕੜਿਆਂ ਦਾ ਠੋਸ ਆਧਾਰ ਮਿਲੇਗਾ। ਇਸ ਨਾਲ ਅਸਮਾਨਤਾਵਾਂ ਸਾਹਮਣੇ ਆਉਣਗੀਆਂ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਯੋਜਨਾਵਾਂ ਬਣ ਸਕਦੀਆਂ ਹਨ। ਇਸ ਨਾਲ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜੇ ਮੁਸਲਮਾਨਾਂ ਦਾ ਭਲਾ ਹੋ ਸਕਦਾ ਹੈ।

ਵਿਰੋਧੀ ਪਾਰਟੀਆਂ ਅਤੇ ਆਪਣੇ ਆਪ ਨੂੰ ਧਰਮ ਨਿਰਪੱਖ ਕਹਿਣ ਵਾਲੀਆਂ ਪਾਰਟੀਆਂ ਨੇ ਮੁਸਲਿਮ ਸਮਾਜ ਦੀ ਜਾਤੀ ਵਿਵਸਥਾ ਨੂੰ ਨਜ਼ਰਅੰਦਾਜ਼ ਕੀਤਾ ਅਤੇ ਉਨ੍ਹਾਂ ਦੀ ਪਛਾਣ ਸਿਰਫ ਇਸਲਾਮ ਤੱਕ ਸੀਮਤ ਰੱਖੀ। ਇਸ ਕਾਰਨ ਪਸਮਾਂਦਾ ਸਮਾਜ ਨੂੰ ਲਾਭ ਨਹੀਂ ਮਿਲ ਸਕਿਆ। ਭਾਜਪਾ ਇਸ ਮੁੱਦੇ ਨੂੰ ਉਠਾਉਂਦੀ ਰਹਿੰਦੀ ਹੈ ਅਤੇ ਪਸਮਾਂਦਾ ਵੋਟਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ।

### ਬਿਹਾਰ ਅਤੇ ਤੇਲੰਗਾਨਾ ਦੇ ਅੰਕੜੇ

ਬਿਹਾਰ ਅਤੇ ਤੇਲੰਗਾਨਾ ਵਿੱਚ ਹੋਏ ਜਾਤੀ ਸਰਵੇ ਦੇ ਅੰਕੜੇ ਦੱਸਦੇ ਹਨ ਕਿ ਮੁਸਲਿਮ ਸਮਾਜ ਵਿੱਚ ਪਸਮਾਂਦਾ ਦੀ ਆਬਾਦੀ ਵੱਡੀ ਹੈ। ਬਿਹਾਰ ਵਿੱਚ ਮੁਸਲਮਾਨਾਂ ਦੀ ਕੁੱਲ ਅਬਾਦੀ 17% ਹੈ, ਜਿਸ ਵਿੱਚ 70% ਪਸਮਾਂਦਾ ਹਨ। ਤੇਲੰਗਾਨਾ ਵਿੱਚ ਮੁਸਲਮਾਨ 12.56% ਹਨ, ਜਿਨ੍ਹਾਂ ਵਿੱਚ 10.08% ਪਸਮਾਂਦਾ ਅਤੇ ਸਿਰਫ 2.48% ਸਵਰਨ ਮੁਸਲਮਾਨ (ਜਿਵੇਂ ਸ਼ੇਖ, ਸੱਯਦ, ਪਠਾਨ) ਹਨ। ਇਹ ਅੰਕੜੇ ਦਰਸਾਉਂਦੇ ਹਨ ਕਿ ਪਸਮਾਂਦਾ ਮੁਸਲਮਾਨਾਂ ਦੀ ਗਿਣਤੀ ਹਿੰਦੂ ਸਮਾਜ ਦੀਆਂ ਪੱਛੜੀਆਂ ਜਾਤੀਆਂ ਵਰਗੀ ਹੈ।

### ਭਾਜਪਾ ਅਤੇ ਪਸਮਾਂਦਾ

ਭਾਜਪਾ ਦਾਅਵਾ ਕਰਦੀ ਹੈ ਕਿ ਉਸ ਦੀਆਂ ਕਲਿਆਣਕਾਰੀ ਯੋਜਨਾਵਾਂ (ਜਿਵੇਂ ਉਜਵਲਾ, ਆਵਾਸ, ਮੁਫਤ ਰਾਸ਼ਨ, ਮੁਦਰਾ ਯੋਜਨਾ) ਦਾ ਸਭ ਤੋਂ ਵੱਡਾ ਲਾਭ ਮੁਸਲਿਮ ਸਮਾਜ, ਖਾਸ ਕਰ ਕੇ ਪਸਮਾਂਦਾ ਨੂੰ ਮਿਲਿਆ ਹੈ। ਭਾਜਪਾ ਦਾ ਕਹਿਣਾ ਹੈ ਕਿ ਇਨ੍ਹਾਂ ਯੋਜਨਾਵਾਂ ਦੇ 35% ਲਾਭਪਾਤਰੀ ਮੁਸਲਮਾਨ ਹਨ। ਸੀ.ਐਸ.ਡੀ.ਐਸ.-ਲੋਕਨੀਤੀ ਦੇ ਸਰਵੇ ਮੁਤਾਬਕ, ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ 8% ਮੁਸਲਿਮ ਵੋਟ ਮਿਲੇ, ਜਿਸ ਵਿੱਚ ਲਾਭਾਰਥੀਆਂ ਦੀ ਭੂਮਿਕਾ ਅਹਿਮ ਸੀ।

ਭਾਜਪਾ ਨੇ ਪਸਮਾਂਦਾ ਆਗੂਆਂ ਨੂੰ ਅਹਿਮ ਅਹੁਦੇ ਦਿੱਤੇ ਹਨ, ਜਿਵੇਂ ਜੰਮੂ-ਕਸ਼ਮੀਰ ਤੋਂ ਗੁਲਾਮ ਅਲੀ ਨੂੰ ਰਾਜ ਸਭਾ ਮੈਂਬਰ ਅਤੇ ਉੱਤਰ ਪ੍ਰਦੇਸ਼ ਵਿੱਚ ਦਾਨਿਸ਼ ਅਜ਼ਾਦ ਅੰਸਾਰੀ ਨੂੰ ਘੱਟਗਿਣਤੀ ਮੰਤਰੀ ਬਣਾਇਆ। ਹੈਦਰਾਬਾਦ ਵਿੱਚ ਹੋਏ ਰਾਸ਼ਟਰੀ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਾਰਕੁੰਨਾਂ ਨੂੰ ਪਸਮਾਂਦਾ ਸਮਾਜ ਨੂੰ ਯੋਜਨਾਵਾਂ ਦਾ ਲਾਭ ਦੇਣ ਅਤੇ ਪਾਰਟੀ ਨਾਲ ਜੋੜਨ ਲਈ ਪ੍ਰੋਗਰਾਮ ਚਲਾਉਣ ਦੀ ਅਪੀਲ ਕੀਤੀ।

ਦਿੱਲੀ ਅਤੇ ਉੱਤਰ ਪ੍ਰਦੇਸ਼ ਦੀਆਂ ਨਗਰ ਨਿਗਮ ਚੋਣਾਂ ਵਿੱਚ ਭਾਜਪਾ ਨੇ ਮੁਸਲਿਮ ਬਹੁਗਿਣਤੀ ਵਾਲੀਆਂ ਸੀਟਾਂ 'ਤੇ ਪਸਮਾਂਦਾ ਮੁਸਲਮਾਨਾਂ ਨੂੰ ਟਿਕਟਾਂ ਦਿੱਤੀਆਂ ਅਤੇ ਕਈ ਜਿੱਤੇ। ਹਾਲ ਹੀ ਵਿੱਚ ਮੁਰਾਦਾਬਾਦ ਦੀ ਕੁੰਦਰਕੀ ਸੀਟ 'ਤੇ ਹੋਏ ਉਪ-ਚੋਣ ਵਿੱਚ ਭਾਜਪਾ ਦੇ ਰਾਮਵੀਰ ਸਿੰਘ ਦੀ ਜਿੱਤ ਅਤੇ ਸਮਾਜਵਾਦੀ ਪਾਰਟੀ ਦੇ ਮੁਹੰਮਦ ਰਿਜ਼ਵਾਨ ਦੀ ਜ਼ਮਾਨਤ ਜ਼ਬਤ ਹੋਣਾ ਭਾਜਪਾ ਦੀਆਂ ਕੋਸ਼ਿਸ਼ਾਂ ਦਾ ਸਬੂਤ ਹੈ।

### ਵਕਫ਼ ਬੋਰਡ ਬਿੱਲ

ਹਾਲ ਹੀ ਵਿੱਚ ਪਾਸ ਹੋਏ ਵਕਫ਼ ਬੋਰਡ ਬਿੱਲ ਵਿੱਚ ਭਾਜਪਾ ਦਾ ਤਰਕ ਸੀ ਕਿ ਵਕਫ਼ ਬੋਰਡ ਵਿੱਚ ਜ਼ਿਆਦਾਤਰ ਸਵਰਨ ਮੁਸਲਮਾਨ ਹਨ ਅਤੇ ਇਸ ਦਾ ਲਾਭ ਪਸਮਾਂਦਾ ਮੁਸਲਮਾਨਾਂ ਜਾਂ ਔਰਤਾਂ ਨੂੰ ਨਹੀਂ ਮਿਲਦਾ। ਬਿੱਲ ਵਿੱਚ ਵਕਫ਼ ਬੋਰਡ ਵਿੱਚ ਗੈਰ-ਮੁਸਲਮਾਨਾਂ ਅਤੇ ਪਛੜੇ ਮੁਸਲਮਾਨਾਂ ਨੂੰ ਸ਼ਾਮਲ ਕਰਨ ਦੀ ਵਿਵਸਥਾ ਕੀਤੀ ਗਈ, ਜਿਸ ਦਾ ਪਸਮਾਂਦਾ ਸੰਗਠਨਾਂ ਨੇ ਸਵਾਗਤ ਕੀਤਾ।

### ਚੁਣੌਤੀਆਂ ਅਤੇ ਸੰਭਾਵਨਾਵਾਂ

ਜਾਤੀ ਜਨਗਣਨਾ ਨਾਲ ਮੁਸਲਿਮ ਸਮਾਜ ਦੀਆਂ ਸਮਾਜਿਕ, ਆਰਥਿਕ ਅਤੇ ਸਿਆਸੀ ਅਸਮਾਨਤਾਵਾਂ ਸਾਹਮਣੇ ਆਉਣਗੀਆਂ। ਇਹ ਪਸਮਾਂਦਾ ਸਮਾਜ ਨੂੰ ਸਿਆਸੀ ਹਿੱਸੇਦਾਰੀ ਦੀ ਮੰਗ ਲਈ ਮਜ਼ਬੂਤ ਆਧਾਰ ਦੇ ਸਕਦੀ ਹੈ। ਇਸ ਨਾਲ ਸਾਰੀਆਂ ਪਾਰਟੀਆਂ, ਜੋ ਹੁਣ ਤੱਕ ਮੁਸਲਿਮ ਵੋਟਾਂ 'ਤੇ ਨਿਰਭਰ ਰਹੀਆਂ ਹਨ, ਨੂੰ ਪਸਮਾਂਦਾ ਨੂੰ ਹਿੱਸੇਦਾਰੀ ਦੇਣ ਲਈ ਮਜਬੂਰ ਹੋਣਾ ਪੈ ਸਕਦਾ ਹੈ।

ਪਰ ਭਾਜਪਾ ਲਈ ਪਸਮਾਂਦਾ ਸਿਆਸਤ ਨੂੰ ਸਫਲ ਕਰਨਾ ਆਸਾਨ ਨਹੀਂ। ਰਾਮ ਮੰਦਰ ਅੰਦੋਲਨ ਅਤੇ ਬਾਬਰੀ ਮਸਜਿਦ ਢਾਹੁਣ ਨਾਲ ਜੁੜੇ ਦੋਸ਼ਾਂ ਕਾਰਨ ਭਾਜਪਾ 'ਤੇ ਮੁਸਲਿਮ ਵਿਰੋਧੀ ਹੋਣ ਦਾ ਠੱਪਾ ਲੱਗਾ ਹੈ। ਇਨ੍ਹਾਂ ਘਟਨਾਵਾਂ ਵਿੱਚ ਸਭ ਤੋਂ ਜ਼ਿਆਦਾ ਨੁਕਸਾਨ ਪਸਮਾਂਦਾ ਮੁਸਲਮਾਨਾਂ ਦਾ ਹੋਇਆ। ਭਾਜਪਾ ਦੀ ਸਿਆਸਤ ਦਾ ਮੁੱਖ ਆਧਾਰ ਮੁਸਲਮਾਨ ਵਿਰੋਧੀ ਰਿਹਾ ਹੈ, ਜੋ ਪਸਮਾਂਦਾ ਨੂੰ ਆਕਰਸ਼ਿਤ ਕਰਨ ਵਿੱਚ ਰੁਕਾਵਟ ਹੈ।

ਫਿਰ ਵੀ, ਭਾਜਪਾ ਨੇ ਪਸਮਾਂਦਾ ਮੁਸਲਮਾਨਾਂ ਨੂੰ ਆਕਰਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਜਾਤੀ ਜਨਗਣਨਾ ਅਤੇ ਉਸ ਦੇ ਅੰਕੜੇ ਭਾਜਪਾ ਨੂੰ ਪਸਮਾਂਦਾ ਵੋਟਾਂ ਵੱਲ ਖਿੱਚਣ ਦਾ ਮੌਕਾ ਦੇ ਸਕਦੇ ਹਨ, ਪਰ ਇਸ ਦੇ ਨਾਲ ਉਨ੍ਹਾਂ ਨੂੰ ਆਪਣੀ ਪੁਰਾਣੀ ਮੁਸਲਮਾਨ ਵਿਰੋਧੀ ਦਿੱਖ ਨੂੰ ਬਦਲਣ ਦੀ ਵੀ ਚੁਣੌਤੀ ਹੈ।

---

*(*ਲੇਖਕ ਜੇ.ਐਨ.ਯੂ. ਵਿੱਚ ਇਤਿਹਾਸਕ ਅਧਿਐਨ ਕੇਂਦਰ ਦੇ ਖੋਜ ਵਿਦਿਆਰਥੀ ਹਨ)*

# ਪੰਜਾਬ ਦੇ ਪ੍ਰਮੁੱਖ ਮੁੱਦੇ, ਸਰਕਾਰਾਂ ਅਤੇ ਅਵਾਮ

## *ਉਘੀ ਮੀਡੀਆ ਸ਼ਖਸੀਅਤ ਕੰਵਰ ਸੰਧੂ ਨਾਲ ਵਿਚਾਰਾਂ ਦਾ ਵਟਾਂਦਰਾ
## *ਮੁੱਦੇ ਪੜਚੋਲਣ ਅਤੇ ਉਨ੍ਹਾਂ ਬਾਰੇ ਬਹਿਸ ਤੇ ਸੰਵਾਦ ਦੀ ਲੋੜ ਉਤੇ ਜ਼ੋਰ

**ਕੁਲਜੀਤ ਦਿਆਲਪੁਰੀ**

**ਸ਼ਿਕਾਗੋ:** ਕਿਸੇ ਸਿਆਣੇ ਨੇ ਕਿਹਾ ਹੈ, "ਮੰਜ਼ਿਲ ਮਿਲਣ 'ਤੇ ਸੁਣਾਵਾਂਗੇ ਦਾਸਤਾਂ ਇਹ ਸਫਰ ਦੀ, ਕਿ ਕੀ ਕੁਝ ਪਿੱਛੇ ਛੁਟ ਗਿਆ ਇੱਥੇ ਪਹੁੰਚਦੇ-ਪਹੁੰਚਦੇ।" ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਇਹ ਸਤਰਾਂ ਪੰਜਾਬ ਦੇ ਅੱਜ ਦੇ ਹਾਲਾਤ ਨਾਲ ਮੇਚ ਖਾਂਦੀਆਂ ਹੋਣ! ਇਸੇ ਦੇ ਧਿਆਨਗੋਚਰੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਮੈਂਬਰ ਤੇ ਸੀਨੀਅਰ ਪੱਤਰਕਾਰ ਕੰਵਰ ਸੰਧੂ ਨਾਲ ਪਿਛਲੇ ਦਿਨੀਂ ਇੱਥੇ ਪੰਜਾਬ ਨਾਲ ਜੁੜੇ ਕਈ ਮੌਜੂਦਾ ਅਤੇ ਪ੍ਰਮੁੱਖ ਮੁੱਦਿਆਂ ਉਤੇ ਵਿਚਾਰਾਂ ਦਾ ਵਟਾਂਦਰਾ ਹੋਇਆ। ਚਰਚਾ ਦੌਰਾਨ ਉਭਰ ਕੇ ਸਾਹਮਣੇ ਆਇਆ ਕਿ ਇਨ੍ਹਾਂ ਮੁੱਦਿਆਂ ਵਿੱਚ ਅਹਿਮ- ਪਛਾਣ ਸੰਕਟ, ਵਿੱਤੀ ਘਾਟਾ, ਬੌਧਿਕ ਘਾਟਾ, ਬੁਨਿਆਦੀ ਢਾਂਚੇ ਦਾ ਘਾਟਾ ਅਤੇ ਸਭ ਤੋਂ ਵੱਧ ਪੰਜਾਬ ਲਈ ਗੰਭੀਰ ਲੀਡਰਸ਼ਿਪ ਦਾ ਘਾਟਾ ਪੰਜਾਬ ਲਈ ਬਹੁਤ ਚਿੰਤਾਜਨਕ ਹੈ। ਇਹ ਸਮਾਗਮ ਸਥਾਨਕ ਸ਼ਖਸੀਅਤ ਡਾ. ਵਿਕਰਮ ਗਿੱਲ ਅਤੇ 5ਰਿਵਰਜ਼ ਐਂਟਰਟੇਨਮੈਂਟ ਦੇ ਯਤਨਾਂ ਨਾਲ ਉਨ੍ਹਾਂ ਦੇ ਘਰ ਵਿਖੇ ਰੱਖਿਆ ਗਿਆ ਸੀ, ਜਿਸ ਦੌਰਾਨ ਸਮੇਂ ਸਮੇਂ ਦੀਆਂ ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਅਵਾਮ ਦੇ ਸੰਦਰਭ ਵਿੱਚ ਪੰਜਾਬ ਨੂੰ ਦਰਪੇਸ਼ ਮਸਲਿਆਂ ਬਾਰੇ ਮੀਡੀਆ ਪ੍ਰਤੀਨਿਧੀ ਵਜੋਂ ਮੁਹਾਰਤ ਅਤੇ ਵਿਲੱਖਣ ਦ੍ਰਿਸ਼ਟੀਕੋਣ ਰੱਖਣ ਵਾਲੇ ਕੰਵਰ ਸੰਧੂ ਦੀ ਸਥਾਨਕ ਭਾਈਚਾਰਕ ਸ਼ਖਸੀਅਤਾਂ ਨਾਲ ਰੂ-ਬ-ਰੂ ਹੋ ਕੇ ਸੰਜੀਦਾ ਗੱਲਬਾਤ ਦਾ ਦੌਰ ਚੱਲਿਆ। ਇਸ ਦੌਰਾਨ ਸਵਾਲ-ਜਵਾਬ ਦਾ ਸੈਸ਼ਨ ਵੀ ਚੱਲਿਆ। ਹਾਜ਼ਰੀਨ ਨੇ ਇਸ ਚਰਚਾ ਨੂੰ ਅਗਲੇ ਪੜਾਅ 'ਤੇ ਲੈਜਾਣ ਲਈ ਯਤਨ ਜਾਰੀ ਰੱਖਣ ਅਤੇ ਇਸ ਨੂੰ ਅੱਗੇ ਵਧਾਉਣ ਦਾ ਪ੍ਰਸਤਾਵ ਰੱਖਿਆ। ਜ਼ਿਕਰਯੋਗ ਹੈ ਕਿ ਇਹ ਸਮਾਗਮ "ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ਨੂੰ ਆਧਾਰ ਬਣਾ ਕੇ ਪੰਜਾਬ ਦੇ ਮਸਲਿਆਂ ਬਾਰੇ ਵਿਚਾਰ-ਚਰਚਾ ਤੋਰਨ ਦਾ ਸੁਜੱਗ ਉਪਰਾਲਾ ਸੀ।

ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਹੁੰਦਿਆਂ ਮੀਡੀਆ ਸ਼ਖਸੀਅਤ ਕੰਵਰ ਸੰਧੂ ਨੇ ਦੱਸਿਆ ਕਿ 'ਫਰੀ ਮੀਡੀਆ ਇਨੀਸ਼ੀਏਟਿਵ' ਵੱਲੋਂ 'ਪੰਜਾਬ ਕੌਨਕਲੇਵ' ਪਿਛਲੇ ਦੋ ਸਾਲਾਂ ਤੋਂ ਬਰੈਂਪਟਨ, ਕੈਨੇਡਾ ਵਿੱਚ ਕੀਤਾ ਜਾ ਰਿਹਾ ਹੈ ਅਤੇ ਇਸ ਤਹਿਤ ਅਹਿਮ ਮੁੱਦੇ ਵਿਚਾਰ ਅਧੀਨ ਲਿਆਂਦੇ ਜਾਂਦੇ ਹਨ ਤੇ ਉਸ ਬਾਰੇ ਪੜਚੋਲ ਕਰ ਕੇ 'ਮਸਲੇ ਬਾਰੇ ਕੀ ਕਰਨ ਦੀ ਲੋੜ ਹੈ' ਉਤੇ ਜੋਰ ਦਿੱਤਾ ਜਾਂਦਾ ਹੈ; ਕਿਉਂਕਿ ਅਸੀਂ ਪੰਜਾਬ, ਪੰਜਾਬੀਅਤ ਨਾਲ ਸਬੰਧਤ ਮਸਲਿਆਂ ਬਾਰੇ ਚਿੰਤਿਤ ਹਾਂ। ਉਨ੍ਹਾਂ ਵੱਖ-ਵੱਖ ਸੰਸਥਾਵਾਂ ਨਾਲ ਕੰਮ ਕਰਨ ਅਤੇ ਆਪਣੇ ਤਜਰਬੇ ਦੀ ਸਾਂਝ ਵੀ ਪਾਈ।

'ਪੰਜਾਬ ਇਸ ਸਮੇਂ ਕਿੱਥੇ ਖੜ੍ਹਾ ਹੈ?' ਬਾਰੇ ਤਫਸੀਲ ਵਿੱਚ ਸ. ਸੰਧੂ ਨੇ ਦੱਸਿਆ ਕਿ ਪਿਛਲੇ 40-50 ਸਾਲਾਂ ਵਿੱਚ ਬਹੁਤ ਨਿਘਾਰ ਆਇਆ ਹੈ। ਬਹੁਤਿਆਂ ਨੂੰ ਸ਼ਾਇਦ ਹੀ ਪਤਾ ਹੋਵੇ ਕਿ ਪੰਜਾਬ ਹੁਣ ਕਿਸ ਪਾਸੇ ਨੂੰ ਜਾ ਰਿਹਾ ਹੈ ਅਤੇ ਕੀ ਕਰਨ ਦੀ ਲੋੜ ਹੈ! ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਜਿਹੋ ਜਿਹਾ ਬਦਲਾਵ ਲਿਆਉਣਾ ਸੀ, ਉਹ ਨਹੀਂ ਆਇਆ। ਪੰਜਾਬ ਇਸ ਵੇਲੇ ਚੌਰਾਹੇ 'ਤੇ ਖੜ੍ਹਾ ਹੈ। ਇਸ ਲਈ ਹਾਲਾਤ ਬਣੇ ਕਿਉਂ? ਉਨ੍ਹਾਂ ਇਤਿਹਾਸ 'ਤੇ ਪਿੱਛਲਝਾਤ ਮਾਰਦਿਆਂ ਕਿਹਾ ਕਿ ਅਸੀਂ ਕੁਰਬਾਨੀਆਂ ਵਿੱਚੋਂ ਨਿਕਲੇ ਹੋਏ ਹਾਂ ਅਤੇ ਸਾਡਾ ਸ਼ਾਨਦਾਰ ਭੂਤਕਾਲ ਹੈ- ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ, ਕਿੱਥੋਂ ਤੋਂ ਲੈ ਕੇ ਕਿੱਥੇ ਤੱਕ ਰਾਜ ਕਰਦੇ ਰਹੇ। ਫਿਰ ਸਾਨੂੰ ਇੱਕੋ ਪਿੱਛੋਂ ਦੂਜੀ, ਤੀਜੀ ਸੱਟ ਲੱਗਦੀ ਰਹੀ- ਸਭ ਤੋਂ ਪਹਿਲਾਂ 1947 ਦੀ ਵੰਡ, ਜਿਸ ਦੌਰਾਨ ਪੰਜਾਬ ਨੇ ਸੰਤਾਪ ਭੋਗਿਆ। ਕਿਸੇ ਵੇਲੇ ਪੰਜਾਬ ਦਿੱਲੀ ਤੋਂ ਲੈ ਕੇ ਪੇਸ਼ਾਵਰ ਤੱਕ ਸੀ। ਉਦੋਂ 52 ਪ੍ਰਤੀਸ਼ਤ ਪੰਜਾਬ, ਪੰਜਾਬ ਨਾਲੋਂ ਵੱਖ ਹੋ ਗਿਆ। ਉਸ ਤੋਂ ਬਾਅਦ 1966 ਵਿੱਚ ਫਿਰ ਵੰਡ ਹੋਈ, ਜਿਸ ਨਾਲ ਵਿੱਚੋਂ ਹਰਿਆਣਾ ਤੇ ਹਿਮਾਚਲ ਨਿਕਲ ਗਿਆ। ਹੁਣ ਕੁਲ ਪੰਜਾਬ 'ਚੋਂ ਚੌਥਾ ਹਿੱਸਾ ਵੀ ਪੰਜਾਬ ਕੋਲ ਨਹੀਂ ਹੈ। ਹੁਣ ਇਸ ਵੇਲੇ ਇੱਕ ਹੋਰ ਮੰਗ ਉੱਠ ਰਹੀ ਹੈ ਕਿ ਸਾਡਾ ਇੱਕ ਵੱਖਰਾ 'ਸਿੱਖ ਰਾਜ' (ਖਾਲਿਸਤਾਨ) ਹੋਣਾ ਚਾਹੀਦਾ ਹੈ। ਬਹੁਤ ਲੋਕਾਂ ਨੂੰ ਲੱਗਦਾ ਹੈ ਕਿ ਜੇ ਇਸ ਤਰ੍ਹਾਂ ਦੀ ਗੱਲ ਹੋਈ ਤਾਂ ਪੰਜਾਬ ਫਿਰ ਵੰਡਿਆ ਜਾਵੇਗਾ; ਪਰ ਹਕੀਕਤ ਇਹ ਹੈ ਕਿ ਅੱਜ ਅਸੀਂ 'ਪਛਾਣ ਸੰਕਟ' ਨਾਲ ਜੂਝ ਰਹੇ ਹਾਂ। ਸਾਨੂੰ ਅਜਿਹੀ ਯੋਜਨਾ ਬਣਾਈ ਜਾਣੀ ਚਾਹੀਦੀ ਹੈ ਕਿ ਅਸੀਂ ਇਸ ਤੋਂ ਅੱਗੇ ਕਿਵੇਂ ਵਧ ਸਕਦੇ ਹਾਂ!

ਇਸ ਤੋਂ ਇਲਾਵਾ ਲੀਡਰਸ਼ਿਪ ਸੰਕਟ ਹੈ। ਹੁਣ ਤੱਕ 16 ਜਾਂ 17 ਮੁੱਖ ਮੰਤਰੀ ਹੋਏ ਹਨ ਪੰਜਾਬ ਦੇ, ਪਰ ਦੋ ਮੁੱਖ ਮੰਤਰੀ ਹੀ ਹਨ, ਜਿਨ੍ਹਾਂ ਦੀ ਕਾਰਗੁਜ਼ਾਰੀ ਕਾਬਿਲ-ਏ-ਤਾਰੀਫ ਸੀ। ਪਹਿਲੇ ਸਨ ਲਛਮਣ ਸਿੰਘ ਗਿੱਲ, ਜੋ ਨੌਂ ਕੁ ਮਹੀਨੇ ਹੀ ਮੁੱਖ ਮੰਤਰੀ ਰਹੇ, ਪਰ ਉਨ੍ਹਾਂ ਕੁਝ ਅਹਿਮ ਕਦਮ ਚੁੱਕੇ ਜਿਨ੍ਹਾਂ ਨਾਲ ਉਨ੍ਹਾਂ ਛਾਪ ਛੱਡੀ। ਉਨ੍ਹਾਂ ਨੇ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ; ਦੂਜਾ ਉਨ੍ਹਾਂ ਨੇ ਲਿੰਕ ਰੋਡ ਬਣਵਾਏ। ਜਾਂ ਉਸ ਤੋਂ ਬਾਅਦ ਪ੍ਰਤਾਪ ਸਿੰਘ ਕੈਰੋਂ ਸਨ- ਬੇਸ਼ਕ ਵਿਵਾਦ ਵਿੱਚ ਰਹੇ, ਪਰ ਉਨ੍ਹਾਂ ਨੇ ਵਿਕਾਸ ਪ੍ਰਾਜੈਕਟਾਂ ਤਹਿਤ ਜੋ ਕੀਤਾ, ਜਿਵੇਂ ਮੈਡੀਕਲ ਸੰਸਥਾਵਾਂ, ਯੂਨੀਵਰਸਿਟੀਆਂ, ਪੀ.ਜੀ.ਆਈ. ਚੰਡੀਗੜ੍ਹ ਅਤੇ ਚੰਡੀਗੜ੍ਹ ਸ਼ਹਿਰ (ਜੋ ਪੰਜਾਬ ਨੂੰ ਅੱਜ ਤੱਕ ਨਹੀਂ ਮਿਲਿਆ)- ਇਹ ਸਾਰੀ ਸ. ਕੈਰੋਂ ਦੀ ਦੇਣ ਹੈ।

ਕੰਵਰ ਸੰਧੂ ਨੇ ਕਿਹਾ ਕਿ ਇੱਕ ਹੋਰ ਮੁੱਦਾ ਹੈ 'ਰਾਜ ਦੀਆਂ ਸ਼ਕਤੀਆਂ' (ਸਟੇਟ ਪਾਵਰਜ਼) ਦਾ। ਪੰਜਾਬ ਖੁਦਮੁਖਤਿਆਰੀ ਦੀ ਆਸ ਕਰਦਾ ਸੀ, ਜਿਸ ਲਈ 1982 ਵਿੱਚ ਇੱਕ ਮੋਰਚਾ ਵੀ ਲੱਗਿਆ, ਜਿਸ ਦਾ ਨੁਕਸਾਨ ਇਹ ਹੋਇਆ ਕਿ ਖੁਦਮੁਖਤਿਆਰੀ ਦਾ ਮੁੱਦਾ ਹਮੇਸ਼ਾ ਵਾਸਤੇ ਖਤਮ ਹੋ ਗਿਆ। ਕੇਂਦਰੀ ਪਾਰਟੀਆਂ ਦੀ ਤਾਂ ਗੱਲ ਛੱਡੋ, ਖੇਤਰੀ ਪਾਰਟੀਆਂ ਵੀ ਇਸ ਸਟੈਂਡ ਨੂੰ ਛੱਡ ਗਈਆਂ; ਹੁਣ ਕੇਂਦਰੀਕਰਨ ਭਾਰੂ ਹੈ। ਪੰਜਾਬ ਦੇ ਸਾਰੇ ਵਿਕਾਸ ਕਾਰਜਾਂ ਲਈ ਪੈਸਾ ਕੇਂਦਰ ਤੋਂ ਆਉਂਦਾ ਹੈ। ਜੇ ਕੇਂਦਰ ਹੱਥ ਖਿੱਚ ਲਵੇ ਤਾਂ ਸੂਬੇ ਕੋਲ ਪੂੰਜੀ ਖਰਚਿਆਂ ਲਈ ਕੋਈ ਪੈਸਾ ਨਹੀਂ। ਵੱਖ-ਵੱਖ ਸਟੇਟਾਂ ਨੂੰ ਸਾਂਝੇ ਤੌਰ 'ਤੇ ਕੇਂਦਰ ਤੋਂ ਪੂੰਜੀ ਖਰਚਿਆਂ ਲਈ ਮੰਗ ਕਰਨੀ ਚਾਹੀਦੀ ਹੈ; ਕਿਉਂਕਿ ਸੰਵਿਧਾਨ 'ਚ ਵੀ ਸਪਸ਼ਟ ਹੈ- ਭਾਰਤ ਰਾਜਾਂ ਦਾ ਸੰਘ ਹੈ।

ਉਨ੍ਹਾਂ ਕਿਹਾ ਕਿ ਚਰਚਾ ਅਧੀਨ ਨਾ ਚੰਡੀਗੜ੍ਹ ਹੀ ਮਿਲਿਆ, ਤੇ ਪਾਣੀਆਂ ਦਾ ਮਸਲਾ ਵਿੱਚੇ ਲਟਕ ਰਿਹਾ ਹੈ। ਅਸੀਂ ਐਸ.ਵਾਈ.ਐਲ. ਨੂੰ ਲੈ ਕੇ ਬੈਠੇ ਹਾਂ, ਜਦਕਿ ਇਹ ਮਸਲਾ ਤਾਂ ਹੈ ਹੀ ਛੋਟਾ ਜਿਹਾ! ਜੋ ਪਾਣੀ ਹਰਿਆਣਾ ਨੂੰ ਜਾ ਰਿਹਾ ਹੈ, ਜੇ ਐਸ.ਵਾਈ.ਐਲ. ਬਣ ਜਾਂਦੀ ਹੈ ਤਾਂ ਛੋਟਾ ਜਿਹਾ ਹਿੱਸਾ ਪਾਣੀ ਹੋਰ ਜਾਣਾ ਹੈ; ਪਰ ਸਭ ਤੋਂ ਵੱਡਾ ਨੁਕਸਾਨ 1955 ਵਿੱਚ 'ਪਾਣੀਆਂ ਦੇ ਸਮਝੌਤੇ' ਨਾਲ ਹੋਇਆ ਸੀ। ਉਦੋਂ ਪੰਜਾਬ ਦੇ ਮੁੱਖ ਮੰਤਰੀ ਭੀਮ ਸੇਨ ਸੱਚਰ ਦੇ ਦਸਤਖਤ ਕਰਨ ਨਾਲ ਪੰਜਾਬ ਜਿੰਨਾ ਪਾਣੀ ਇੱਕ ਅਜਿਹੀ ਸਟੇਟ ਰਾਜਸਥਾਨ ਨੂੰ ਦੇ ਦਿੱਤਾ ਗਿਆ, ਜਿਸ ਦਾ




ਪੰਜਾਬ ਦੇ ਪਾਣੀ ਨਾਲ ਕੋਈ ਲੈਣਾ-ਦੇਣਾ ਹੈ ਹੀ ਨਹੀਂ ਸੀ; ਹਰਿਆਣਾ ਤਾਂ ਚਲੋ ਪੰਜਾਬ ਦਾ ਹਿੱਸਾ ਸੀ। ਉਦੋਂ ਕਿਹਾ ਇਹ ਗਿਆ ਕਿ 1960 'ਇੰਡਸ ਵਾਟਰਜ਼ ਟ੍ਰਿਟੀ' ਸਾਈਨ ਹੋਣੀ ਹੈ, ਜੇ ਪਾਣੀ ਦੀ ਖਪਤ ਨਾ ਦਿਖਾਈ ਗਈ ਤਾਂ ਪਾਣੀ ਪਾਕਿਸਤਾਨ ਨੂੰ ਚਲੇ ਜਾਣਾ ਹੈ। ਸ. ਸੰਧੂ ਨੇ ਮੁੱਦਾ ਚੁੱਕਿਆ ਕਿ ਜੇ ਹੁਣ 'ਇੰਡਸ ਵਾਟਰਜ਼ ਟ੍ਰਿਟੀ' ਰੱਦ ਕਰ ਦਿੱਤੀ ਗਈ ਹੈ ਤਾਂ ਪਾਣੀਆਂ ਦੀ ਵੰਡ ਦਾ ਮੁੱਦਾ ਵੀ ਮੁੜ ਵਿਚਾਰਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਰਾਜਸਥਾਨ ਨੂੰ ਸਭ ਤੋਂ ਪਹਿਲੀ ਨਹਿਰ 'ਬਿਕਾਨੇਰ ਕਨਾਲ' 1928 ਵਿੱਚ ਨਿਕਲੀ ਸੀ, ਜੋ 2800 ਕਿਊਸਿਕ ਪਾਣੀ ਲੈਣ ਦੀ ਸਮਰੱਥਾ ਰੱਖਦੀ ਹੈ; ਜਦਕਿ 'ਰਾਜਸਥਾਨ ਕਨਾਲ' ਕੋਈ ਸਾਢੇ ਅੱਠ ਹਜ਼ਾਰ ਕਿਊਸਿਕ ਪਾਣੀ ਦੀ ਸਮਰੱਥਾ ਵਾਲੀ ਹੈ। 'ਬਿਕਾਨੇਰ ਕਨਾਲ' ਉਚਿਤ ਸਮਝੌਤਾ ਸੀ, ਪਰ ਉਹਦਾ ਪੰਜਾਬ ਨੂੰ ਮੁਆਵਜ਼ਾ ਮਿਲਦਾ ਸੀ, ਜੋ 1956 ਵਿੱਚ ਖਤਮ ਹੋ ਗਿਆ।

ਚੰਡੀਗੜ੍ਹ ਦਾ ਮਸਲਾ ਇਉਂ ਹੋ ਗਿਆ ਕਿ ਪੰਜਾਬ ਦੇ ਬਹੁਤ ਸਾਰੇ ਸਿਆਸੀ ਲੀਡਰਾਂ ਨੂੰ ਇਹ ਲੱਗਣ ਲੱਗ ਪਿਆ, ਚੰਡੀਗੜ੍ਹ ਵਿੱਚ ਜਨਸੰਖਿਆ ਇਹੋ ਜਿਹੀ ਹੋ ਗਈ ਹੈ ਤੇ ਹੋਰ ਸਟੇਟਾਂ ਤੋਂ ਆ ਕੇ ਲੋਕੀਂ ਜ਼ਿਆਦਾ ਵੱਸ ਗਏ ਹਨ; ਉਥੋਂ ਚੋਣ ਜਿੱਤ ਨਹੀਂ ਸਕਦੇ, ਸੋ ਲੈ ਕੇ ਕੀ ਕਰਨਾ! ਅਸਲ 'ਚ ਵੱਡੀ ਸਮੱਸਿਆ ਇਹ ਹੈ ਕਿ ਅਸੀਂ ਜਾਣਦੇ ਹੀ ਨਹੀਂ, ਅਸੀਂ ਚਾਹੁੰਦੇ ਕੀ ਹਾਂ? ਇਸੇ ਕਰਕੇ 1947, 1966 ਜਾਂ 1984-86 ਵਿੱਚ ਜੋ ਹਾਲਾਤ ਬਣੇ, ਉਨ੍ਹਾਂ ਕਰਕੇ ਇੱਕ ਬਦਲਾਅ ਦੀ ਚਾਹਤ ਸੀ, ਜੋ ਆਪਾਂ 2012 ਵਿੱਚ ਪਹਿਲਾਂ ਨੋਟਿਸ ਕੀਤੀ, ਜਿਸ ਵੇਲੇ ਮਨਪ੍ਰੀਤ ਸਿੰਘ ਬਾਦਲ ਨੇ ਪੀਪਲ ਪਾਰਟੀ ਆਫ ਪੰਜਾਬ ਬਣਾਈ। ਫਿਰ ਆਮ ਆਦਮੀ ਪਾਰਟੀ ਵੱਲੋਂ ਲਹਿਰ ਬਣੀ, ਪਰ ਉਹ ਤਜਰਬਾ ਵੀ ਫੇਲ੍ਹ ਹੋਇਆ। ਇਸ ਵੇਲੇ ਜੋ ਪੰਜਾਬ ਦੀ ਹਾਲਤ ਹੈ, ਪੰਜਾਬ ਉਤੇ ਕਰੀਬ 4 ਲੱਖ ਕਰੋੜ ਦਾ ਕਰਜਾ ਹੈ, ਜੋ 2027 ਦੀਆਂ ਚੋਣਾਂ ਤੱਕ ਕਰੀਬ 5 ਲੱਖ ਕਰੋੜ ਦਾ ਹੋ ਜਾਣਾ ਹੈ। ਹੋਰ ਸਟੇਟਾਂ ਉਤੇ ਵੀ ਕਰਜ ਹੈ, ਪਰ ਉਨ੍ਹਾਂ ਦਾ ਕਮਾਊ ਮਾਲੀਆ ਵੱਧ ਹੈ; ਜਦਕਿ ਪੰਜਾਬ ਲਈ ਇਹ ਵੱਡਾ ਬੋਝ ਇਸ ਕਰਕੇ ਬਣਿਆ ਹੋਇਆ ਹੈ, ਕਿਉਂਕਿ ਸਾਡੀ ਰੈਵੇਨਿਊ ਕੋਲੈਕਸ਼ਨ ਸਵਾ ਕੁ ਲੱਖ ਕਰੋੜ ਵੀ ਨਹੀਂ ਹੈ। ਉਸ ਦਾ 122% ਹਿੱਸਾ ਗੈਰ-ਪੂੰਜੀ ਖਰਚ ਤੋਂ ਇਲਾਵਾ ਹੀ ਖਰਚ ਦਿੰਦੇ ਹਾਂ। 40% ਤਾਂ ਲੋਨ ਦੇ ਵਿਆਜ ਅਤੇ ਮੂਲ ਦੀ ਰਕਮ ਉਤੇ ਹੀ ਖਰਚ ਹੋ ਜਾਂਦਾ ਹੈ, ਜਦਕਿ ਕਰੀਬ 60% ਤਨਖਾਹਾਂ ਅਤੇ ਪੈਨਸ਼ਨਾਂ ਵਿੱਚ ਚਲਾ ਜਾਂਦਾ ਹੈ। ਇਸ ਤੋਂ ਇਲਾਵਾ ਮੁਫਤ ਸਹੂਲਤਾਂ/ਸਬਸਿਡੀਆਂ ਆਦਿ ਦਾ ਕਰੀਬ 22 ਹਜ਼ਾਰ ਕਰੋੜ ਦਾ ਬੋਝ ਹੈ। ਵਿਕਾਸ ਕਾਰਜਾਂ ਲਈ ਤਾਂ ਪੈਸਾ ਬਚਦਾ ਹੀ ਨਹੀਂ, ਇਸੇ ਕਰਕੇ ਨਾ ਨਵੇਂ ਸਕੂਲ/ਹਸਪਤਾਲ ਬਣ ਰਹੇ ਹਨ, ਨਾ ਸੜਕਾਂ ਵਗੈਰਾ; ਬਸ ਨਾਂ ਬਦਲੀ ਹੋ ਰਹੇ ਹਨ। ਜੇ ਔਰਤਾਂ ਨੂੰ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਮਿਲਣ ਲੱਗ ਪਿਆ ਤਾਂ ਇਸ ਦਾ 12 ਹਜ਼ਾਰ ਕਰੋੜ ਸਾਲਾਨਾ ਵਾਧੂ ਬੋਝ ਪਵੇਗਾ। ਇਸ ਮਾਮਲੇ 'ਤੇ ਕਿਸੇ ਨੂੰ ਤਾਂ ਸਖਤ ਫੈਸਲਾ ਲੈਣਾ ਹੀ ਪਵੇਗਾ।

ਕੰਵਰ ਸੰਧੂ ਨੇ ਕਿਹਾ ਕਿ ਇਹ ਸਭ ਪੰਜਾਬ ਨੂੰ ਬੁਰੀ ਤਰ੍ਹਾਂ ਵਿਗਾੜ ਰਿਹਾ ਹੈ। ਮੁਫਤ ਸਹੂਲਤਾਂ ਰਾਜਿੰਦਰ ਕੌਰ ਭੱਠਲ ਨੇ 1977 ਵਿੱਚ ਸ਼ੁਰੂ ਕੀਤੀਆਂ ਸਨ। ਫਿਰ ਬਾਦਲ ਸਰਕਾਰ ਨੇ ਇਸ ਨੂੰ ਹੋਰ ਬਿਹਤਰ ਕਰ ਦਿੱਤਾ; ਹੁਣ ਆਮ ਆਦਮੀ ਪਾਰਟੀ ਇਸ ਨੂੰ ਤੀਜੇ ਦਰਜੇ 'ਤੇ ਲੈ ਗਈ ਹੈ। ਕਿਸੇ ਵੀ ਸਰਕਾਰ ਦੀ ਹਿੰਮਤ ਨਹੀਂ ਪਈ ਕਿ ਇਸ 'ਤੇ ਵਿਰਾਮ ਲਾ ਸਕੀਏ। ਪਹਿਲਾਂ ਖਾੜਕੂਵਾਦ ਦਾ ਦੌਰ ਰਿਹਾ, ਪਰ ਬਾਅਦ ਵਿੱਚ ਅਜਿਹੀ ਮਾੜੀ ਸਰਕਾਰ ਆਈ ਜਾਂ ਸਰਕਾਰਾਂ ਦਾ ਧਿਆਨ ਅਜਿਹਾ ਰਿਹਾ ਕਿ ਨਤੀਜਨ ਬੇਰੁਜ਼ਗਾਰੀ ਵਧ ਗਈ। ਇਸੇ ਕਰਕੇ ਨੌਜਵਾਨ ਆਈਲੈਟਸ ਕਰਕੇ ਪਰਵਾਸ ਕਰਨ ਲੱਗੇ। ਹਾਲ ਇਹ ਹੈ ਕਿ ਜਾਂ ਤਾਂ ਨੌਕਰੀਆਂ ਹੀ ਨਹੀਂ ਹਨ ਜਾਂ ਨੌਕਰੀਆਂ ਦੇ ਯੋਗ ਹੀ ਨਹੀਂ ਹਨ। ਬਹੁਤ ਸਾਰੇ ਨੌਜਵਾਨ ਨਸ਼ਿਆਂ ਤੇ ਗੈਂਗਸਟਰਵਾਦ 'ਚ ਪੈ ਗਏ ਅਤੇ ਇਸ ਦਾ ਅਸਰ ਕੈਨੇਡਾ ਵਿੱਚ ਵੀ ਸਾਨੂੰ (ਪੰਜਾਬੀਆਂ) ਨੂੰ ਭੁਗਤਣਾ ਪੈ ਰਿਹਾ ਹੈ।


ਕੰਵਰ ਸੰਧੂ ਨੇ ਕਿਹਾ ਕਿ ਪੰਜਾਬ ਦੀਆਂ ਸੰਸਥਾਵਾਂ ਬਹੁਤ ਵਧੀਆ ਬਣੀਆਂ ਹਨ, ਜਿੱਥੋਂ ਪੜ੍ਹ ਕੇ ਵੱਡੇ-ਵੱਡੇ ਡਾਕਟਰ, ਇੰਜੀਨੀਅਰ ਨਿਕਲੇ ਹਨ। ਹੁਣ 19 ਹਜ਼ਾਰ ਦੇ ਕਰੀਬ ਸਰਕਾਰੀ ਸਕੂਲ ਹਨ, ਪਰ ਉਥੇ ਪਰਵਾਸੀ ਭਾਈਚਾਰੇ ਦੇ ਬੱਚੇ ਪੜ੍ਹਦੇ ਹਨ, ਪੰਜਾਬੀ ਬੱਚੇ ਨਾਂਮਾਤਰ ਹਨ। ਮੈਡੀਕਲ ਸਿਹਤ ਸੇਵਾਵਾਂ ਦੀ ਗੱਲ ਕਰੀਏ ਤਾਂ ਪੰਜਾਬ ਨੂੰ ਛੇ ਹਜ਼ਾਰ ਸਰਕਾਰੀ ਡਾਕਟਰਾਂ ਦੀ ਲੋੜ ਹੈ, ਜਦਕਿ ਹੈਨ ਸਿਰਫ ਤਿੰਨ ਹਜ਼ਾਰ। ਡਬਲਿਊ.ਐਚ.ਓ. ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਹਜ਼ਾਰ ਮਰੀਜਾਂ ਪਿੱਛੇ ਇੱਕ ਡਾਕਟਰ ਹੋਣਾ ਲਾਜ਼ਮੀ ਹੈ, ਪਰ ਪੰਜਾਬ ਵਿੱਚ ਨੌਂ ਗੁਣਾਂ ਹਾਲਾਤ ਖਰਾਬ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਉਤੋਂ ਉਤੋਂ ਚਮਕ-ਦਮਕ ਬਹੁਤ ਹੈ, ਪਰ ਅੰਦਰੋਂ ਇਹ ਖੋਖਲਾ ਹੋਇਆ ਪਿਆ ਹੈ। ਪੰਜਾਬੀਆਂ ਵੱਲੋਂ ਦੂਜੀਆਂ ਸਟੇਟਾਂ ਵਿੱਚ ਜ਼ਮੀਨ-ਜਾਇਦਾਦ ਖਰੀਦਣ ਸਬੰਧੀ ਪਾਬੰਦੀਆਂ ਦੀ ਵੀ ਇੱਕ ਸਮੱਸਿਆ ਹੈ। ਪੂਰੇ ਪੰਜਾਬ ਵਿੱਚ ਬੇਰੁਖੀ ਦਾ ਅਹਿਸਾਸ ਸਾਫ ਨਜ਼ਰ ਆ ਰਿਹਾ ਹੈ ਅਤੇ ਜਦੋਂ ਵੀ ਕੋਈ ਸੰਕਟਮਈ ਸਥਿਤੀ ਆਉਂਦੀ ਹੈ, ਉਦੋਂ ਇਹ ਗੱਲ ਬਿਲਕੁਲ ਜੱਗ ਜਾਹਰ ਹੋ ਜਾਂਦੀ ਹੈ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ



## ਸਵਾਲ-ਜਵਾਬ ਦਾ ਸੈਸ਼ਨ

ਇਸ ਮੌਕੇ ਸਵਾਲ-ਜਵਾਬ ਸੈਸ਼ਨ ਵੀ ਹੋਇਆ, ਜਿਸ ਵਿੱਚ 'ਮੇਰਾ ਪਿੰਡ 360' ਸੰਸਥਾ ਦੇ ਭੁਪਿੰਦਰ ਸਿੰਘ ਹੁੰਦਲ ਨੇ ਸਵਾਲ ਕੀਤਾ ਕਿ ਪੰਜਾਬ ਨੂੰ ਇਨ੍ਹਾਂ ਸਾਰੀਆਂ ਸਮੱਸਿਆਵਾਂ 'ਚੋਂ ਕੱਢਣਾ ਕਿਵੇਂ ਹੈ? ਕੰਵਰ ਸੰਧੂ ਨੇ ਸੁਝਾਅ ਦਿੱਤਾ ਕਿ ਕਿਸੇ ਵੀ ਮਸਲੇ ਦਾ ਹੱਲ ਗੱਲਬਾਤ ਵਿੱਚੋਂ ਨਿਕਲ ਸਕਦਾ ਹੈ। ਸਾਨੂੰ ਮੁੱਦੇ ਪੜਚੋਣ ਅਤੇ ਉਨ੍ਹਾਂ 'ਤੇ ਬਹਿਸ ਤੇ ਸੰਵਾਦ ਕਰਨ ਦੀ ਲੋੜ ਹੈ। ਸ. ਹੁੰਦਲ ਨੇ ਕਿਹਾ ਕਿ ਕੋਈ ਵੀ ਤਬਦੀਲੀ, ਅਮਲ ਕੀਤਿਆਂ ਦਾ ਜਵਾਬ ਸੀ ਕਿ ਇਸ ਸਬੰਧੀ ਸਪਸ਼ਟ ਨੀਤੀ ਬਣਾਏ ਜਾਣ ਦੀ ਲੋੜ ਹੈ। ਹੁਣ ਸਥਿਤੀ ਇਹ ਹੈ ਕਿ ਜਿਹੜੀ ਸਟੇਟ ਵਿੱਚ ਭਾਜਪਾ ਦੀ ਸਰਕਾਰ ਹੈ, ਉਹ ਉਸ ਦੀ ਮਦਦ ਤੇ ਬਾਕੀਆਂ ਨਾਲ ਵਿਤਕਰਾ ਕਰਦੇ ਹਨ। ਪੰਜਾਬ ਦਾ ਇਸ ਵੇਲੇ ਪੇਂਡੂ ਵਿਕਾਸ ਫੰਡ ਰੁਕਿਆ ਹੋਇਆ ਹੈ, ਜੋ ਪੰਜ ਹਜ਼ਾਰ ਕਰੋੜ ਦੇ ਕਰੀਬ ਬਣਦਾ ਹੈ। ਇਸੇ ਤਰ੍ਹਾਂ ਬਹੁਤ ਸਾਰਾ ਪੈਸਾ ਹੈਲਥ ਅਤੇ ਐਜੂਕੇਸ਼ਨ ਦਾ ਰੁਕਿਆ ਸੀ; ਪਰ ਕਈ ਥਾਵਾਂ 'ਤੇ ਸਟੇਟ ਸਰਕਾਰਾਂ ਦੀ ਅਣਗਹਿਲੀ





ਹੀ ਆਉਣੀ ਹੈ। ਜਦ ਤੱਕ ਯੋਜਨਾਵਾਂ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਕੀਤੀਆਂ ਜਾਂਦੀਆਂ, ਉਦੋਂ ਤੱਕ ਕੁਝ ਵੀ ਬਦਲਾਅ ਨਹੀਂ ਆਉਣਾ। ਸ. ਸੰਧੂ ਦਾ ਕਹਿਣਾ ਸੀ ਕਿ ਅਸਲ ਤਬਦੀਲੀ ਉਦੋਂ ਹੀ ਆਵੇਗੀ ਜਦੋਂ ਸਰਕਾਰਾਂ ਜਾਂ ਉਨ੍ਹਾਂ ਦੀਆਂ ਨੀਤੀਆਂ ਵਿੱਚ ਤਬਦੀਲੀ ਆਵੇਗੀ। ਇਸੇ 'ਤੇ ਹੀ ਸਾਨੂੰ ਸਾਰਿਆਂ ਨੂੰ ਕੰਮ ਕਰਨ ਦੀ ਲੋੜ ਹੈ।

ਅਮਿਤਪਾਲ ਸਿੰਘ ਗਿੱਲ ਨੇ ਸਵਾਲ ਕੀਤਾ ਕਿ ਇੱਦਾਂ ਕਿਉਂ ਲੱਗਦਾ ਹੈ ਕਿ ਅਸੀਂ ਕੇਂਦਰ 'ਤੇ ਨਿਰਭਰ ਹਾਂ, ਪਰ ਮੁਆਵਜ਼ਾ ਆਪਣਾ ਹੱਕ ਕਿਉਂ ਨਹੀਂ ਸਮਝਦੇ? ਸ. ਸੰਧੂ ਵੀ ਸਾਹਮਣੇ ਆਈ ਹੈ। ਵਿਧਾਨ ਸਭਾ, ਲੋਕ ਸਭਾ ਅਤੇ ਰਾਜ ਸਭਾ ਦੇ ਸਾਲਾਨਾ ਇਜਲਾਸਾਂ ਦੀ ਗਿਣਤੀ ਵੀ ਘਟੀ ਹੈ, ਜਿਸ ਨਾਲ ਸੰਸਦੀ ਲੋਕਤੰਤਰ ਖਤਮ ਹੋ ਗਿਆ ਹੈ।

ਬਾਬਾ ਦਲਜੀਤ ਸਿੰਘ ਸ਼ਿਕਾਗੋ ਦਾ ਸਵਾਲ ਸੀ ਕਿ ਪੰਜਾਬ ਵਿੱਚ ਬਾਹਰਲੇ ਰਾਜਾਂ ਤੋਂ ਆ ਕੇ ਲੋਕ ਜ਼ਮੀਨ ਖਰੀਦਦੇ ਹਨ, ਲੇਕਿਨ ਪੰਜਾਬ ਦੇ ਕਿਸਾਨ ਨੂੰ ਬਾਹਰਲੀਆਂ ਸਟੇਟਾਂ ਵਿੱਚ ਦਿੱਕਤ ਆਉਂਦੀ ਹੈ; ਕੀ ਇਸ ਬਾਰੇ ਕਿਸਾਨ ਜਥੇਬੰਦੀ ਜਾਂ ਕਿਸੇ ਨੇ ਹਾਈ ਕੋਰਟ ਜਾਂ ਸੁਪਰੀਮ ਕੋਰਟ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਸਵਾਲ-ਜਵਾਬ ਦਾ ਸੈਸ਼ਨ

ਤੱਕ ਪਹੁੰਚ ਕੀਤੀ ਹੈ? ਕੰਵਰ ਸੰਧੂ ਨੇ ਦੱਸਿਆ ਕਿ ਸਿਆਸੀ ਲੀਡਰ ਇਹ ਮਸਲਾ ਜ਼ਰੂਰ ਚੁੱਕਦੇ ਰਹੇ ਹਨ, ਪਰ ਕੋਰਟ ਤੱਕ ਇਸ ਤਰ੍ਹਾਂ ਦੀ ਪਹੁੰਚ ਕਿਸੇ ਨੇ ਨਹੀਂ ਕੀਤੀ। ਕੁਝ ਸਟੇਟਾਂ ਵਿੱਚ ਤਾਂ ਜ਼ਮੀਨ ਖਰੀਦਣ ਸਬੰਧੀ ਅਸਿੱਧੇ ਤੌਰ







'ਤੇ ਰੋਕਿਆ ਜਾਂਦਾ ਹੈ। ਹਿਮਾਚਲ ਅਤੇ ਪਹਾੜੀ ਰਾਜਾਂ ਵਿੱਚ ਪੁਰਾਣਾ ਕਾਨੂੰਨ ਬਣਿਆ ਸੀ ਕਿ ਕੋਈ ਗੈਰ-ਨਿਵਾਸੀ ਉਥੇ ਖੇਤੀਬਾੜੀ ਜ਼ਮੀਨ ਨਹੀਂ ਖਰੀਦ ਸਕਦਾ। ਰਾਜਸਥਾਨ ਨੂੰ ਜਾਂਦੇ ਪਾਣੀ ਦੇ ਮੁਆਵਜ਼ੇ ਬਾਰੇ ਪਹੁੰਚ ਸਬੰਧੀ ਸਵਾਲ ਦੇ ਜਵਾਬ ਵਿੱਚ ਸ. ਸੰਧੂ ਨੇ ਕਿਹਾ ਕਿ ਜਦੋਂ ਬੈਂਸ ਭਰਾਵਾਂ ਨੇ ਇਹ ਮੁੱਦਾ ਚੁੱਕਿਆ ਸੀ ਤਾਂ ਪੰਜਾਬ ਵਿਧਾਨ ਸਭਾ ਵੱਲੋਂ ਇੱਕ ਮਤਾ ਵੀ ਪਾਸ ਹੋਇਆ ਸੀ, ਪਰ ਉਪਰੰਤ ਕੋਈ ਕਾਰਵਾਈ ਨਹੀਂ ਹੋਈ। ਪਾਣੀ ਦੇ ਕੁਦਰਤੀ ਵਹਾਅ ਦੇ ਰਸਤਿਆਂ ਸਬੰਧੀ ਸਮੱਸਿਆ ਬਾਰੇ ਸ. ਸੰਧੂ ਨੇ ਕਿਹਾ ਕਿ ਇਹ ਪੰਜਾਬ ਦੀ ਤ੍ਰਾਸਦੀ ਹੈ ਕਿ ਇਨ੍ਹਾਂ ਨੂੰ ਬੰਦ ਕਰ ਦਿੱਤਾ ਗਿਆ ਜਾਂ ਇਨ੍ਹਾਂ ਦੀ ਸੰਭਾਲ ਲਈ ਸਰਕਾਰ ਕੋਲ ਪੈਸਾ ਹੀ ਨਹੀਂ ਹੈ।

ਹਰਵੀਰ ਸਿੰਘ ਵਿਰਕ ਨੇ ਸਵਾਲ ਕੀਤਾ ਕਿ ਜਿਹੜੇ ਮੁੱਦੇ ਵਿਚਾਰੇ ਗਏ ਹਨ, ਉਹ ਪ੍ਰਮੁੱਖ ਅਤੇ ਗੰਭੀਰ ਹਨ, ਪਰ ਉਨ੍ਹਾਂ ਨੂੰ ਆਪਾਂ ਕਿਉਂ ਨਹੀਂ ਸੁਧਾਰ ਸਕਦੇ? ਸ. ਸੰਧੂ ਦਾ ਜਵਾਬ ਸੀ ਕਿ ਮੁੱਖ ਮੁੱਦੇ ਐਜੂਕੇਸ਼ਨ ਅਤੇ ਹੈਲਥ ਹਨ, ਪਰ ਇਨ੍ਹਾਂ ਖੇਤਰਾਂ ਵੱਲ ਜਿੰਨੀਆਂ ਵੀ ਸਰਕਾਰਾਂ ਆਈਆਂ, ਉਨ੍ਹਾਂ ਨੇ ਪੂਰਾ ਧਿਆਨ ਨਹੀਂ ਦਿੱਤਾ। ਖਾੜਕੂਵਾਦ ਸਮੇਂ ਬਹੁਤ ਸਾਰਾ ਪੈਸਾ ਪੁਲਿਸ ਉਤੇ ਖਰਚ ਹੋਇਆ। ਅੱਜ ਵੀ ਪੁਲਿਸ ਦੀ ਨਫਰੀ 80 ਹਜ਼ਾਰ ਦੇ ਕਰੀਬ ਹੈ, ਜਦਕਿ ਜੁਰਮ 'ਤੇ ਕਾਬੂ ਪਾਉਣ ਲਈ ਮਾਡਰਨ ਤਕਨੀਕ ਦੀ ਵਰਤੋਂ ਕੀਤੀ ਜਾ ਸਕਦੀ ਹੈ। ਐਜੂਕੇਸ਼ਨ ਅਤੇ ਹੈਲਥ ਖੇਤਰ ਵਿੱਚ ਬਿਹਤਰੀ ਉਦੋਂ ਹੀ ਆ ਸਕਦੀ ਹੈ, ਜਦੋਂ ਤੱਕ ਇਨ੍ਹਾਂ ਲਈ ਬਜਟ ਦੁੱਗਣਾ ਨਾ ਕਰ ਦਿੱਤਾ ਜਾਵੇ।

ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੇ ਇੱਕ ਨੁਮਾਇੰਦੇ ਹਰਵਿੰਦਰਪਾਲ ਸਿੰਘ ਲੈਲ ਨੇ ਕਿਹਾ ਕਿ ਜਿਨ੍ਹਾਂ ਸਕੂਲਾਂ ਵਿੱਚ ਬੱਚੇ ਘੱਟ ਹਨ ਤੇ ਟੀਚਰ ਜ਼ਿਆਦਾ ਹਨ, ਉਨ੍ਹਾਂ ਸਕੂਲਾਂ ਵਿੱਚ ਸਿੱਖਿਆ ਪ੍ਰਣਾਲੀ ਦੇ ਲਾਗੂ ਕਰਨ ਦੀ ਲੋੜ ਹੈ। ਉਨ੍ਹਾਂ ਸਵਾਲ ਕੀਤਾ ਕਿ ਜੀ.ਐਸ.ਟੀ. ਦਾ ਬਣਦਾ ਹਿੱਸਾ ਸਟੇਟਾਂ ਨੂੰ ਸਿੱਧਾ ਕਿਉਂ ਨਹੀਂ ਮਿਲਦਾ? ਕੰਵਰ ਸੰਧੂ ਨੇ ਸਕੂਲਾਂ ਸਬੰਧੀ ਜਵਾਬ ਦਿੱਤਾ ਕਿ ਸਮੀਖਿਆ ਕਰਕੇ ਲੋੜੀਂਦੇ ਬਦਲਾਅ ਦੀ ਜ਼ਰੂਰਤ ਹੈ। ਜੀ.ਐਸ.ਟੀ. ਬਾਰੇ ਸ. ਸੰਧੂ ਨੇ ਕਿਹਾ ਕਿ ਇਹ ਮੰਦਭਾਗਾ ਹੈ, ਸਟੇਟਾਂ ਦੀ ਕਮਜ਼ੋਰੀ ਕਰਕੇ ਕੇਂਦਰੀਕਰਨ ਵਧ ਰਿਹਾ ਹੈ; ਜਦਕਿ ਸਟੇਟਾਂ ਨੂੰ ਜੀ.ਐਸ.ਟੀ. ਦਾ 50% ਮਿਲਣਾ ਚਾਹੀਦਾ ਹੈ।

ਗਲੋਬਲ ਪੰਜਾਬੀ ਮਿਲਾਪ ਦੇ ਠਾਕਰ ਸਿੰਘ ਬਸਾਤੀ ਨੇ ਕਿਹਾ ਕਿ ਪੰਜਾਬ ਵਿੱਚ ਸਮੱਸਿਆ ਇਹ ਹੈ ਕਿ ਉਥੇ ਕੋਈ ਸਿਆਸੀ ਆਗੂ ਨੂੰ ਸਵਾਲ ਨਹੀਂ ਕਰਦਾ, ਜਦਕਿ ਪਾਰਟੀਬਾਜ਼ੀ ਭਾਰੂ ਹੈ। ਉਨ੍ਹਾਂ ਕਿਹਾ ਕਿ ਮੇਰਾ ਪਿੰਡ ਖਰੜ ਤਹਿਸੀਲ ਵਿੱਚ ਆਉਂਦਾ ਹੈ, ਸਾਡੇ ਇਲਾਕੇ ਵਿੱਚੋਂ ਲੋਕਾਂ ਨੇ ਮਹਿੰਗੀਆਂ ਜ਼ਮੀਨਾਂ ਵੇਚ ਕੇ ਹਰਿਆਣਾ ਵਿੱਚ ਖਰੀਦੀਆਂ, ਪਰ ਹਰਿਆਣਾ ਵਿੱਚ ਲੋਕਾਂ ਨੇ ਉਨ੍ਹਾਂ ਨੂੰ ਇੰਨਾ ਤੰਗ ਕੀਤਾ ਕਿ ਜ਼ਮੀਨਾਂ ਵੇਚਣੀਆਂ ਪਈਆਂ। ਸ੍ਰੀਮਤੀ ਬਸਾਤੀ ਨੇ ਕਿਹਾ ਕਿ ਜਦੋਂ ਤੱਕ ਭ੍ਰਿਸ਼ਟਾਚਾਰ ਖਤਮ ਨਹੀਂ ਹੁੰਦਾ, ਕੁਝ ਵੀ ਸੁਧਰਨਾ ਨਹੀਂ।

ਇਸ ਮੌਕੇ ਡਾ. ਵਿਕਰਮ ਗਿੱਲ ਨੇ ਅਲਾਮਾ ਇਕਬਾਲ ਦਾ ਸ਼ੇਅਰ ਸੁਣਾਇਆ: 'ਇਨ ਫਾਸਲੋਂ ਕੇ ਦਸ਼ਤ ਮੇ ਰਹਿਬਰ ਵਹੀ ਬਨੇ, ਜਿਸ ਕੀ ਨਿਗਾਹ ਦੇਖ ਸਕੇ ਸਦੀਓਂ ਕੇ ਪਾਰ





ਭੀ।' ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬੌਧਿਕ ਕੰਗਾਲੀ ਵੀ ਆਈ ਹੈ। 1970 ਜਾਂ 80 ਤੋਂ ਬਾਅਦ ਪੰਜਾਬ ਵਿੱਚ ਉਰਦੂ, ਪੰਜਾਬੀ ਦਾ ਕੋਈ ਚੰਗਾ ਸ਼ਾਇਰ ਪੈਦਾ ਨਹੀਂ ਹੋ ਸਕਿਆ। ਬੌਧਿਕ ਕੰਗਾਲੀ ਬਹੁਤ ਰੜਕਦੀ ਹੈ, ਜਿਸ ਦਾ ਕੋਈ ਹੱਲ ਨਹੀਂ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਗੱਲ ਹੋਈ ਹੈ ਕਿ ਪੰਜਾਬ ਦਾ ਕੰਟਰੋਲ ਖਤਮ ਹੋ ਚੁਕਾ ਹੈ। ਪੰਜਾਬ ਨੂੰ ਕਈ ਵਾਰ ਸੈਂਟਰ ਨੇ ਬੰਦੇ ਨਾਮਜ਼ਦ ਕਰਨ ਲਈ ਕਿਹਾ, ਕਿਉਂਕਿ ਪੰਜਾਬ 'ਚੋਂ ਪਾਵਰ ਦਾ ਅਤੇ ਹਰਿਆਣਾ 'ਚੋਂ ਸਿੰਚਾਈ ਬਾਰੇ ਬੰਦਾ ਨਾਮਜ਼ਦ ਹੋਣਾ ਹੁੰਦਾ ਹੈ, ਪਰ ਪੰਜਾਬ ਤੋਂ ਕੋਈ ਉਸ ਲੈਵਲ ਦਾ ਸਿਵਲ ਇੰਜੀਨੀਅਰ ਹੀ ਹਾਵੀ ਨਹੀਂ ਹੋ ਸਕਿਆ। ਇਸ ਉਤੇ ਟਿੱਪਣੀ ਕਰਦਿਆਂ ਕੰਵਰ ਸੰਧੂ ਨੇ ਕਿਹਾ ਕਿ ਅਸਲ ਵਿੱਚ ਭਾਸ਼ਾਵਾਂ ਨੂੰ ਅਸੀਂ ਧਰਮ ਨਾਲ ਜੋੜ ਲਿਆ। ਪੰਜਾਬੀ ਪਾਕਿਸਤਾਨ ਵਿੱਚ ਕਿਉਂ ਖਤਮ ਹੋ ਰਹੀ ਹੈ? ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਤਾਂ ਸਿੱਖਾਂ ਦੀ ਜ਼ਬਾਨ ਹੈ। ਉਰਦੂ ਨੂੰ ਮੁਸਲਮਾਨਾਂ ਦੀ ਜ਼ਬਾਨ ਮੰਨਿਆ ਜਾਣ ਲੱਗਾ, ਜਦਕਿ ਕਿਸੇ ਵੇਲੇ ਪੰਜਾਬ ਦੀ ਸਰਕਾਰੀ ਭਾਸ਼ਾ ਉਰਦੂ ਹੁੰਦੀ ਸੀ।

ਪਰਸ਼ਨ ਸਿੰਘ ਮਾਨ ਨੇ ਸਵਾਲ ਕੀਤਾ ਕਿ ਸਰਕਾਰ ਵਿੱਚ ਰਹਿੰਦਿਆਂ ਤੁਸੀਂ ਕੀ ਕੋਈ ਇੱਦਾਂ ਦੀ ਸਕੀਮ (ਫਸਲ ਬੀਮਾ ਸਕੀਮ) ਪੇਸ਼ ਕੀਤੀ ਹੈ, ਜੋ ਇਸ ਤਰ੍ਹਾਂ ਦੇ ਹਾਲਾਤ (ਹੜ੍ਹ ਜਾਂ ਹੋਰ ਆਫਤਾਂ) ਸਮੇਂ ਵਿੱਤੀ ਸਹਿਯੋਗ ਕਰ ਸਕੇ? ਕੰਵਰ ਸੰਧੂ ਨੇ ਕਿਹਾ ਕਿ ਅਸਲ ਵਿੱਚ ਪੰਜਾਬ ਵਿੱਚ ਝੋਨੇ ਅਤੇ ਕਣਕ ਦਾ ਪੈਟਰਨ ਬਣ ਗਿਆ ਹੈ। ਲੋਕ ਇੰਸ਼ੋਰੈਂਸ ਸਕੀਮਾਂ ਦਾ ਬੀਮਾ ਨਹੀਂ ਭਰਦੇ, ਪਰ ਅਸੀਂ ਉਦੋਂ (2016-17 ਵਿੱਚ) ਸੋਚਿਆ ਸੀ ਕਿ ਫਸਲ ਬੀਮਾ ਹੋਣਾ ਚਾਹੀਦਾ ਹੈ, ਜਦਕਿ ਆਮ ਮੰਗ ਮੁਆਵਜ਼ਾ ਬੰਨ੍ਹ ਦੇਣ ਦੀ ਉਠੀ ਸੀ।

ਪਰਮਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਤੁਸੀਂ ਸਰਕਾਰ ਵਿੱਚ ਰਹਿੰਦਿਆਂ ਕੁਝ ਨਹੀਂ ਕਰ ਸਕੇ, ਪੱਤਰਕਾਰ ਦੇ ਤੌਰ 'ਤੇ ਵੱਧ ਤੋਂ ਵੱਧ ਤੁਸੀਂ ਪਰਦੇਸੀਆਂ ਦੇ ਦੁੱਖ ਲਿਖ ਸਕਦੇ ਹੋ। ਉਨ੍ਹਾਂ ਕਿਹਾ ਕਿ ਜਿੰਨੇ ਵੀ ਸਿਆਸੀ ਆਗੂ ਆਉਂਦੇ ਹਨ, ਅਸੀਂ ਉਨ੍ਹਾਂ ਨੂੰ ਆਪਣੇ ਦੁੱਖ ਸੁਣਾਉਂਦੇ ਹਾਂ, ਪਰ ਕੋਈ ਸਾਡਾ ਦੁੱਖ ਨਹੀਂ ਸੁਣਦਾ; ਨਾ ਹੀ ਐਨ.ਆਰ.ਆਈ. ਪੁਲਿਸ ਸਟੇਸ਼ਨ, ਸਗੋਂ ਇਹ ਤਾਂ ਪੈਸਾ ਬਣਾਉਣ ਦਾ ਢਕਵੰਜ ਬਣਾ'ਤਾ। ਐਨ.ਆਰ.ਆਈਜ਼ ਦੇ ਜ਼ਮੀਨਾਂ ਦੇ ਰੌਲ਼ੇ ਹਨ, ਪੰਜਾਹ ਸਾਲ ਹੋ ਗਏ- ਨਾ ਹੱਲ ਹੋਏ, ਨਾ ਹੋਣੇ ਹਨ; ਪਰ ਸਾਨੂੰ ਪੰਜਾਬ ਦਾ ਦੁੱਖ ਬਹੁਤ ਹੈ। ਸ. ਸੰਧੂ ਨੇ ਕਿਹਾ ਕਿ ਮੈਂ ਸਰਕਾਰ ਦਾ ਹਿੱਸਾ ਕਦੇ ਨਹੀਂ ਰਿਹਾ, ਸਗੋਂ ਵਿਰੋਧੀ ਧਿਰ ਦਾ ਵਿਧਾਇਕ ਹੁੰਦਿਆਂ ਕੁਝ ਮੁੱਦੇ ਜ਼ਰੂਰ ਉਠਾਏ ਸਨ। ਇਸ ਵੇਲੇ ਹਾਲ ਇਹ ਹੈ ਕਿ ਐਮ.ਐਲ.ਏ. ਦਾ ਰੋਲ ਕੀ ਹੈ, ਕਿਸੇ ਨੂੰ ਪਤਾ ਹੀ ਨਹੀਂ।

ਅੰਮ੍ਰਿਤਪਾਲ ਮਾਂਗਟ ਦਾ ਸਵਾਲ ਸੀ ਕਿ ਲੱਗਦਾ ਹੈ ਕਦੇ ਪੰਜਾਬ ਦੀ ਰਾਜਧਾਨੀ ਮਿਲ ਜਾਵੇਗੀ? ਕੰਵਰ ਸੰਧੂ ਨੇ ਕਿਹਾ ਕਿ ਪੰਜਾਬ ਦੇ ਲੋਕ ਰਾਜਧਾਨੀ ਮੰਗਣੋਂ ਹੀ ਹਟ ਗਏ। ਰਾਜਧਾਨੀ ਬਾਰੇ ਆਖਰੀ ਵਾਰ ਮੌਕਾ 1985 ਵਿੱਚ ਬਣਿਆ ਸੀ। ਜਦੋਂ ਪੰਜਾਬ ਅਕੌਰਡ ਸਾਈਨ ਹੋ ਗਿਆ ਤਾਂ ਫੈਸਲਾ ਹੋਇਆ 26 ਜਨਵਰੀ 1986 ਨੂੰ ਚੰਡੀਗੜ੍ਹ, ਪੰਜਾਬ ਨੂੰ ਤਬਦੀਲ ਹੋ ਜਾਵੇਗੀ ਤੇ ਪੰਜਾਬ ਦੇ ਹਿੰਦੀ ਬੋਲਦੇ ਕੁਝ ਇਲਾਕੇ ਹਰਿਆਣਾ ਨੂੰ ਦੇ ਦਿੱਤੇ ਜਾਣਗੇ।

ਸ਼ਿਕਾਗੋ ਵਾਟਰ ਵੇਸਟ ਮੈਨੇਜਮੈਂਟ ਮਹਿਕਮੇ ਵਿੱਚ ਕੰਮ ਕਰਦੇ ਕੁਲਦੀਪ ਵਰਮਾ ਨੇ ਦੱਸਿਆ ਕਿ 1985 ਦੀ ਸੀ.ਆਈ.ਏ. ਦੀ ਇੱਕ ਰਿਪੋਰਟ ਸੀ ਕਿ ਪੰਜਾਬ ਦੇ ਪਾਣੀਆਂ ਪਿੱਛੇ ਝਗੜੇ ਹੋਣਗੇ। ਮੈਂ 2002 ਤੋਂ ਲੈ ਕੇ 2018 ਤੱਕ ਸਾਰੇ ਵਿਧਾਇਕਾਂ ਤੇ ਸਿੰਚਾਈ ਵਿਭਾਗ ਅਤੇ ਕੁਝ ਏਜੰਸੀਆਂ ਨਾਲ ਰਿਪੋਰਟ ਸਾਂਝੀ ਕੀਤੀ, ਪਰ ਕਿਸੇ ਨੇ ਪਰਵਾਹ ਹੀ ਨਹੀਂ ਕੀਤੀ। ਕੰਵਰ ਸੰਧੂ ਨੇ ਸ੍ਰੀ ਵਰਮਾ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਆਉਣ ਤੇ ਹੜ੍ਹ ਦੇ ਮਸਲੇ 'ਤੇ ਲੋਕਾਂ ਨੂੰ ਸੇਧ ਦੇਣ। ਡਾ. ਗਿੱਲ ਨੇ ਦੱਸਿਆ ਕਿ ਦੁਨੀਆਂ ਵਿੱਚ ਸਭ ਤੋਂ ਪਹਿਲਾਂ ਸੀਵਰੇਜ ਸਿਸਟਮ ਸ਼ਿਕਾਗੋ ਵਿੱਚ ਪਿਆ।

## ਪੰਜਾਬ ਦੇ ਪ੍ਰਮੁੱਖ ਮੁੱਦੇ, ਸਰਕਾਰਾਂ ਅਤੇ ਅਵਾਮ

ਸ. ਸੰਧੂ ਨੇ ਕਿਹਾ ਕਿ ਹੁਣ ਪੰਜਾਬ ਵਿੱਚ ਹੜ੍ਹ ਆਉਣ ਕਾਰਨ ਸਰਕਾਰ ਬੇਨਕਾਬ ਹੋ ਗਈ ਹੈ। ਇਹ ਬਹੁਤ ਹੀ ਨਾਜ਼ੁਕ ਸਥਿਤੀਆਂ ਹਨ। ਬਤੌਰ ਵਿਧਾਇਕ ਮੈਂ ਇਸ ਸਬੰਧੀ ਕਈ ਕਦਮ ਚੁੱਕਣ ਦੀ ਗੁਹਾਰ ਲਾਈ ਸੀ, ਪਰ ਆਮ ਗੱਲਾਂ ਨੂੰ ਵੀ ਹਉ-ਪਰ੍ਹੇ ਕਰ ਦਿੱਤਾ ਗਿਆ। ਉਨ੍ਹਾਂ ਦੁੱਖ ਪ੍ਰਗਟਾਇਆ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਇੱਕ ਛੋਟਾ ਜਿਹਾ ਹਿੱਸਾ ਹੈ, ਬੁਨਿਆਦੀ ਤੌਰ 'ਤੇ ਇਹ ਕੇਂਦਰ ਅਧੀਨ ਹੈ; ਜਦਕਿ ਦੂਜੇ ਰਾਜਾਂ ਦੀ ਆਪਣੀ ਰਾਏ ਹੈ। ਡੈਮ ਦੇ ਗੇਟ ਖੁਲ੍ਹਦੇ ਹਨ ਤਾਂ ਨੁਕਸਾਨ ਪੰਜਾਬ ਨੂੰ ਹੁੰਦਾ ਹੈ। ਬਿਨਾ ਸ਼ੱਕ ਪੰਜਾਬ ਨੇ ਇਸ ਦਾ ਬਹੁਤ ਲਾਭ ਵੀ ਖੱਟਿਆ ਹੈ, ਪਰ ਇਸ ਵੇਲੇ ਭਾਖੜਾ ਦੀ ਸਥਿਤੀ ਇਹ ਹੈ ਕਿ ਉਸ ਦੀ 40% ਸਮਰੱਥਾ ਗਾਦ/ਰੇਤ ਨਾਲ ਭਰੀ ਹੈ।



ਜਦੋਂ 1988 ਵਿੱਚ ਹੜ੍ਹ ਆਏ, ਉਦੋਂ ਵੀ ਇਹ ਮਸਲਾ ਉਭਰਿਆ ਸੀ; ਪਰ ਡੈਮ ਦੀ ਗਾਦ ਕੱਢਣ ਦੀ ਪ੍ਰਕਿਆ ਬਹੁਤ ਗੁੰਝਲਦਾਰ ਹੈ। ਇਹੋ ਮਸਲਾ ਹੁਣ ਰਣਜੀਤ ਸਾਗਰ ਡੈਮ ਦਾ ਵੀ ਬਣ ਗਿਆ ਹੈ। ਉਨ੍ਹਾਂ ਸਵਾਲ ਖੜ੍ਹਾ ਕੀਤਾ ਕਿ ਡੈਮਾਂ ਤੋਂ ਪਹਿਲਾਂ ਚੈੱਕ ਡੈਮ ਨਹੀਂ ਬਣਾਏ ਜਾ ਸਕਦੇ? ਤਾਂ ਜੋ ਮੁੱਖ ਡੈਮ ਵਿੱਚ ਗਾਦ ਘੱਟ ਆਵੇ। ਜਾਂ ਕੀ ਭਾਖੜਾ ਤੋਂ ਹੇਠਾਂ ਵੱਲ ਛੋਟੇ-ਛੋਟੇ ਡੈਮ ਬਣਾਉਣ ਦੀ ਲੋੜ ਨਹੀਂ ਹੈ! ਅਜਿਹੇ ਬਹੁਤ ਸਾਰੇ ਕਦਮ ਹਨ, ਜੋ ਚੁੱਕਣ ਦੀ ਲੋੜ ਹੈ। ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਸਰਕਾਰ ਕੋਲ ਕੋਈ ਯੋਜਨਾ ਹੀ ਨਹੀਂ ਹੈ; ਪੰਜਾਬੀਆਂ ਜਾਂ ਕੁਝ ਸੰਸਥਾਵਾਂ ਨੇ ਆਪਣੀ ਫਰਾਖਦਿਲੀ ਦਿਖਾਈ ਹੈ। ਹੁਣ ਸਮੱਸਿਆ ਇਹ ਹੈ ਕਿ ਰੁੜ੍ਹ ਗਈ ਫਸਲ ਦਾ ਮੁਆਵਜ਼ਾ ਕੌਣ ਦੇਵੇਗਾ? ਕੇਂਦਰ ਸਰਕਾਰ ਰਾਹਤ ਫੰਡ ਦੇਵੇ ਤਾਂ ਠੀਕ, ਪੰਜਾਬ ਕੋਲ ਤਾਂ ਹੈ ਨਹੀਂ।

ਸ਼ੁਰੂ ਵਿੱਚ ਮੰਚ ਸੰਚਾਲਨ ਕਰਦਿਆਂ ਗੁਰਮੁਖ ਸਿੰਘ ਭੁੱਲਰ ਨੇ ਕੰਵਲ ਸੰਧੂ ਨੂੰ ਸੰਬੋਧਨ ਕੀਤਾ, "ਤੁਹਾਡੀ ਕੀਤੀ ਹੋਈ ਇੱਕ ਬੰਦੇ ਦੀ ਇੰਟਰਵਿਊ, ਉਹ ਬਾਦਲ ਦੀ ਬੱਸ 'ਚੋਂ ਉਤਰਿਆ, ਉਸ ਇੰਟਰਵਿਊ ਦਾ ਸਹਾਰਾ ਲਾ ਕੇ ਉਸਨੇ ਸਾਰੇ ਐਨ.ਆਰ.ਆਈਜ਼. ਨੂੰ ਚੰਗੀ ਤਰ੍ਹਾਂ ਲੁੱਟਿਆ। ਉਸੇ ਬੱਸ 'ਚੋਂ ਉਤਰ ਕੇ, ਜੋ ਅੱਜ ਦਾ ਮੁੱਖ ਮੰਤਰੀ ਹੈ, ਉਸਨੇ ਆਪਣੀ ਬੱਸ ਚਲਾਈ। ਅਸੀਂ ਪੰਜਾਬ ਲਈ ਫਿਕਰਮੰਦ ਹਾਂ, ਪਰ ਜਦੋਂ ਕੁਝ ਇੱਦਾਂ ਦੇ ਵਾਕਿਆਤ ਹੋ ਜਾਂਦੇ ਹਨ, ਤਾਂ ਸੋਚਦੇ ਹਾਂ, 'ਛੱਡੋ! ਆਪਾਂ ਕੀ ਲੈਣਾ!' ਪਰ ਅੱਜ ਹਾਲਾਤ ਫਿਰ ਤੋਂ ਓਹੀ ਨੇ।"

ਸ. ਭੁੱਲਰ ਨੇ ਕੰਵਰ ਸੰਧੂ ਦੇ ਮਾਣ ਵਿੱਚ ਕਿਹਾ ਕਿ ਤੁਹਾਡੇ ਕੋਲ ਉਹ ਕੁਝ ਹੈ, ਜਿਹੜਾ ਸ਼ਾਇਦ ਬਹੁਤਿਆਂ ਕੋਲ ਨਹੀਂ ਹੈ। ਗੱਲ ਅਸਲ ਵਿੱਚ ਆਪਣੇ ਅੰਦਰ ਪੰਜਾਬ ਦਾ ਦਰਦ ਰੱਖਣ ਦੀ ਹੈ। ਇਹ ਸ਼ਾਮ ਪੰਜਾਬ ਦਾ ਦਰਦ ਰੱਖਣ ਵਾਲਿਆਂ ਲਈ ਅਹਿਮ ਹੈ। ਅਸੀਂ ਵੀ ਉਸੇ ਦਰਦ ਨੂੰ ਲੈ ਕੇ ਇਕੱਠੇ ਹੋ ਜਾਂਦੇ ਹਾਂ ਤੇ ਸਾਨੂੰ ਵੀ ਕੋਈ ਉਮੀਦ ਜਾਗਦੀ ਹੈ ਕਿ ਸ਼ਾਇਦ ਇਸ ਚਿਣਗ ਵਿੱਚੋਂ ਐਸਾ ਚਾਨਣ ਉਠੇ ਜੋ ਪੰਜਾਬ ਦੇ ਹਨੇਰੇ ਨੂੰ ਦੂਰ ਕਰ ਦੇਵੇ।

## ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ

ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਜੰਮਿਆਂ ਨੂੰ ਹਮੇਸ਼ਾ ਮੁਹਿੰਮਾਂ ਦਾ ਸਾਹਮਣਾ ਕਰਨਾ ਪਿਆ। ਅੱਜ ਫਿਰ ਇੱਥੋਂ ਦੇ ਲੋਕ ਆਪਣੀ ਹੋਣੀ ਅਤੇ ਹਸਤੀ ਨੂੰ ਸਲਾਮਤ ਰੱਖਣ ਲਈ ਸਰਕਾਰਾਂ ਦੀਆਂ ਨੀਤੀਆਂ ਵਿੱਚੋਂ ਪੈਦਾ ਹੋਈ ਆਫ਼ਤ ਨਾਲ ਜੂਝ ਰਹੇ ਹਨ। ਪੰਜਾਬ ਜਦੋਂ ਵੀ ਕਿਸੇ ਮੁਸ਼ਕਲ, ਸੰਘਰਸ਼ ਜਾਂ ਕੁਦਰਤੀ ਆਫ਼ਤ ਦਾ ਸ਼ਿਕਾਰ ਹੁੰਦਾ ਹੈ ਤਾਂ ਭਾਰਤ ਸਰਕਾਰ ਅਤੇ ਇਸ ਦੇਸ਼ ਦੀ ਜਨਤਾ ਸਾਨੂੰ ਹਮੇਸ਼ਾ ਅਜਿਹਾ ਅਹਿਸਾਸ ਕਰਵਾ ਦਿੰਦੇ ਹਨ ਕਿ ਜਿਵੇਂ ਅਸੀਂ ਇਸ ਦੇਸ਼ ਦੇ ਵਾਸੀ ਹੀ ਨਾ ਹੋਈਏ! ਦੇਸ਼ ਦੇ ਲੋਕਾਂ ਅਤੇ ਸਰਕਾਰਾਂ ਦੀ ਗੱਲ ਛੱਡੋ, ਪੰਜਾਬ ਵਿੱਚ ਵੱਸਦੇ ਹਿੰਦੂ ਭਾਈਚਾਰੇ ਤੋਂ ਵੀ ਮੁਸ਼ਕਲ ਸਮੇਂ ਸਿਰ ਨਾਲ ਸਿਰ ਜੋੜ ਕੇ ਖੜ੍ਹਨ ਦੀ ਤਵੱਕੋ ਕਰਨੀ ਬੇਕਾਰ ਹੈ। ਇਸਦੇ ਉਲਟ ਇਸ ਦੇਸ਼ ਉਪਰ ਪਈ ਹਰੇਕ ਮੁਸ਼ਕਲ ਸਮੇਂ ਸਿੱਖਾਂ ਨੇ ਹਮੇਸ਼ਾ ਮੂਹਰਲੀ ਕਤਾਰ ਵਿੱਚ ਖੜ੍ਹ ਕੇ ਦੇਸ਼ ਦਾ ਸਾਥ ਦਿੱਤਾ ਹੈ; ਪਰ ਸਾਡੇ ਇਸ ਮਨੁੱਖਤਾਵਾਦੀ ਰਵੱਈਏ ਦੇ ਬਾਵਜੂਦ ਦੇਸ਼ ਦਾ ਮੀਡੀਆ ਅਤੇ ਸਿਆਸੀ ਪਾਰਟੀਆਂ ਦੇਸ਼ ਪ੍ਰਤੀ ਸਾਡੀ ਪ੍ਰਤੀਬੱਧਤਾ ਅਤੇ ਹਿੰਦੂ-ਸਿੱਖ ਏਕਤਾ ਬਾਰੇ ਸ਼ੰਕਿਆਂ ਭਰੇ ਸਵਾਲ ਖੜ੍ਹੇ ਕਰਨ ਦਾ ਪ੍ਰਾਪੇਗੰਡਾ ਕਰਦੇ ਰਹਿੰਦੇ ਹਨ।

ਪੰਜਾਬ ਦੀ ਬਦਕਿਸਮਤੀ ਇਹ ਵੀ ਹੈ ਕਿ ਇਸਦੀ



ਆਪਣੀ ਮਿੱਟੀ ਦੇ ਜੰਮੇ-ਜਾਏ ਰਾਜਸੀ ਆਗੂ ਆਪਣੇ ਨਿੱਜੀ ਸਵਾਰਥਾਂ ਦੇ ਪਿਛਲੱਗ ਬਣ ਕੇ ਟੋਡੀ ਬਿਰਤੀ ਤਹਿਤ ਪੰਜਾਬ ਦੇ ਹਿੱਤਾਂ ਦੇ ਖਿਲਾਫ ਭੁਗਤਦੇ ਆਏ ਹਨ। ਪਿਛਲੇ 75 ਸਾਲਾਂ ਵਿੱਚ ਪੰਜਾਬ ਦੀ ਆਰਥਿਕਤਾ ਅਤੇ ਸੱਭਿਆਚਾਰ ਨੂੰ ਬਰਬਾਦ ਕਰਨ ਦੀਆਂ ਯੋਜਨਾਬੱਧ ਸਰਕਾਰੀ ਸ਼ਾਜਿਸ਼ਾਂ ਖਿਲਾਫ ਪੰਜਾਬ ਦੇ ਲੋਕ ਹਮੇਸ਼ਾ ਲੜਦੇ ਆਏ ਹਨ, ਪਰ ਪੰਜਾਬ ਦੇ ਰਾਜਸੀ ਆਗੂਆਂ ਨੇ ਲੋਕਾਂ ਦੀ ਹਰ ਜਦੋ-ਜਹਿਦ ਅਤੇ ਮੁਸ਼ਕਲ ਸਮੇਂ ਪੰਜਾਬ ਨਾਲ ਗੱਦਾਰੀ ਹੀ ਕੀਤੀ ਹੈ। ਦਿੱਲੀ ਸਰਕਾਰ ਪ੍ਰਤੀ ਪੰਜਾਬ ਦੇ ਲੋਕਾਂ ਦੀ ਬਾਗੀਆਨਾ ਤਬੀਅਤ ਦੇ ਬਾਵਜੂਦ ਪੰਜਾਬ ਅੰਦਰ ਰਾਸ਼ਟਰੀ ਪਾਰਟੀਆਂ ਦੀ ਸਥਾਪਤੀ ਦਾ ਕਾਰਨ ਪੰਜਾਬ ਦੇ ਇਹ ਗੱਦਾਰ ਅਤੇ ਟੋਡੀ ਆਗੂਆਂ ਤੋਂ ਇਲਾਵਾ ਇੱਥੋਂ ਦੀ ਹਿੰਦੂ ਵੱਸੋਂ ਦਾ ਪੰਜਾਬ ਦੇ ਹਿੱਤਾਂ ਪ੍ਰਤੀ ਬੇਗਾਨਗੀ ਵਾਲਾ ਰਵੱਈਆ ਹੀ ਹੈ। ਪੰਜਾਬ ਦੀ ਗ਼ਰਕ ਹੋ ਚੁੱਕੀ ਰਾਜਨੀਤੀ ਅਤੇ ਸਾਡੀ ਬਰਬਾਦੀ ਦਾ ਇਹੋ ਕੇਂਦਰੀ ਨੁਕਤਾ ਹੈ। ਅੱਜ ਵੀ ਜਦੋਂ ਪੰਜਾਬ ਹੜ੍ਹਾਂ ਦੀ ਮਾਰ ਝੱਲ ਰਿਹਾ ਤਾਂ ਸਰਕਾਰਾਂ ਅਤੇ ਰਾਜਸੀ ਆਗੂਆਂ ਦੀ ਸਹਾਇਤਾ ਤੋਂ ਬਗੈਰ ਲੋਕ ਹੀ ਮੁਸ਼ਕਲ ਦੀ ਘੜੀ ਆਪਣਿਆਂ ਦੀ ਬਾਂਹ ਫੜ ਰਹੇ ਹਨ।

ਇਸ ਮੁਸ਼ਕਲ ਸਮੇਂ ਰਾਜਸੀ ਪਾਰਟੀਆਂ, ਕਿਸਾਨ ਜਥੇਬੰਦੀਆਂ ਅਤੇ ਧਾਰਮਿਕ ਭੇਖ ਵਾਲੇ ਡੇਰੇਦਾਰਾਂ ਵੱਲੋਂ ਲੋਕਾਂ ਦੀ ਬਾਹ ਨਾ ਫੜਨ ਨੇ ਸਾਬਤ ਕਰ ਦਿੱਤਾ ਕਿ ਇਹ ਕੇਵਲ ਸਾਡਾ ਖੂਨ ਚੂਸਣ ਵਾਲੀਆਂ ਜੋਕਾਂ ਹੀ ਹਨ। ਭਵਿੱਖ ਵਿੱਚ ਇਨ੍ਹਾਂ ਅਖੌਤੀ ਰਾਜਸੀ ਆਗੂਆਂ ਅਤੇ ਧਾਰਮਿਕ ਭੇਖੀ ਬਾਬਿਆਂ ਦੇ ਪਿੰਡਾਂ ਵਿੱਚ ਵੜਨ ਉਤੇ ਪਾਬੰਦੀ ਲਾ ਦੇਣੀ ਚਾਹੀਦੀ ਹੈ। ਦੁਨੀਆ ਸਾਹਮਣੇ ਜਿਓ-ਪਾਲਿਟਿਕਸ ਅਤੇ ਵਾਤਾਵਰਣ ਤਬਦੀਲੀਆਂ ਰੂਪੀ ਚੁਣੌਤੀਆਂ ਦੇ ਸੰਦਰਭ ਵਿੱਚ ਪੰਜਾਬ ਦਾ ਭਵਿੱਖ ਜੰਗੀ ਮੁਹਿੰਮਾਂ ਜਿਹਾ ਹੋਣ ਦੇ ਆਸਾਰ ਹਨ। ਪਿੰਡਾਂ ਦੇ ਆਪਸੀ ਏਕੇ ਅਤੇ ਆਫਤਾਂ ਦੇ ਟਾਕਰੇ ਦੀ ਅਗਾਊਂ ਤਿਆਰੀ ਨਾਲ ਹੀ ਭਵਿੱਖ ਦੀਆਂ ਚੁਣੌਤੀਆਂ ਦਾ ਟਾਕਰਾ ਕੀਤਾ ਜਾ ਸਕਦਾ ਹੈ। ਲੋਕਾਂ ਦੇ ਏਕੇ ਵਿੱਚ ਵੱਡੀ ਰੁਕਾਵਟ ਰਾਜਸੀ ਪਾਰਟੀਆਂ ਅਤੇ ਸਾਡੇ ਅਖੌਤੀ ਬਾਬੇ ਹੀ ਹਨ। ਪਿੰਡਾਂ ਨੂੰ ਯੂਨਿਟ ਮੰਨ ਕੇ ਲੋਕਾਂ ਵੱਲੋਂ ਸਵੈ-ਸ਼ਾਸਨ ਸਿਰਜਣ ਦੀ ਸੋਝੀ ਹੀ ਭਵਿੱਖ ਦੀਆਂ ਮੂੰਹ ਅੱਡੀ ਖੜ੍ਹੀਆਂ ਆਫਤਾਂ ਤੋਂ ਸਾਨੂੰ ਬਚਾ ਸਕਦੀ ਹੈ। ਸਰਕਾਰਾਂ ਅਤੇ ਕੁਰੱਪਟ ਸਰਕਾਰੀ ਅਫਸਰਸ਼ਾਹੀ ਤੋਂ ਲੋਕ-ਮੁਸ਼ਕਲਾਂ ਦੇ ਹੱਲ ਦੀ ਆਸ ਕਰਨੀ ਬੇਕਾਰ ਹੈ। ਸਿੱਖੀ ਵਿੱਚ ਗੁਰਦੁਆਰਿਆਂ ਦੀ ਕਾਰ ਸੇਵਾ ਵਾਲੀ ਜੁਗਤ ਨੂੰ ਜ਼ਿੰਦਗੀ ਦੇ ਹਰ ਖੇਤਰ ਦੀ ਬਿਹਤਰੀ ਲਈ ਵਰਤ ਕੇ ਹੀ ਅਸੀਂ ਆਪਣਾ ਭਵਿੱਖ ਸਿਰਜ ਸਕਦੇ ਹਾਂ। ਭਵਿੱਖ ਵਿੱਚ ਹਰੇਕ ਸਿੱਖ ਨੂੰ ਆਪਣੇ ਦਸਵੰਧ ਨੂੰ ਧਾਰਮਿਕ ਸਮਾਗਮਾਂ ਅਤੇ ਗੁਰਦੁਆਰਿਆਂ ਦੀਆਂ ਇਮਾਰਤਾਂ ਉਸਾਰਨ ਦੀ ਬਜਾਏ ਆਪਣੇ ਭਾਈਚਾਰੇ ਦੇ ਭਵਿੱਖ ਦੀ ਯੋਜਨਾਬੰਦੀ ਸਿਰਜਣ ਲਈ ਖਰਚਣਾ ਚਾਹੀਦਾ ਹੈ।

*-ਅਮਰੀਕ ਸਿੰਘ ਮੁਕਤਸਰ*

# ਪੰਜਾਬ 'ਚ ਹੜ੍ਹ: ਕੁਦਰਤੀ ਜਾਂ ਮਨੁੱਖੀ ਆਫ਼ਤ?

ਤਰਜੀਹਾਂ



ਡਾ. ਪੀ. ਐੱਸ. ਤਿਆਗੀ
ਫੋਨ:+91-9855446519

ਹੜ੍ਹ ਵਰਗੇ ਕੁਦਰਤੀ ਖਤਰੇ ਲੰਬੇ ਸਮੇਂ ਤੋਂ ਧਰਤੀ ਦੀ ਗਤੀਸ਼ੀਲਤਾ ਦਾ ਅਨਿੱਖੜਵਾਂ ਅੰਗ ਰਹੇ ਹਨ, ਪਰ ਹਾਲ ਹੀ ਦੇ ਦਹਾਕਿਆਂ ਵਿੱਚ ਉਨ੍ਹਾਂ ਦੀ ਬਾਰੰਬਾਰਤਾ, ਤੀਬਰਤਾ ਅਤੇ ਮਨੁੱਖੀ ਨਤੀਜੇ ਕਾਫ਼ੀ ਵਧੇ ਹਨ। ਕੁਦਰਤੀ ਪ੍ਰਣਾਲੀਆਂ ਵਿੱਚ ਮਨੁੱਖੀ ਸੋਧ ਨੇ ਕਾਫ਼ੀ ਲਾਭ ਪ੍ਰਦਾਨ ਕੀਤੇ ਹਨ। ਹਾਲਾਂਕਿ ਜਦੋਂ ਇਹ ਸੋਧਾਂ ਵਾਤਾਵਰਣਕ ਸੀਮਾਵਾਂ ਜਾਂ ਲੰਬੇ ਸਮੇਂ ਦੇ ਪ੍ਰਭਾਵਾਂ ਦੀ ਪ੍ਰਵਾਹ ਕੀਤੇ ਬਿਨਾ ਕੀਤੀਆਂ ਜਾਂਦੀਆਂ ਹਨ, ਤਾਂ ਇਹ ਜਨਤਕ ਸਿਹਤ, ਆਰਥਿਕਤਾ ਅਤੇ ਸਮਾਜ ਵਿੱਚ ਵੱਡੇ ਪੱਧਰ 'ਤੇ ਸੰਕਟ ਪੈਦਾ ਕਰਦੀਆਂ ਹਨ। ਪੰਜਾਬ ਨੂੰ ਸਰਗਰਮ ਨਦੀਆਂ ਅਤੇ ਮੌਸਮੀ ਮਾਨਸੂਨ ਦੁਆਰਾ ਪ੍ਰਭਾਸ਼ਿਤ ਕੀਤਾ ਗਿਆ ਹੈ। ਸਤਲੁਜ, ਬਿਆਸ ਅਤੇ ਰਾਵੀ ਆਪਣੀਆਂ ਸਹਾਇਕ ਨਦੀਆਂ ਦੇ ਨਾਲ ਇਤਿਹਾਸਕ ਤੌਰ 'ਤੇ ਮੈਦਾਨੀ ਇਲਾਕਿਆਂ ਵਿੱਚ ਉਪਜਾਊ ਗਾਦ ਜਮ੍ਹਾ ਕਰਦੇ ਹਨ, ਜਦੋਂ ਕਿ ਸਮੇਂ-ਸਮੇਂ 'ਤੇ ਉਨ੍ਹਾਂ ਦੇ ਕਿਨਾਰਿਆਂ ਨੂੰ ਭਰ ਦਿੰਦੇ ਹਨ। ਖੇਤਰ ਵਿੱਚ ਹੜ੍ਹ ਇੱਕ ਪ੍ਰਾਚੀਨ, ਆਵਰਤੀ ਵਰਤਾਰਾ ਹੈ, ਜਿਸਨੇ ਸਦੀਆਂ ਤੋਂ ਖੇਤੀਬਾੜੀ ਅਭਿਆਸ ਅਤੇ ਸਥਾਨਕ ਅਰਥਵਿਵਸਥਾਵਾਂ ਨੂੰ ਆਕਾਰ ਦਿੱਤਾ ਹੈ। ਵੱਡੇ ਪੱਧਰ 'ਤੇ ਇੰਜੀਨੀਅਰਿੰਗ ਦਖਲਅੰਦਾਜ਼ੀ ਤੋਂ ਪਹਿਲਾਂ, ਪੰਜਾਬ ਦੇ ਦਰਿਆਵਾਂ ਨੇ ਚੌੜੇ, ਬਦਲਦੇ ਹੜ੍ਹ ਵਾਲੇ ਮੈਦਾਨਾਂ 'ਤੇ ਕਬਜ਼ਾ ਕਰ ਲਿਆ ਸੀ। ਮੌਸਮੀ ਮੌਨਸੂਨ ਬਾਰਿਸ਼ਾਂ ਅਤੇ ਹਿਮਾਲਿਆਈ ਬਰਫ਼ ਪਿਘਲਣ ਨਾਲ ਕਈ ਨੀਵੇਂ ਇਲਾਕਿਆਂ ਵਿੱਚ ਸਾਲਾਨਾ ਹੜ੍ਹ ਆਉਣ ਦਾ ਅਨੁਮਾਨ ਲਾਇਆ ਜਾਂਦਾ ਸੀ, ਜਿਸ ਨੂੰ ਖੇਤੀਬਾੜੀ ਭਾਈਚਾਰਿਆਂ ਨੇ ਫਸਲੀ ਚੱਕਰਾਂ ਨੂੰ ਸਮਾਂ ਦੇਣ, ਉੱਚੀਆਂ ਜ਼ਮੀਨਾਂ 'ਤੇ ਪਿੰਡਾਂ ਨੂੰ ਬਿਠਾਉਣ ਅਤੇ ਹੜ੍ਹ ਵਾਲੇ ਚਰਗਾਹਾਂ ਦੀ ਵਰਤੋਂ ਕਰਕੇ ਅਪਣਾਇਆ।

ਬ੍ਰਿਟਿਸ਼ ਸ਼ਾਸਨ ਦੇ ਅਧੀਨ ਹੜ੍ਹਾਂ ਦਾ ਚਰਿੱਤਰ ਬਦਲਣਾ ਸ਼ੁਰੂ ਹੋ ਗਿਆ, ਕਿਉਂਕਿ ਵਿਆਪਕ ਸਿੰਚਾਈ ਅਤੇ ਨਹਿਰੀ ਪ੍ਰਣਾਲੀਆਂ ਬਣਾਈਆਂ ਗਈਆਂ ਸਨ। ਬੰਨ੍ਹ, ਨਹਿਰਾਂ ਅਤੇ ਬੈਰਾਜਾਂ ਨੇ ਦਰਿਆਈ ਚੈਨਲਾਂ ਨੂੰ ਸੀਮਤ ਕਰ ਦਿੱਤਾ, ਸਾਲ ਭਰ ਸਿੰਚਾਈ ਨੂੰ ਸਮਰੱਥ ਬਣਾਇਆ ਅਤੇ ਕਾਸ਼ਤ ਕੀਤੇ ਖੇਤਰ ਦਾ ਕਾਫ਼ੀ ਵਿਸਥਾਰ ਕੀਤਾ। 1947 ਦੀ ਵੰਡ ਨੇ ਦਰਿਆਵਾਂ ਦੇ ਰਾਜਨੀਤਿਕ ਨਿਯੰਤ੍ਰਣ ਨੂੰ ਬਦਲ ਦਿੱਤਾ ਅਤੇ ਸਾਂਝੇ ਪਾਣੀ ਦੀ ਵਰਤੋਂ ਲਈ ਨਵੇਂ ਪ੍ਰਬੰਧਾਂ ਦੀ ਲੋੜ ਪਈ। 1960 ਦੀ ਸਿੰਧੂ ਜਲ ਸੰਧੀ ਨੇ ਦਰਿਆਈ ਅਧਿਕਾਰਾਂ ਨੂੰ ਮੁੜ ਵੰਡਿਆ ਅਤੇ ਭਾਰਤੀ ਪੰਜਾਬ ਵਿੱਚ ਡੈਮ ਅਤੇ ਬੈਰਾਜ ਨਿਰਮਾਣ ਦੀ ਲਹਿਰ ਨੂੰ ਪ੍ਰੇਰਿਤ ਕੀਤਾ ਤਾਂ ਜੋ ਪਹਿਲਾਂ ਵੱਖਰੇ ਤੌਰ 'ਤੇ ਸਾਂਝੇ ਕੀਤੇ ਗਏ ਵਹਾਅ ਨੂੰ ਹਾਸਲ ਕੀਤਾ ਜਾ ਸਕੇ ਅਤੇ ਨਿਯਮਤ ਕੀਤਾ ਜਾ ਸਕੇ। ਆਜ਼ਾਦੀ ਤੋਂ ਬਾਅਦ ਭਾਰਤ ਨੇ ਵੱਡੇ ਬਹੁ-ਮੰਤਵੀ ਡੈਮਾਂ ਅਤੇ ਹੜ੍ਹ-ਨਿਯੰਤ੍ਰਣ ਬੁਨਿਆਦੀ ਢਾਂਚੇ ਵਿੱਚ ਭਾਰੀ ਨਿਵੇਸ਼ ਕੀਤਾ। ਭਾਖੜਾ-ਨੰਗਲ ਅਤੇ ਪੌਂਗ (ਬਿਆਸ 'ਤੇ), ਬੈਰਾਜਾਂ ਅਤੇ ਬੰਨ੍ਹਾਂ ਦੇ ਇੱਕ ਵਿਸ਼ਾਲ ਨੈੱਟਵਰਕ ਦੇ ਨਾਲ ਮਾਨਸੂਨ ਦੇ ਵਹਾਅ ਨੂੰ ਸਟੋਰ ਕਰਨ, ਸਿੰਚਾਈ ਨੂੰ ਨਿਯਮਤ ਕਰਨ ਅਤੇ ਹੜ੍ਹ ਦੇ ਜੋਖਮ ਨੂੰ ਘਟਾਉਣ ਲਈ ਤਿਆਰ ਕੀਤੇ ਗਏ ਸਨ; ਜਦੋਂ ਕਿ ਇਨ੍ਹਾਂ ਕੰਮਾਂ ਨੇ ਮੌਸਮੀ ਸਿਖਰਾਂ ਨੂੰ ਮੱਧਮ ਕੀਤਾ ਅਤੇ ਵੱਡੇ, ਵਿਆਪਕ ਹੜ੍ਹ ਦੀ ਬਾਰੰਬਾਰਤਾ ਨੂੰ ਘਟਾ ਦਿੱਤਾ, ਪਰ ਇਨ੍ਹਾਂ ਨੇ ਨਵੀਆਂ ਕਮਜ਼ੋਰੀਆਂ ਵੀ ਪੇਸ਼ ਕੀਤੀਆਂ- ਜਲ ਭੰਡਾਰਾਂ ਦੇ ਕੁਪ੍ਰਬੰਧਨ ਅਤੇ ਬਹੁਤ ਜ਼ਿਆਦਾ ਬਾਰਸ਼ ਦੀਆਂ ਘਟਨਾਵਾਂ ਦੌਰਾਨ ਅਚਾਨਕ ਜ਼ਿਆਦਾ ਮਾਤਰਾ ਵਿੱਚ ਪਾਣੀ ਛੱਡਣ ਨਾਲ ਨੀਵੇਂ ਖੇਤਰਾਂ ਵਿੱਚ ਹੜ੍ਹਾਂ ਦਾ ਖ਼ਤਰਾ ਵਧ ਗਿਆ ਹੈ। ਜਲ ਭੰਡਾਰਾਂ ਅਤੇ ਬੰਨ੍ਹਾਂ ਦੇ ਬਾਵਜੂਦ, ਪੰਜਾਬ ਨੂੰ ਕਈ ਬਹੁਤ ਜ਼ਿਆਦਾ ਮੌਨਸੂਨ ਸਾਲਾਂ ਵਿੱਚ ਨੁਕਸਾਨਦੇਹ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ ਹੈ। ਤੇਜ਼ ਬਾਰਸ਼, ਬੰਨ੍ਹਾਂ ਵਿੱਚ ਟੁੱਟ-ਭੱਜ ਅਤੇ ਨਹਿਰੀ ਨੈੱਟਵਰਕ ਦੇ ਅੰਦਰ ਡਰੇਨੇਜ ਭੀੜ ਤੋਂ ਸਥਾਨਕ ਤੌਰ 'ਤੇ ਅਚਾਨਕ ਹੜ੍ਹਾਂ ਨੇ ਮਹੱਤਵਪੂਰਨ ਖੇਤੀਬਾੜੀ ਨੁਕਸਾਨ ਅਤੇ ਸ਼ਹਿਰੀ ਹੜ੍ਹ ਪੈਦਾ ਕੀਤੇ ਹਨ।

21ਵੀਂ ਸਦੀ ਦੌਰਾਨ ਪੰਜਾਬ ਵਿੱਚ ਹੜ੍ਹ ਦੇ ਜੋਖਮ ਦੀ ਪ੍ਰਕਿਰਤੀ ਦਾ ਵਿਕਾਸ ਜਾਰੀ ਰਿਹਾ ਹੈ, ਜੋ ਸ਼ਹਿਰੀ ਵਿਸਥਾਰ, ਗਿੱਲੀ ਜ਼ਮੀਨ ਦੇ ਨੁਕਸਾਨ, ਘਟਦੇ ਕੁਦਰਤੀ ਹੜ੍ਹ ਦੇ ਮੈਦਾਨੀ ਭੰਡਾਰ, ਵਧਦੀ ਅਭੇਦ ਸਤਹਾ ਅਤੇ ਪ੍ਰਣਾਲੀਗਤ ਡਰੇਨੇਜ ਅਸਫਲਤਾਵਾਂ ਦੁਆਰਾ ਪ੍ਰੇਰਿਤ ਹੈ। ਕੁਦਰਤੀ ਪ੍ਰਣਾਲੀਆਂ ਦੇ ਬੇਰੋਕ ਸ਼ੋਸ਼ਣ ਅਤੇ ਪਤਨ ਨੇ ਵਿਆਪਕ ਵਾਤਾਵਰਣ ਨੁਕਸਾਨ ਅਤੇ ਨਕਾਰਾਤਮਕ ਸਮਾਜਿਕ ਨਤੀਜੇ ਪੈਦਾ ਕੀਤੇ ਹਨ। ਅਸਥਿਰ ਸਰੋਤਾਂ ਦੀ ਨਿਕਾਸੀ ਅਤੇ ਨਿਵਾਸ ਸਥਾਨਾਂ ਦੇ ਵਿਨਾਸ਼ ਵਰਗੀਆਂ ਗਤੀਵਿਧੀਆਂ ਨੇ ਤੇਜ਼ੀ ਨਾਲ ਜਲਵਾਯੂ ਪਰਿਵਰਤਨ, ਜੈਵ ਵਿਭਿੰਨਤਾ ਦੇ ਨੁਕਸਾਨ, ਪ੍ਰਦੂਸ਼ਣ ਦੇ ਪੱਧਰ ਵਿੱਚ ਵਾਧਾ ਅਤੇ ਮਹੱਤਵਪੂਰਨ ਕੁਦਰਤੀ ਸਰੋਤਾਂ ਦੇ ਘਟਣ ਵਿੱਚ ਯੋਗਦਾਨ ਪਾਇਆ ਹੈ। ਖਾਸ ਤੌਰ 'ਤੇ ਭੂਮੀ-ਵਰਤੋਂ ਵਿੱਚ ਤਬਦੀਲੀਆਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਜਿਵੇਂ ਕਿ ਜੰਗਲਾਂ ਨੂੰ ਸਾਫ਼ ਕਰਨਾ, ਹੜ੍ਹ ਦੇ ਮੈਦਾਨਾਂ 'ਤੇ ਨਿਰਮਾਣ ਕਰਨਾ, ਨਦੀਆਂ ਦੇ ਕੋਰਸਾਂ ਨੂੰ ਸੋਧਣਾ, ਨਦੀ 'ਤੇ ਬੰਨ੍ਹ ਲਗਾਉਣਾ ਆਦਿ ਨੇ ਹੜ੍ਹ ਦੇ ਜੋਖਮ ਨੂੰ ਵਧਾ ਦਿੱਤਾ ਹੈ। ਜਦੋਂ ਗਲੇਸ਼ੀਅਰ ਪਿਘਲਣ ਅਤੇ ਸਮੁੰਦਰ ਦੇ ਪੱਧਰ ਦੇ ਵਾਧੇ ਵਰਗੀਆਂ ਜਲਵਾਯੂ-ਸੰਚਾਲਿਤ ਪ੍ਰਕਿਰਿਆਵਾਂ ਨਾਲ ਜੋੜਿਆ ਜਾਂਦਾ ਹੈ, ਤਾਂ ਇਹ ਮਾਨਵ-ਜਨਕ ਤਬਦੀਲੀਆਂ ਵਧੇਰੇ ਗੰਭੀਰ ਹੜ੍ਹ ਦੀਆਂ ਘਟਨਾਵਾਂ ਵਿੱਚ ਯੋਗਦਾਨ ਪਾਉਂਦੀਆਂ ਹਨ। ਨਤੀਜਾ ਜਾਇਦਾਦ, ਬੁਨਿਆਦੀ ਢਾਂਚੇ ਤੇ ਵਾਤਾਵਰਣ ਪ੍ਰਣਾਲੀਆਂ ਨੂੰ ਵਿਆਪਕ ਨੁਕਸਾਨ, ਮੌਤ ਦਰ ਅਤੇ ਵਿਸਥਾਪਨ ਵਿੱਚ ਵਾਧਾ ਤੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਵਧੇ ਹੋਏ ਸੰਚਾਰ ਵਿੱਚ ਹੈ। ਇਨ੍ਹਾਂ ਚੁਣੌਤੀਆਂ ਨੂੰ ਹੱਲ ਕਰਨ ਲਈ ਏਕੀਕ੍ਰਿਤ, ਲੰਬੇ ਸਮੇਂ ਦੀ ਯੋਜਨਾਬੰਦੀ ਦੀ ਲੋੜ ਹੁੰਦੀ ਹੈ, ਜੋ ਵਾਤਾਵਰਣ ਸੀਮਾਵਾਂ ਅਤੇ ਮਨੁੱਖੀ ਤੇ ਕੁਦਰਤੀ ਪ੍ਰਣਾਲੀਆਂ ਦੀ ਲਚਕਤਾ ਨੂੰ ਧਿਆਨ ਵਿੱਚ ਰੱਖਦੀ ਹੈ।

1943 ਵਿੱਚ ਭਾਰਤ ਦੁਨੀਆ ਦੇ ਸਭ ਤੋਂ ਭਿਆਨਕ ਰਿਕਾਰਡ ਕੀਤੇ ਗਏ ਅਨਾਜ ਸੰਕਟ 'ਬੰਗਾਲ ਅਕਾਲ' ਦਾ ਸਾਹਮਣਾ ਕਰ ਰਿਹਾ ਸੀ, ਜਿਸ ਕਾਰਨ ਪੂਰਬੀ ਭਾਰਤ ਵਿੱਚ ਭੁੱਖਮਰੀ ਕਾਰਨ ਲਗਭਗ 40 ਲੱਖ ਲੋਕਾਂ ਦੀ ਮੌਤ ਹੋ ਗਈ। ਇਸ ਨਾਲ ਉਪਜ ਵਧਾਉਣ ਲਈ ਤੁਰੰਤ ਅਤੇ ਸਖ਼ਤ ਕਾਰਵਾਈ ਦੀ ਲੋੜ ਪਈ। ਇਹ ਕਾਰਵਾਈ ਹਰੀ ਕ੍ਰਾਂਤੀ ਦੇ ਰੂਪ ਵਿੱਚ ਆਈ। ਹਰੀ ਕ੍ਰਾਂਤੀ ਨੇ ਉੱਚ-ਉਪਜ ਦੇਣ ਵਾਲੀਆਂ ਫਸਲਾਂ ਦੀਆਂ ਕਿਸਮਾਂ ਨੂੰ ਉਤਸ਼ਾਹਿਤ ਕਰਕੇ ਖੇਤੀਬਾੜੀ ਉਤਪਾਦਕਤਾ ਵਿੱਚ ਕਾਫ਼ੀ ਵਾਧਾ ਕੀਤਾ। ਇਨ੍ਹਾਂ ਕਿਸਮਾਂ ਨੂੰ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਲੋੜ ਸੀ। ਹਰੀ ਕ੍ਰਾਂਤੀ ਦੀ ਉੱਚ-ਉਪਜ ਦੇਣ ਵਾਲੀਆਂ ਫਸਲਾਂ ਦੀਆਂ ਕਿਸਮਾਂ 'ਤੇ ਵਧਦੀ ਨਿਰਭਰਤਾ ਨੇ ਸਿੰਥੈਟਿਕ ਖਾਦਾਂ ਅਤੇ ਕੀਟਨਾਸ਼ਕਾਂ ਵਰਗੇ ਖੇਤੀਬਾੜੀ ਰਸਾਇਣਾਂ ਵਿੱਚ ਵਾਧਾ ਕੀਤਾ ਸੀ। ਨਤੀਜੇ ਵਜੋਂ ਮਿੱਟੀ ਦੀ ਗਿਰਾਵਟ ਅਤੇ ਪੌਸ਼ਟਿਕ ਅਸੰਤੁਲਨ, ਰਸਾਇਣਕ ਵਹਾਅ ਤੋਂ ਪਾਣੀ ਪ੍ਰਦੂਸ਼ਣ, ਖੇਤੀਬਾੜੀ ਜੈਵ-ਵਿਭਿੰਨਤਾ ਵਿੱਚ ਕਮੀ ਅਤੇ ਮਨੁੱਖੀ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਵਾਤਾਵਰਣ ਪ੍ਰਦੂਸ਼ਣ ਸਮੇਤ ਮਹੱਤਵਪੂਰਨ ਨਕਾਰਾਤਮਕ ਪ੍ਰਭਾਵ ਪਏ। ਇਹ ਇਸ ਲਈ ਹੋਇਆ, ਕਿਉਂਕਿ ਕਿਸਾਨ ਅਕਸਰ ਸਿਖਲਾਈ ਦੀ ਘਾਟ ਕਾਰਨ, ਇਨ੍ਹਾਂ ਰਸਾਇਣਾਂ ਦੀ ਬਹੁਤ ਜ਼ਿਆਦਾ ਅਤੇ ਗੈਰ-ਵਿਗਿਆਨਕ ਵਰਤੋਂ ਕਰਦੇ ਸਨ। ਨਤੀਜੇ ਵਜੋਂ ਵਾਤਾਵਰਣ ਪ੍ਰਣਾਲੀਆਂ ਨੂੰ ਸਥਾਈ ਨੁਕਸਾਨ ਹੋਇਆ ਅਤੇ ਖੇਤੀਬਾੜੀ ਜ਼ਮੀਨ ਘੱਟ ਟਿਕਾਊ ਬਣ ਗਈ।

ਹਰੀ ਕ੍ਰਾਂਤੀ ਨੇ ਪਾਣੀ ਦੀ ਜ਼ਿਆਦਾ ਵਰਤੋਂ ਕਰਨ ਵਾਲੀਆਂ ਫਸਲਾਂ ਜਿਵੇਂ ਕਿ ਚੌਲ ਅਤੇ ਗੰਨੇ ਨੂੰ ਖਾਸ ਕਰਕੇ ਪੰਜਾਬ ਵਰਗੇ ਖੇਤਰਾਂ ਵਿੱਚ ਉਤਸ਼ਾਹਿਤ ਕੀਤਾ। ਇਸ ਨਾਲ ਸਿੰਚਾਈ 'ਤੇ ਨਿਰਭਰਤਾ ਵਧੀ ਅਤੇ ਬਦਲੇ ਹੋਏ ਜਲ-ਵਿਗਿਆਨਕ ਪੈਟਰਨਾਂ ਅਤੇ ਸੰਭਾਵੀ ਹੜ੍ਹਾਂ ਵਿੱਚ ਯੋਗਦਾਨ ਪਾਇਆ। ਹਰੀ ਕ੍ਰਾਂਤੀ ਦੀ ਖੇਤੀ ਵਿੱਚ ਰਸਾਇਣਾਂ ਦੀ ਵਧਦੀ ਵਰਤੋਂ ਨਾਲ ਪਾਣੀ ਵਹਿ ਜਾਂਦਾ ਹੈ, ਜੋ ਸਤਹੀ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਦਾ ਹੈ, ਵਾਤਾਵਰਣ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਵਿਆਪਕ ਅਰਥਾਂ ਵਿੱਚ ਪਾਣੀ ਭਰਨ ਤੇ ਹੜ੍ਹਾਂ ਦੀਆਂ ਘਟਨਾਵਾਂ ਵਿੱਚ ਸੰਭਾਵੀ ਤੌਰ 'ਤੇ ਯੋਗਦਾਨ ਪਾਉਂਦਾ ਹੈ। ਹਰੀ ਕ੍ਰਾਂਤੀ ਮੌਜੂਦਾ ਹੜ੍ਹਾਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਨਹੀਂ ਹੈ, ਪਰ ਇਸਦੇ ਅਸਥਿਰ ਅਭਿਆਸਾਂ, ਜਿਵੇਂ ਕਿ ਰਸਾਇਣਕ ਖਾਦਾਂ 'ਤੇ ਭਾਰੀ ਨਿਰਭਰਤਾ ਤੇ ਤੀਬਰ ਸਿੰਚਾਈ ਨੇ ਪਾਣੀ ਪ੍ਰਦੂਸ਼ਣ ਅਤੇ ਮਿੱਟੀ ਦੇ ਵਿਗਾੜ ਵਿੱਚ ਯੋਗਦਾਨ ਪਾਇਆ ਹੈ। ਇਹ ਲੰਬੇ ਸਮੇਂ ਦੇ ਵਾਤਾਵਰਣ ਪ੍ਰਭਾਵ, ਜਲਵਾਯੂ ਪਰਿਵਰਤਨ, ਜੰਗਲਾਂ ਦੀ ਕਟਾਈ ਅਤੇ ਮਾੜੀ ਸ਼ਹਿਰੀ ਯੋਜਨਾਬੰਦੀ ਵਰਗੇ ਕਾਰਕਾਂ ਦੇ ਨਾਲ, ਹੜ੍ਹਾਂ ਦੀ ਬਾਰੰਬਾਰਤਾ ਤੇ ਗੰਭੀਰਤਾ ਨੂੰ ਵਧਾਉਂਦੇ ਹਨ।



ਹੜ੍ਹ ਤੋਂ ਪਹਿਲਾਂ: 2025 ਦੀਆਂ ਗਰਮੀਆਂ ਵਿੱਚ ਸੁੱਕਾ ਹੀ ਰਿਹਾ ਸਤਲੁਜ ਦਰਿਆ

ਪੰਜਾਬ ਇਸ ਸਮੇਂ ਗੰਭੀਰ ਹੜ੍ਹਾਂ ਨਾਲ ਜੂਝ ਰਿਹਾ ਹੈ। ਵਿਆਪਕ ਹੜ੍ਹਾਂ ਨੇ ਖੇਤੀਬਾੜੀ, ਜਾਇਦਾਦ ਅਤੇ ਬੁਨਿਆਦੀ ਢਾਂਚੇ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਹੈ; ਲੋਕ ਬੇਘਰ ਹੋਏ ਹਨ ਅਤੇ ਜ਼ਰੂਰੀ ਸੇਵਾਵਾਂ ਵਿੱਚ ਵਿਘਨ ਪਿਆ ਹੈ। ਬਹੁਤੇ ਜ਼ਿਲ੍ਹੇ ਗੰਭੀਰ ਹੜ੍ਹਾਂ ਦਾ ਸਾਹਮਣਾ ਕਰ ਰਹੇ ਹਨ, ਜਿਸ ਨਾਲ ਮਨੁੱਖਤਾ, ਖੇਤੀਬਾੜੀ ਅਤੇ ਬੁਨਿਆਦੀ ਢਾਂਚੇ 'ਤੇ ਵਿਆਪਕ ਪ੍ਰਭਾਵ ਪੈ ਰਿਹਾ ਹੈ। ਹੜ੍ਹਾਂ ਨੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਘਟਾ ਦਿੱਤਾ ਹੈ ਅਤੇ ਲੰਬੇ ਸਮੇਂ ਤੱਕ ਪਾਣੀ ਭਰਨ ਨਾਲ ਜ਼ਮੀਨ ਦੀ ਰਿਕਵਰੀ ਵਿੱਚ ਰੁਕਾਵਟ ਆਵੇਗੀ। ਪਸ਼ੂਆਂ ਦੇ ਨੁਕਸਾਨ ਅਤੇ ਚਾਰੇ ਤੇ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਵਿਗੜਨ ਨੇ ਕਿਸਾਨ ਪਰਿਵਾਰਾਂ ਲਈ ਰੋਜ਼ੀ-ਰੋਟੀ ਦੇ ਸੰਕਟ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਭੋਜਨ ਸੁਰੱਖਿਆ ਅਤੇ ਆਮਦਨ ਦੀ ਕਮਜ਼ੋਰੀ ਵਧ ਗਈ ਹੈ। ਐਮਰਜੈਂਸੀ ਆਸਰਾ, ਸੁਰੱਖਿਅਤ ਪੀਣ ਵਾਲੇ ਪਾਣੀ, ਸੈਨੀਟੇਸ਼ਨ ਅਤੇ ਡਾਕਟਰੀ ਸਹਾਇਤਾ ਦੀ ਗੰਭੀਰ ਜ਼ਰੂਰਤਾਂ ਪੈਦਾ ਹੋ ਗਈਆਂ ਹਨ।

ਹੁਣ ਮਨੁੱਖ ਨੂੰ ਕੁਦਰਤ ਦੇ ਪਤਨ ਦੇ ਨੁਕਸਾਨਦੇਹ ਪ੍ਰਭਾਵਾਂ ਦਾ ਅਹਿਸਾਸ ਹੋ ਗਿਆ ਹੈ, ਜੋ ਉਸਦੇ ਕਾਰਨ ਜਾਣ-ਬੁੱਝ ਕੇ ਜਾਂ ਅਣਜਾਣੇ ਵਿੱਚ ਕੀਤੇ ਗਏ ਹਨ। ਇਸ ਲਈ ਪਿਛਲੇ ਦਹਾਕੇ ਦੌਰਾਨ ਕਿਸਾਨਾਂ, ਖੋਜਕਰਤਾਵਾਂ, ਸਰਕਾਰਾਂ, ਕੰਪਨੀਆਂ ਅਤੇ ਸਿਵਲ ਸਮਾਜ ਨੇ ਉਤਪਾਦਕ ਖੇਤੀਬਾੜੀ ਨੂੰ ਬਣਾਈ ਰੱਖਦਿਆਂ ਇਨ੍ਹਾਂ ਪ੍ਰਭਾਵਾਂ ਨੂੰ ਘਟਾਉਣ ਲਈ ਕਈ ਤਰ੍ਹਾਂ ਦੀਆਂ ਰਣਨੀਤੀਆਂ ਵਿਕਸਤ ਕੀਤੀਆਂ ਹਨ। ਹੁਣ ਇੱਕ ਮੁੱਖ ਸਵਾਲ ਇਹ ਹੈ ਕਿ ਕੁਦਰਤੀ ਪ੍ਰਣਾਲੀਆਂ ਨੂੰ ਸੁਰੱਖਿਅਤ ਰੱਖਣ ਦੀ ਜ਼ਰੂਰਤ ਦੀ ਵਧਦੀ ਮਾਨਤਾ ਦੇ ਬਾਵਜੂਦ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਗੰਭੀਰ ਨੁਕਸਾਨ ਕਿਉਂ ਪਹੁੰਚਾਉਂਦੀਆਂ ਰਹਿੰਦੀਆਂ ਹਨ? ਜਵਾਬ ਹੈ, ਸਮਾਜਿਕ ਪ੍ਰਤੀਕਿਰਿਆਵਾਂ ਬਹੁਤ ਦੇਰ ਨਾਲ ਕੀਤੀਆਂ ਗਈਆਂ ਹਨ: ਬਹੁਤ ਸਾਰਾ ਵਾਤਾਵਰਣ ਵਿਗਾੜ ਪਹਿਲਾਂ ਹੀ ਹੋ ਚੁੱਕਾ ਹੈ। ਹੜ੍ਹ ਕੁਦਰਤੀ ਅਤੇ ਮਨੁੱਖੀ ਕਾਰਵਾਈਆਂ ਦੇ ਆਪਸੀ ਤਾਲਮੇਲ ਤੋਂ ਪੈਦਾ ਹੁੰਦੇ ਹਨ, ਜੋ ਲੈਂਡਸਕੇਪ ਅਤੇ ਹਾਈਡ੍ਰੋਲੋਜੀ ਨੂੰ ਬਦਲਦੀਆਂ ਹਨ। ਜੰਗਲਾਂ ਦੀ ਕਟਾਈ, ਸ਼ਹਿਰੀ ਵਿਸਥਾਰ ਤੇ ਅਸਥਿਰ ਭੂਮੀ ਵਰਤੋਂ ਵਰਗੀਆਂ ਗਤੀਵਿਧੀਆਂ ਸਤਹ ਦੇ ਵਹਾਅ ਨੂੰ ਵਧਾਉਂਦੀਆਂ ਹਨ ਅਤੇ ਨਦੀ ਦੀ ਸਮਰੱਥਾ ਨੂੰ ਘਟਾਉਂਦੀਆਂ ਹਨ।

ਮਨੁੱਖ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਕੁਦਰਤ ਤੋਂ ਵੱਧ ਸ਼ਕਤੀਸ਼ਾਲੀ ਕੋਈ ਨਹੀਂ ਹੈ। ਅਸੀਂ ਅਤਿ-ਆਧੁਨਿਕ ਯੰਤਰ ਵਿਕਸਤ ਕਰ ਸਕਦੇ ਹਾਂ, ਦਰਿਆਵਾਂ ਦਾ ਵਹਾਅ ਬਦਲ ਸਕਦੇ ਹਾਂ ਅਤੇ ਪਾਣੀ ਨੂੰ ਕੰਟਰੋਲ ਕਰਨ ਲਈ ਡੈਮ ਬਣਾ ਸਕਦੇ ਹਾਂ, ਪਰ ਅਸੀਂ ਕੁਦਰਤ ਦੀਆਂ ਤਾਕਤਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਜਦੋਂ ਸਾਡੀ ਦਖਲਅੰਦਾਜ਼ੀ ਬਹੁਤ ਜ਼ਿਆਦਾ ਹੋ ਜਾਂਦੀ ਹੈ, ਫਿਰ ਕੁਦਰਤ ਉਲਟਾ ਹਮਲਾ ਕਰਦੀ ਹੈ ਅਤੇ ਹੜ੍ਹਾਂ, ਤੂਫਾਨਾਂ, ਜ਼ਮੀਨ ਖਿਸਕਣ ਜਾਂ ਇੱਥੋਂ ਤੱਕ ਕਿ ਭੂਚਾਲਾਂ ਦੁਆਰਾ ਮਨੁੱਖਜਾਤੀ ਲਈ ਤਬਾਹੀ ਲਿਆਉਂਦੀ ਹੈ। ਪਹਿਲਾਂ ਕੁਦਰਤ 'ਮੈਨੂੰ ਬਚਾਓ, ਮੈਨੂੰ ਬਚਾਓ' ਚੀਕਦੀ ਸੀ; ਅੱਜ ਇਹ 'ਮੇਰੇ ਤੋਂ ਬਚੋ, ਮੇਰੇ ਤੋਂ ਬਚੋ' ਕਹਿੰਦੀ ਜਾਪਦੀ ਹੈ। ਸਪੱਸ਼ਟ ਸਬਕ ਇਹ ਹੈ ਕਿ ਕੁਦਰਤੀ ਸੀਮਾਵਾਂ ਦਾ ਸਤਿਕਾਰ ਕਰੋ ਅਤੇ ਅਜਿਹੇ ਵਿਨਾਸ਼ਕਾਰੀ ਨਤੀਜਿਆਂ ਤੋਂ ਬਚਣ ਲਈ ਵਾਤਾਵਰਣ ਦੇ ਵਿਰੁੱਧ ਕੰਮ ਨਾ ਕਰੋ। ਕੁਦਰਤ ਨਾਲ ਸੰਤੁਲਨ ਵਿੱਚ ਰਹਿਣਾ ਇੱਕ ਨੈਤਿਕ ਫਰਜ਼ ਅਤੇ ਸਾਡੇ ਬਚਾਅ ਲਈ ਇੱਕ ਵਿਹਾਰਕ ਜ਼ਰੂਰਤ ਹੈ।

---

ਸੁਨੇਹਾ



ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330

# 1955 ਦੇ ਪੰਜਾਬ ਦੇ ਹੜ੍ਹ ਦੀਆਂ ਯਾਦਾਂ

1955 ਵਿੱਚ ਪੰਜਾਬ ਵਿੱਚ ਭਿਆਨਕ ਹੜ੍ਹ ਆਇਆ ਸੀ। ਲਗਭਗ 200 ਲੋਕ ਮਰੇ, 10,000 ਪਸ਼ੂਆਂ ਦੀ ਜਾਨ ਗਈ, ਹਜ਼ਾਰਾਂ ਕੱਚੇ ਘਰ ਢਹਿ ਗਏ ਅਤੇ ਹੜ੍ਹ-ਪ੍ਰਭਾਵਿਤ ਇਲਾਕੇ ਵਿੱਚ ਪਸ਼ੂਆਂ ਲਈ ਚਾਰੇ ਦੀ ਕੋਈ ਵਿਵਸਥਾ ਨਾ ਬਚੀ। ਉਸ ਸਮੇਂ ਦੇ ਇਕੱਠੇ ਪੰਜਾਬ ਰਾਜ ਵਿੱਚ ਖੇਤੀਬਾੜੀ ਨੂੰ ਹੋਇਆ ਵਿੱਤੀ ਨੁਕਸਾਨ 30 ਮਿਲੀਅਨ ਡਾਲਰ ਅੰਦਾਜ਼ਿਆ ਗਿਆ।

ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਸਨ ਅਤੇ ਵਿਕਾਸ ਮੰਤਰੀ ਪ੍ਰਤਾਪ ਸਿੰਘ ਕੈਰੋਂ। ਅਗਸਤ ਮਹੀਨੇ ਹੜ੍ਹ ਦੇ ਦੌਰਾਨ ਭੀਮ ਸੈਨ ਸੱਚਰ ਮੁੱਖ ਮੰਤਰੀ ਸਨ, ਪਰ ਜਨਵਰੀ 1966 ਵਿੱਚ ਉਨ੍ਹਾਂ ਦੀ ਥਾਂ ਕੈਰੋਂ ਨੇ ਲਈ, ਜੋ 1964-1965 ਤੱਕ ਮੁੱਖ ਮੰਤਰੀ ਰਹੇ। ਕੈਰੋਂ ਦੇ ਦੌਰ ਵਿੱਚ ਹੀ ਪੰਜਾਬ ਵਿੱਚ ਵੱਡਾ ਫਲੱਡ ਡਰੇਨ ਨੈੱਟਵਰਕ ਬਣਾਇਆ ਗਿਆ, ਜਿਸ ਨੇ ਬਾਅਦ ਵਿੱਚ ਪੰਜਾਬ ਨੂੰ ਬਹੁਤ ਫ਼ਾਇਦਾ ਦਿੱਤਾ, ਜਦ ਤਕ ਉਨ੍ਹਾਂ ਦੀ ਸਹੀ ਦੇਖਭਾਲ ਹੁੰਦੀ ਰਹੀ।

ਇਹ ਹੜ੍ਹ ਇੰਨਾ ਭਿਆਨਕ ਸੀ ਕਿ 13 ਵਿੱਚੋਂ 9 ਜ਼ਿਲ੍ਹਿਆਂ ਦੇ 500 ਤੋਂ ਵੱਧ ਪਿੰਡ ਲਗਭਗ ਪੂਰੀ ਤਰ੍ਹਾਂ ਤਬਾਹ ਹੋ ਗਏ। ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਮੁੱਖ ਮੰਤਰੀ ਕੈਰੋਂ ਦੇ ਨਾਲ ਦੋ ਦਿਨ ਬਾਅਦ ਹਵਾਈ ਦੌਰਾ ਕਰਕੇ ਹੜ੍ਹ-ਪ੍ਰਭਾਵਿਤ ਇਲਾਕੇ ਵੇਖਣ ਆਏ। ਉਸ ਵੇਲੇ ਉਨ੍ਹਾਂ ਕਿਹਾ, "ਇਹ ਬਹੁਤ ਹੀ ਭਿਆਨਕ ਹਾਲਤ ਹੈ। ਮੈਂ ਕਦੇ ਵੀ ਇੰਨਾ ਵੱਡਾ ਪਾਣੀ ਹੜ੍ਹ ਨਹੀਂ ਵੇਖਿਆ। ਇਹ ਸਿੱਖਾਂ ਵੱਲੋਂ ਭੁਗਤੀ ਸਭ ਤੋਂ ਵੱਡੀ ਆਫ਼ਤ ਹੋ ਸਕਦੀ ਹੈ।"

(ਪਰ ਉਹ ਇਹ ਦੇਖਣ ਨੂੰ ਜ਼ਿੰਦਾ ਨਾ ਰਹੇ ਕਿ 1984 ਵਿੱਚ ਉਸ ਦੀ ਧੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ ਨਾਲ ਸਿੱਖਾਂ ਦੇ ਸਭ ਤੋਂ ਵੱਡੇ ਧਾਰਮਿਕ ਸਥਾਨ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਹੋਇਆ। ਫਿਰ ਇੰਦਰਾ ਦੀ ਹੱਤਿਆ ਉਸ ਦੇ ਆਪਣੇ ਸਿੱਖ ਸੁਰੱਖਿਆ ਕਰਮੀਆਂ ਵੱਲੋਂ ਹੋਈ ਅਤੇ ਉਸ ਤੋਂ ਬਾਅਦ ਦਿੱਲੀ ਵਿੱਚ ਸਿੱਖਾਂ ਦੀ ਨਸਲਕੁਸ਼ੀ-ਲਗਭਗ 3000 ਕਤਲ ਅਤੇ ਹੋਰ ਕਈ ਇਲਾਕਿਆਂ ਵਿੱਚ ਹਿੰਸਾ ਹੋਈ, ਜੋ ਉਸ ਦੇ ਦੋਹਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਦੌਰ ਵਿੱਚ ਵੇਖਣ ਨੂੰ ਮਿਲੀ।)

---

ਅਗਸਤ 1955 ਦੇ ਦਿਨ ਧਨੌਲਾ (ਸੰਗਰੂਰ) ਵਿੱਚ ਮੇਰੀ ਭੂਆ ਦੇ ਮੁੰਡੇ ਦਾ ਵਿਆਹ ਸੀ। ਅਸੀਂ ਘਰ ਤੋਂ ਬੱਸ ਅੱਡੇ ਤੱਕ ਲਗਾਤਾਰ ਮੀਂਹ ਵਿੱਚ ਤੁਰ ਕੇ ਪਹੁੰਚੇ, ਪੂਰੇ ਭਿੱਜ ਕੇ। ਫਿਰ ਧਨੌਲਾ ਤੋਂ ਬਰਨਾਲਾ ਬੱਸ ਫੜੀ ਅਤੇ ਉੱਥੋਂ ਟ੍ਰੇਨ ਰਾਹੀਂ ਅੰਬਾਲਾ ਜਾਣਾ ਸੀ। ਫਿਰ ਅੰਬਾਲੀ ਟੋਨ ਬਰਾੜਾ ਸਟੇਸ਼ਨ 'ਤੇ ਉਤਰੇ- ਉਸ ਸਮੇਂ ਵੀ ਮੀਂਹ ਵਰ੍ਹ ਰਿਹਾ ਸੀ।

ਬਰਾੜਾ ਸਟੇਸ਼ਨ ਤੋਂ ਅਸੀਂ ਟਾਂਗੇ ਰਾਹੀਂ ਇੱਕ ਛੋਟੇ ਪਿੰਡ ਅਦੋਹੀ ਗਏ। ਪੂਰੀ ਬਰਾਤ ਪਾਣੀ ਵਿੱਚ ਭਿੱਜੇ ਹੋਏ ਕੱਪੜਿਆਂ ਵਿੱਚ ਸੀ। ਬਰਾਤ ਦਾ ਸਵਾਗਤ ਪਿੰਡ ਦੇ ਸਕੂਲ ਵਿੱਚ ਕੀਤਾ ਗਿਆ- ਚਾਹ, ਖਾਣਾ ਤੇ ਰਾਤ ਦਾ ਟਿਕਾਣਾ ਵੀ ਉਥੇ ਹੀ ਸੀ। ਅਗਲੇ ਦਿਨ ਅਨੰਦ ਕਾਰਜ ਦੀ ਰਸਮ ਗੁਰਦੁਆਰੇ ਵਿੱਚ ਹੋਈ, ਜੋ ਕਿ ਪਹਿਲਾਂ ਇੱਕ ਮਸਜਿਦ ਸੀ। ਮੇਰੇ ਪਿਤਾ ਜੀ ਨੇ ਦੱਸਿਆ ਕਿ ਇਹ ਉਹ ਮਸਜਿਦ ਸੀ, ਜੋ 1947 ਦੇ ਬਾਅਦ ਪਾਕਿਸਤਾਨ ਜਾਣ ਵਾਲੇ ਮੁਸਲਮਾਨ ਛੱਡ ਗਏ ਸਨ।

ਵਿਆਹ ਤੋਂ ਬਾਅਦ ਮੀਂਹ ਹੌਲੀ-ਹੌਲੀ ਘੱਟ ਹੋਇਆ, ਪਰ ਮੁਸੀਬਤਾਂ ਘੱਟ ਨਹੀਂ ਹੋਈਆਂ। ਉਸ ਵੇਲੇ ਪੱਕੀਆਂ ਲਿੰਕ ਸੜਕਾਂ ਨਹੀਂ ਸਨ, ਬੈਲ-ਗੱਡੇ ਲਈ ਵੀ ਚਿੱਕੜ ਵਿੱਚ ਤੁਰਨਾ ਮੁਸ਼ਕਲ ਸੀ। ਪਿੰਡਾਂ ਤੋਂ ਸ਼ਹਿਰ ਵੱਲ ਕੋਈ ਵੱਖਰਾ ਜ਼ਰੂਰੀ ਕੰਮ ਹੋਵੇ ਤਾਂ ਹੀ ਲੋਕ ਜਾਂਦੇ ਸਨ, ਪਰ ਉਸ ਸਮੇਂ ਕਿਸੇ ਨੇ ਵੀ ਮੀਂਹ ਨੂੰ ਕਦੇ ਕਲਾਈਮੇਟ ਚੇਂਜ ਦਾ ਨਤੀਜਾ ਨਹੀਂ ਕਿਹਾ।

ਉਹ ਹੜ੍ਹ ਮੈਂ ਆਪਣੇ ਅੱਖੀਂ ਵੇਖਿਆ ਸੀ। ਉਹ ਲੋਕਾਂ ਲਈ ਬੜੀ ਕਠਿਨਾਈ ਤੇ ਬੇਬਸੀ ਵਾਲਾ ਸਮਾਂ ਸੀ, ਪਰ ਪਿੰਡਾਂ ਦੇ ਲੋਕਾਂ ਨੇ ਹਮੇਸ਼ਾ ਹੌਸਲਾ ਰੱਖਿਆ। ਉਨ੍ਹਾਂ ਦੇ ਚਿਹਰਿਆਂ 'ਤੇ ਕਦੇ ਵੀ ਚਿੰਤਾ ਨਹੀਂ ਦਿਖੀ। ਉਹ ਸਿਰਫ਼ ਰੱਬ ਵੱਲ ਤੱਕਦੇ ਤੇ ਅਰਦਾਸ ਕਰਦੇ, "ਦਾਤਾ ਤੇਰੀ ਮਰਜ਼ੀ। ਤੂੰ ਆਪਣੇ ਜੰਤ 'ਤੇ ਮਿਹਰ ਕਰ।"

ਪਿੰਡਾਂ ਦੇ ਲੋਕ ਹਮੇਸ਼ਾਂ ਕੁਦਰਤ ਤੇ ਰੱਬ ਨਾਲ ਆਪਣਾ ਨਾਤਾ ਜੋੜ ਕੇ ਰੱਖਦੇ ਹਨ। ਇਸ ਕਰਕੇ ਮੈਨੂੰ ਅੱਜ ਵੀ ਲੱਗਦਾ ਹੈ ਕਿ ਪਿੰਡਾਂ ਦੇ ਲੋਕ ਹੀ ਰੱਬ ਦੇ ਸੱਚੇ ਭਗਤ ਹਨ; ਜੋ ਹਰ ਸਮੇਂ ਵਾਹਿਗੁਰੂ, ਅੱਲਾ, ਰਾਮ ਜਾਂ ਮਸੀਹ ਦੇ ਆਸਰੇ ਨਾਲ ਮੁਸੀਬਤਾਂ ਕੱਟ ਲੈਂਦੇ ਹਨ। ਉਹ ਸੱਚ ਮੁੱਚ ਹੀ ਚੜ੍ਹਦੀ ਕਲਾ ਵਾਲੇ ਹਨ।

# ਪੰਜਾਬ ਵਿੱਚ ਆਏ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ

ਜਾਣਕਾਰੀ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



ਹਾਲੀਆ ਸਾਲਾਂ ਵਿੱਚ ਪੰਜਾਬ ਨੇ ਕਈ ਵਾਰੀ ਗੰਭੀਰ ਹੜ੍ਹਾਂ ਦਾ ਸਾਹਮਣਾ ਕੀਤਾ ਹੈ, ਖਾਸ ਤੌਰ 'ਤੇ 2023 ਅਤੇ 2025 ਵਿੱਚ। ਬਿਆਸ, ਸਤਲੁਜ, ਰਾਵੀ ਦਰਿਆਵਾਂ ਵਿੱਚ ਪਾਣੀ ਵਧਣ ਨਾਲ ਅਤੇ ਭਾਰੀ ਮੀਂਹ ਪੈਣ ਕਾਰਨ ਸਰਹੱਦੀ ਇਲਾਕਿਆਂ ਤੇ ਹੋਰ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ। ਪੌਂਗ, ਭਾਖੜਾ ਅਤੇ ਰਣਜੀਤ ਸਾਗਰ ਡੈਮਾਂ 'ਚੋਂ ਪਾਣੀ ਛੱਡਣ ਕਾਰਨ ਸਥਿਤੀ ਹੋਰ ਗੰਭੀਰ ਹੋ ਗਈ ਹੈ। ਹੜ੍ਹਾਂ ਕਾਰਨ ਪ੍ਰਭਾਵਿਤ ਲੋਕਾਂ ਦਾ ਮਾਲ-ਅਸਬਾਬ, ਫਸਲ-ਬਾੜੀ, ਡੰਗਰਾਂ, ਘਰਾਂ ਆਦਿ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ। ਸਕੂਲ ਬੰਦ ਹੋਏ, ਪਿੰਡਾਂ ਦੇ ਲੋਕਾਂ ਵਿੱਚ ਸਹਿਮ ਪੈਦਾ ਹੋਇਆ ਅਤੇ ਸਥਾਨਕ ਲੋਕਾਂ ਨੇ ਪ੍ਰਸ਼ਾਸਨ ਖਿਲਾਫ਼ ਰੋਸ ਵੀ ਜਤਾਇਆ।

ਪੰਜਾਬ, ਪੰਜ ਦਰਿਆਵਾਂ ਦੀ ਧਰਤੀ (ਸਤਲੁਜ, ਬਿਆਸ, ਰਾਵੀ, ਚਿਨਾਬ ਅਤੇ ਜੇਹਲਮ) ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਦੀ ਭੂਗੋਲਿਕ ਸਥਿਤੀ ਅਤੇ ਮੌਸਮੀ ਪੈਟਰਨ ਕਾਰਨ ਇੱਥੇ ਹੜ੍ਹਾਂ ਦਾ ਲੰਮਾ ਇਤਿਹਾਸ ਰਿਹਾ ਹੈ। ਪੰਜਾਬ ਵਿੱਚ ਹੜ੍ਹਾਂ ਦੀਆਂ ਘਟਨਾਵਾਂ ਮੁੱਖ ਤੌਰ 'ਤੇ ਮਾਨਸੂਨ ਦੀ ਭਾਰੀ ਵਰਖਾ, ਦਰਿਆਵਾਂ ਵਿੱਚ ਉਫ਼ਾਨ ਅਤੇ ਡੈਮਾਂ ਤੋਂ ਪਾਣੀ ਛੱਡਣ ਕਾਰਨ ਵਾਪਰਦੀਆਂ ਹਨ। ਪੰਜਾਬ ਵਿੱਚ ਜੁਲਾਈ ਤੋਂ ਸਤੰਬਰ ਦੌਰਾਨ ਮਾਨਸੂਨ ਦੀ ਭਾਰੀ ਵਰਖਾ ਹੜ੍ਹਾਂ ਦਾ ਮੁੱਖ ਕਾਰਨ ਹੈ, ਜਿਸ ਕਾਰਨ ਦਰਿਆਵਾਂ ਵਿੱਚ ਉਫ਼ਾਨ ਨਾਲ ਸਰਹੱਦੀ ਅਤੇ ਪੇਂਡੂ ਇਲਾਕਿਆਂ ਵਿੱਚ ਹੜ੍ਹਾਂ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਡੈਮਾਂ ਵਿੱਚ ਪਾਣੀ ਛੱਡਣ ਕਾਰਨ ਹੜ੍ਹਾਂ ਦੀ ਸਥਿਤੀ ਹੋਰ ਵੀ ਨਾਜ਼ੁਕ ਹੋ ਜਾਂਦੀ ਹੈ। ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਨਾਲਿਆਂ ਅਤੇ ਡਰੇਨੇਜ ਪ੍ਰਣਾਲੀ ਦੀ ਅਣ-ਉਚਿਤ ਸੰਭਾਲ, ਪਾਣੀ ਦੀ ਨਿਕਾਸੀ ਵਿੱਚ ਸਮੱਸਿਆਵਾਂ ਪੈਦਾ ਕਰਦੀ ਹੈ। ਜਲਵਾਯੂ ਪਰਿਵਰਤਨ ਕਾਰਨ ਅਨਿਯਮਿਤ ਮੌਸਮੀ ਪੈਟਰਨ ਅਤੇ ਵਰਖਾ ਨੇ ਹੜ੍ਹਾਂ ਦੀ ਤੀਬਰਤਾ ਨੂੰ ਵਧਾਇਆ ਹੈ।

ਪੰਜਾਬ ਵਿੱਚ ਹੜ੍ਹਾਂ ਦਾ ਇਤਿਹਾਸਕ ਜਾਇਜ਼ਾ ਦੱਸਦਾ ਹੈ ਕਿ ਹੜ੍ਹਾਂ ਦੀਆਂ ਘਟਨਾਵਾਂ ਪੁਰਾਣੇ ਸਮੇਂ ਤੋਂ ਵਾਪਰਦੀਆਂ ਆ ਰਹੀਆਂ ਹਨ। ਮਸਲਨ, ਸਾਲ 1955, 1988, 1993, 2010, 2023 ਅਤੇ 2025 ਵਿੱਚ ਸਤਲੁਜ, ਬਿਆਸ, ਰਾਵੀ ਦਰਿਆਵਾਂ ਵਿੱਚ ਭਾਰੀ ਉਫ਼ਾਨ ਕਾਰਨ ਪੰਜਾਬ ਦੇ ਕਈ ਹਿੱਸਿਆਂ ਵਿੱਚ ਭਾਰੀ ਹੜ੍ਹ ਆਏ, ਫ਼ਸਲਾਂ ਦਾ ਅਤੇ ਜਾਨੀ-ਮਾਲੀ ਨੁਕਸਾਨ ਹੋਇਆ। ਪੰਜਾਬ ਖੇਤੀਬਾੜੀ ਯੂਨਿਵਰਸਿਟੀ ਲੁਧਿਆਣਾ ਵਿੱਚ ਸਥਾਪਿਤ ਰਿਮੋਟ ਸੈਂਸਿੰਗ ਸੈਂਟਰ ਦੀ ਪੁਲਾੜ ਟੈਕਨੋਲੋਜੀ ਤੋਂ ਪ੍ਰਾਪਤ ਤਸਵੀਰਾਂ ਅਨੁਸਾਰ 1988 ਵਿੱਚ ਹੜ੍ਹ ਦਰਿਆਵਾਂ ਦੇ ਓਵਰਫਲੋਅ ਕਾਰਨ ਆਏ, ਜਦਕਿ 1993 ਵਿੱਚ ਦਰਿਆਵਾਂ ਅਤੇ ਨਹਿਰਾਂ ਦੇ ਬੰਨ ਟੁੱਟਣ ਕਾਰਨ ਆਏ। 1988 ਦੌਰਾਨ ਪੰਜਾਬ ਦੇ ਕੁੱਲ ਰਕਬੇ ਦਾ 18% ਅਤੇ 1993 ਵਿੱਚ 19.4% ਹਿੱਸਾ ਹੜ੍ਹਾਂ ਦੀ ਮਾਰ ਹੇਠ ਆਇਆ। ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਅਨੁਸਾਰ 1988 ਵਿੱਚ ਡੈਮਾਂ ਦੇ ਫ਼ਲੱਡ ਗੇਟ ਖੋਲ੍ਹਣ ਦਾ ਮੁੱਖ ਕਾਰਨ ਸੀ। ਡੈਮਾਂ ਦੇ ਗੇਟਾਂ ਨੂੰ ਖੋਲ੍ਹਣਾ ਪੰਜਾਬ ਵਿਰੁਧ ਸਾਜਿਸ਼ ਦੱਸਿਆ ਗਿਆ, ਜਿਸ ਕਾਰਨ ਅਤਿਵਾਦੀਆਂ ਵੱਲੋਂ ਨਵੰਬਰ 1988 ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਤਤਕਾਲੀ ਚੇਅਰਮੈਨ ਮੇਜਰ ਜਨਰਲ ਬੀ.ਐਨ. ਕੁਮਾਰ ਦਾ ਕਤਲ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਸਾਲ 2023 'ਚ ਭਾਰੀ ਮਾਨਸੂਨ ਵਰਖਾ ਸਤਲੁਜ, ਰਾਵੀ ਦੇ ਉਫ਼ਾਨ ਨੇ ਪੰਜਾਬ ਦੇ 13 ਜ਼ਿਲ੍ਹਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਹਾਲੀਆ 2025 ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਨੇ ਸਥਿਤੀ ਨੂੰ ਬੇਹੱਦ ਨਾਜ਼ੁਕ ਬਣਾ ਦਿੱਤਾ ਹੈ। ਪੰਜਾਬ ਸਰਕਾਰ ਵਲੋਂ ਪਹਿਲੀ ਸਤੰਬਰ 2025 ਨੂੰ ਜਾਰੀ ਫ਼ਲੱਡ ਮੀਡੀਆਂ ਬੁਲਿਟਨ ਅਨੁਸਾਰ ਪੰਜਾਬ ਵਿੱਚ ਹੜ੍ਹਾਂ ਕਾਰਨ 12 ਜ਼ਿਲ੍ਹੇ, 1044 ਪਿੰਡ, 2,56,107 ਵਿਅਕਤੀ ਪ੍ਰਭਾਵਿਤ ਹੋਏ। ਪੰਜਾਬ ਸਰਕਾਰ ਨੇ ਸਮੁੱਚੇ ਪੰਜਾਬ ਨੂੰ ਹੜ੍ਹ ਗ੍ਰਸਤ ਘੋਸ਼ਿਤ ਕਰ ਦਿੱਤਾ ਹੈ। ਹੜ੍ਹਾਂ ਦੇ ਵੇਰਵੇ ਅਤੇ ਅੰਕੜੇ ਦੇਣ ਦਾ ਮਕਸਦ ਇਹ ਸਪਸ਼ਟ ਕਰਨਾ ਹੈ ਕਿ ਪੰਜਾਬ ਦਾ ਹੜ੍ਹਾਂ ਨਾਲ ਗੂੜ੍ਹਾ ਨਾਤਾ ਹੈ। ਲਿਹਾਜ਼ਾ ਪੰਜਾਬ ਵਿੱਚ ਆਏ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ ਕਰਨਾ ਬੇਹੱਦ ਜ਼ਰੂਰੀ ਹੈ, ਖਾਸ ਤੌਰ 'ਤੇ ਉਸ ਵੇਲੇ ਜਦੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਡੈਮਾਂ ਦੇ ਪਾਣੀ ਨੂੰ ਛੱਡਣ ਦੀ ਨੀਤੀ ਬਾਰੇ ਲੋਕ ਸ਼ੱਕ ਕਰਦੇ ਹਨ।

ਪੰਜਾਬ ਦੇ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ (ਸੋਸ਼ਲ ਆਡਿਟ) ਇੱਕ ਅਜਿਹੀ ਪ੍ਰਕ੍ਰਿਆ ਹੈ, ਜਿਸ ਵਿੱਚ ਹੜ੍ਹਾਂ ਦਾ ਪ੍ਰਭਾਵ, ਸਰਕਾਰੀ ਤੇ ਗੈਰ-ਸਰਕਾਰੀ ਪ੍ਰਤੀਕਰਮ ਅਤੇ ਪੀੜਤ ਲੋਕਾਂ ਨੂੰ ਮਿਲੀ ਸਹਾਇਤਾ ਦੀ ਪਾਰਦਰਸ਼ਤਾ ਤੇ ਪ੍ਰਭਾਵਸ਼ੀਲਤਾ ਦੀ ਜਨਤਕ ਜਾਂਚ ਕੀਤੀ ਜਾਂਦੀ ਹੈ। ਇਹ ਪ੍ਰਕ੍ਰਿਆ ਸਮਾਜਿਕ ਜਵਾਬਦੇਹੀ ਨੂੰ ਯਕੀਨੀ ਬਣਾਉਣ, ਸਰਕਾਰੀ ਸਾਧਨਾਂ ਦੀ ਵਰਤੋਂ ਦੀ ਨਿਗਰਾਨੀ ਕਰਨ ਅਤੇ ਪੀੜਤ ਭਾਈਚਾਰਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੀ ਹੈ। ਸਮੇਂ-ਸਮੇਂ ਪੰਜਾਬ ਦੇ ਲੋਕਾਂ ਨੇ ਹੜ੍ਹਾਂ ਦੇ ਪਰਕੋਪ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਹੈ। ਸਮਾਜਿਕ ਲੇਖੇ-ਜੋਖੇ ਦਾ ਮਕਸਦ ਹੈ ਕਿ ਪਾਰਦਰਸ਼ਤਾ, ਜਵਾਬਦੇਹੀ, ਭਾਈਚਾਰਕ ਸਹਿਯੋਗ ਅਤੇ ਬੇਹਤਰ ਪ੍ਰਬੰਧਾਂ ਦੀ ਬਹਾਲੀ, ਸਰਕਾਰੀ ਰਾਹਤ ਕਾਰਜਾਂ, ਫੰਡਾਂ ਦੀ ਵੰਡ, ਮੁੜ ਵਸੇਬੇ ਦੀਆਂ ਕੋਸ਼ਿਸ਼ਾਂ ਦੀ ਜਨਤਕ ਜਾਂਚ ਕਰਨੀ, ਪ੍ਰਸ਼ਾਸਨ ਅਤੇ ਸਬੰਧਿਤ ਅਧਿਕਾਰੀਆਂ ਨੂੰ ਉਨ੍ਹਾਂ ਦੇ ਕੰਮਾਂ ਲਈ ਜਵਾਬਦੇਹ ਬਣਾਉਣਾ, ਪੀੜਤ ਲੋਕਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਸੁਣਨਾ, ਉਨ੍ਹਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ, ਭਵਿੱਖ ਵਿੱਚ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਨੀਤੀਆਂ ਅਤੇ ਰਣਨੀਤੀਆਂ ਵਿੱਚ ਸੁਧਾਰ ਲਿਆਉਣ ਦੀ ਸਿਫਾਰਸ਼ ਕਰਨਾ ਆਦਿ ਹੈ।



ਹੜ੍ਹਾਂ ਅਤੇ ਹੋਰ ਆਫ਼ਤਾਂ ਦੇ ਸੰਦਰਭ ਵਿੱਚ ਸਮਾਜਿਕ ਲੇਖੇ-ਜੋਖੇ ਦੀ ਪ੍ਰਕ੍ਰਿਆ ਅਜੇ ਪੰਜਾਬ ਵਿੱਚ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋਈ, ਹਾਲਾਂਕਿ ਕੁਝ ਗੈਰ-ਸਰਕਾਰੀ ਸੰਗਠਨ (ਐਨ.ਜੀ.ਓ.) ਅਤੇ ਸਮਾਜਿਕ ਕਾਰਕੁਨ ਸਥਾਨਕ ਪੱਧਰ 'ਤੇ ਅਜਿਹੀਆਂ ਕੋਸ਼ਿਸ਼ਾਂ ਕਰ ਰਹੇ ਹਨ। ਮਿਸਾਲ ਵਜੋਂ ਸੋਸ਼ਲ ਮੀਡੀਆ 'ਤੇ ਪੋਸਟਾਂ ਅਤੇ ਸਥਾਨਕ ਲੋਕਾਂ ਦੇ ਪ੍ਰਦਰਸ਼ਨਾਂ ਰਾਹੀਂ ਪ੍ਰਸ਼ਾਸਨ ਦੀਆਂ ਕਮੀਆਂ ਨੂੰ ਉਜਾਗਰ ਕੀਤਾ ਜਾਂਦਾ ਹੈ। ਸਮਾਜਿਕ ਲੇਖੇ-ਜੋਖੇ ਦੀ ਪ੍ਰਕ੍ਰਿਆ ਵਿੱਚ ਮੁੱਖ ਚੁਣੌਤੀਆਂ- ਜਾਣਕਾਰੀ ਦੀ ਕਮੀ, ਪਾਰਦਰਸ਼ਤਾ ਦੀ ਘਾਟ, ਭਾਈਚਾਰਕ ਭਾਗੀਦਾਰੀ ਦੀ ਘਾਟ, ਪ੍ਰਸ਼ਾਸਨ ਦੀ ਅਣਗਹਿਲੀ ਆਦਿ ਹਨ, ਪਰ ਐਸੀਆਂ ਚੁਣੌਤੀਆਂ ਨੂੰ ਸਥਾਨਕ ਕਮੇਟੀਆਂ ਦੀ ਸਥਾਪਨਾ, ਜਨਤਕ ਸੁਣਵਾਈ, ਸੋਸ਼ਲ ਮੀਡੀਆ ਦੀ ਵਰਤੋਂ, ਗੈਰ-ਸਰਕਾਰੀ ਸੰਸਥਾਵਾਂ ਦੀ ਸ਼ਮੂਲੀਅਤ ਅਤੇ ਭਵਿੱਖੀ ਯੋਜਨਾਬੰਦੀ ਰਾਹੀਂ ਹੱਲ ਕੀਤਾ ਜਾ ਸਕਦਾ ਹੈ।

ਲਿਹਾਜ਼ਾ ਪੰਜਾਬ ਵਿੱਚ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ ਕਰਨਾ ਅਤੇ ਸਰਕਾਰੀ ਤੇ ਸਮਾਜਿਕ ਸੰਸਥਾਵਾਂ ਦੀ ਜਵਾਬਦੇਹੀ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ। ਸਮਾਜਿਕ ਲੇਖਾ-ਜੋਖਾ ਨਾ ਸਿਰਫ਼ ਹੜ੍ਹ ਜਾਂ ਆਫ਼ਤ ਪੀੜਤਾਂ ਨੂੰ ਸਹਾਇਤਾ ਦਿਵਾਉਣ ਵਿੱਚ ਮਦਦ ਕਰੇਗਾ, ਸਗੋਂ ਭਵਿੱਖ ਦੀਆਂ ਅਜਿਹੀਆਂ ਆਫ਼ਤਾਂ ਨੂੰ ਰੋਕਣ ਵਿੱਚ ਰਣਨੀਤੀਆਂ ਨੂੰ ਸੁਧਾਰਨ ਵਿੱਚ ਸਹਾਇਤਾ ਵੀ ਕਰੇਗਾ। ਸਥਾਨਕ ਲੋਕਾਂ, ਸਮਾਜਿਕ ਸੰਗਠਨਾਂ ਅਤੇ ਸਰਕਾਰ ਦੇ ਸਾਂਝੇ ਯਤਨਾਂ ਨਾਲ ਹੀ ਪੰਜਾਬ ਵਿੱਚ ਆਏ ਹੜ੍ਹਾਂ ਅਤੇ ਹੋਰ ਆਫ਼ਤਾਂ ਨਾਲ ਨਜਿੱਠਣ ਦੀਆਂ ਗਤੀਵਿਧੀਆਂ ਨੂੰ ਹੋਰ ਪ੍ਰਭਾਵੀ ਬਣਾ ਸਕਦਾ ਹੈ। ਲਿਹਾਜ਼ਾ ਪੰਜਾਬ ਵਿੱਚ ਆਏ ਹੜ੍ਹਾਂ ਦਾ ਸਮਾਜਿਕ ਲੇਖਾ-ਜੋਖਾ ਕਰਨਾ ਜ਼ਰੂਰੀ ਹੈ। ਆਫ਼ਤ ਪ੍ਰਬੰਧਨ ਐਕਟ 2005 ਅਤੇ ਇਸ ਦੇ ਅਧੀਨ ਬਣੇ ਆਫ਼ਤ ਪ੍ਰਬੰਧਨ ਅਧਿਨਿਯਮ 2005 ਨੇ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਇੱਕ ਮਜ਼ਬੂਤ ਵਿਵਸਥਾ ਪ੍ਰਦਾਨ ਕੀਤੀ ਹੈ, ਜੋ ਹੜ੍ਹਾਂ ਦੀ ਰੋਕਥਾਮ, ਤਿਆਰੀ, ਜਵਾਬਦੇਹੀ ਅਤੇ ਮੁੜ ਵਸੇਬੇ ਨੂੰ ਯਕੀਨੀ ਬਣਾਉਂਦਾ ਹੈ।

ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ ਵੱਲੋਂ ਹਰੇਕ ਸਾਲ ਹੜ੍ਹ ਅਤੇ ਆਫ਼ਤ ਪ੍ਰਬੰਧਨ ਯੋਜਨਾ ਬਣਾਈ ਜਾਂਦੀ ਹੈ, ਜਿਸਦੇ ਆਧਾਰ 'ਤੇ ਹੜ੍ਹ ਜਾਂ ਕਿਸੇ ਹੋਰ ਆਫ਼ਤ ਦੇ ਵਾਪਰਨ ਨੂੰ ਰੋਕਣ ਲਈ ਅਤੇ ਪੀੜਤ ਲੋਕਾਂ ਨੂੰ ਰਾਹਤ ਦਿੱਤੀ ਜਾਂਦੀ ਹੈ। ਸ਼ੁਰੂਆਤ ਜ਼ਿਲ੍ਹਾ ਆਫ਼ਤ ਪ੍ਰਬੰਧਨ ਯੋਜਨਾ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਡੈਮਾਂ ਵਿੱਚ ਪਾਣੀ ਭਰਨ ਅਤੇ ਛੱਡਣ ਦੀ ਨੀਤੀ ਦੇ ਸਮਾਜਿਕ ਲੇਖੇ-ਜੋਖੇ ਨਾਲ ਕੀਤੀ ਜਾ ਸਕਦੀ ਹੈ।

---

ਅਵਤਾਰ ਸਿੰਘ
ਫ਼ੋਨ: +91-9417518384

# ਤਿਨਾ ਦਰੀਆਵਾ ਸਿਉ ਦੋਸਤੀ...

ਦਰਿਆ ਫਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ- ਵਗਦਾ ਹੋਇਆ ਪਾਣੀ। ਕਹਿੰਦੇ ਹਨ, ਖੜ੍ਹੇ ਪਾਣੀ ਦੀ ਨਿਸਬਤ ਵਗਦਾ ਪਾਣੀ ਸ਼ੁੱਧ ਹੁੰਦਾ ਹੈ।

ਦਰਿਆ ਸਾਡੀ ਸੱਭਿਅਤਾ ਹੈ। ਇਹ ਸਾਡੇ ਮੁਹਾਵਰਿਆਂ 'ਚ ਵੀ ਰਮਿਆ ਹੋਇਆ ਹੈ। 'ਦਰਿਆ-ਦਿਲ' ਹੋਣਾ ਬਹੁਤ ਮਹਾਨ ਅਤੇ ਵਿਸ਼ਾਲ-ਚਿੱਤ ਹੋਣਾ ਹੈ। ਦਰਿਆਵਾਂ ਨਾਲ ਮੁਹੱਬਤ ਕਰਨ ਵਾਲੇ ਦਰਿਆ-ਦਿਲ ਹੋਣ ਵੱਲ ਵੱਧਦੇ ਹਨ। ਸੁਲਤਾਨ ਬਾਹੂ ਦਾ ਕਥਨ ਹੈ: ਦਿਲ ਦਰਿਆ ਸਮੁੰਦਰੋਂ ਡੂੰਘੇ। ਦਰਿਆ ਜ਼ਿੰਦਗੀ ਦਾ ਪ੍ਰਤੀਕ ਹੈ। ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ:

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

ਰਾਤ ਦੇ ਚੌਥੇ ਪਹਿਰ ਸੁਰਤ ਵਾਲੇ ਜਾਗਦੇ ਲੋਕਾਂ ਦੇ ਮਨ ਵਿੱਚ ਚਾਅ ਉਪਜਦਾ ਹੈ ਤੇ ਉਨ੍ਹਾਂ ਦੇ ਦਿਲਾਂ 'ਚ ਦਰਿਆਵਾਂ ਦੀ ਦੋਸਤੀ ਉਛਾਲੇ ਮਾਰਦੀ ਹੈ; ਫਿਰ ਸੁਤੇ ਸਿੱਧ ਉਨ੍ਹਾਂ ਦੇ ਮਨ ਵਿੱਚ ਪਿਆਰੇ ਦੀ ਯਾਦ ਅਤੇ ਮੁੱਖੜੇ 'ਤੇ ਉਸਦਾ ਨਾਮ ਉਮੜ ਆਉਂਦਾ ਹੈ।

ਇਸ਼ਨਾਨ ਕਰਨਾ ਸੱਭਿਅਕ ਹੋਣ ਦੀ ਨਿਸ਼ਾਨੀ ਹੈ। ਪੁਰਾਤਨ ਸੱਭਿਅਤਾਵਾਂ ਦਰਿਆਵਾਂ ਦੇ ਕਿਨਾਰਿਆਂ 'ਤੇ ਉਸਰੀਆਂ ਅਤੇ ਦਰਿਆਵਾਂ ਦੇ ਨਾਂ ਨਾਲ ਹੀ ਜਾਣੀਆਂ ਗਈਆਂ। ਦਰਿਆ ਕਿਸੇ ਵੇਲੇ ਮਨੁੱਖ ਦੇ ਭਲੇ ਦੋਸਤ ਹੁੰਦੇ ਸਨ। ਤੀਰਥ ਦਾ ਅਰਥ ਵੀ ਦਰਿਆ ਦਾ ਕੰਢਾ ਹੈ, ਜਿੱਥੇ ਇਸ਼ਨਾਨ ਕੀਤਾ ਜਾ ਸਕੇ। ਕਿਸੇ ਵੇਲੇ ਸਾਡੇ ਮੁਲਕ ਵਿੱਚ ਅਠਸਠ, ਅਰਥਾਤ ਅਠਾਹਟ ਤੀਰਥ ਸਨ, ਜਿੱਥੇ ਸਦਾ ਮੇਲੇ ਲੱਗੇ ਰਹਿੰਦੇ ਸਨ, ਜੋ ਸਾਡੀ 'ਤਰੱਕੀ' ਨੇ ਮਨਸੂਖ਼ ਕਰ ਦਿੱਤੇ ਹਨ। ਉਹ ਖੁਸ਼ਨਸੀਬ ਦਰਿਆਈ ਰੌਣਕਾਂ ਹੁਣ ਕਚਹਿਰੀਆਂ ਦੇ ਬਦਤਮੀਜ਼ ਮੇਲਿਆਂ ਦਾ ਰੂਪ ਵਟਾ ਕੇ ਪਰਤ ਆਈਆਂ ਹਨ, ਜਿਨ੍ਹਾਂ ਨੂੰ ਸਾਡੇ ਗਾਇਕ ਬਾਈ ਹੁੱਬ ਹੁੱਬ ਕੇ ਗਾਉਂਦੇ ਹਨ।

ਪੰਜਾਬ ਦਾ ਅਰਥ ਹੈ ਪੰਚ-ਅਪ, ਅਰਥਾਤ ਪੰਜ-ਆਬ, ਅਰਥਾਤ ਪੰਜ ਦਰਿਆ। ਅਸੀਂ ਪੰਜਾਬੀ ਪੰਜ ਦਰਿਆਵਾਂ ਦੇ ਦੋਸਤ ਹਾਂ। ਦਰਿਆ ਸਾਡੀ ਪਹਿਚਾਣ ਹਨ। ਵਿਦੇਸ਼ੀ ਹਮਲਾਵਰ ਵੀ ਸਾਨੂੰ ਦਰਿਆਵਾਂ ਨਾਲ ਜੋੜ ਕੇ ਦੇਖਦੇ ਸਨ। ਹਿੰਦੂ ਸ਼ਬਦ ਦਾ ਸੰਬੰਧ ਵੀ ਸਿੰਧ ਦਰਿਆ ਨਾਲ ਜੋੜਿਆ ਜਾਂਦਾ ਹੈ। ਸਿੰਧੀ ਲੋਕ ਆਪਣੇ ਆਪ ਨੂੰ ਅਸਲ ਪੰਜਾਬੀ ਮੰਨਦੇ ਹਨ।

ਗੁਰੂ ਨਾਨਕ ਪਾਤਸ਼ਾਹ ਨੇ ਪਵਣ ਨੂੰ ਗੁਰੂ ਕਿਹਾ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ। ਪਰ ਸਾਡੀ ਪ੍ਰੀਤ ਇਨ੍ਹਾਂ ਤਿੰਨਾਂ ਨਾਲ ਹੀ ਟੁੱਟ ਚੁੱਕੀ ਹੈ; ਤੜੱਕ ਕਰਕੇ ਨਹੀਂ; ਸਾਨੂੰ ਪਤਾ ਹੀ ਨਹੀਂ ਲੱਗਿਆ ਕਦੋਂ ਟੁੱਟ ਗਈ। ਪਵਣ, ਪਾਣੀ ਅਤੇ ਧਰਤੀ ਹੁਣ ਰਾਕਸ਼ਾਂ ਵਾਂਗ ਮੂੰਹ ਅੱਡੀ ਖਲੋਤੇ ਹਨ ਤੇ ਮਨੁੱਖ ਨੂੰ ਨਿਗਲ ਜਾਣ ਲਈ ਤਿਆਰ-ਬਰ-ਤਿਆਰ ਹਨ।

ਜਦੋਂ ਦਾ ਸਾਡੀ ਸੱਭਿਅਤਾ ਨੇ ਦਰਿਆਵਾਂ ਨਾਲੋਂ ਤੋੜ ਵਿਛੋੜਾ ਕੀਤਾ ਹੈ, ਅਸੀਂ ਉਦੋਂ ਦੀ ਦਰਿਆਵਾਂ ਪ੍ਰਤੀ ਬੇਰੁਖੀ ਅਪਣਾਈ ਹੋਈ ਹੈ। ਸਾਡੇ ਦਰਿਆ ਉਦਾਸ ਹਨ ਤੇ ਸਾਡੇ ਪਿਆਰ ਨੂੰ ਤਰਸਦੇ ਹਨ। ਉਹ ਸਾਨੂੰ ਖਾਣਾ ਨਹੀਂ ਚਾਹੁੰਦੇ; ਅਸੀਂ ਉਨ੍ਹਾਂ ਨੂੰ ਮਜਬੂਰ ਕਰ ਰਹੇ ਹਾਂ। ਅਸੀਂ ਨਾ ਗੁਰੂ ਦੇ ਸਕੇ ਰਹੇ ਹਾਂ, ਨਾ ਪਿਓ ਦੇ ਤੇ ਨਾ ਮਾਂ ਦੇ- ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥

ਪੱਛਮੀ ਸੱਭਿਅਤਾ ਨੇ ਸਾਨੂੰ ਸ਼ੁੱਧਤਾ ਦੀ ਬਿਮਾਰੀ ਚਮੇੜ ਦਿੱਤੀ ਹੈ। ਅਸੀਂ ਸ਼ੁੱਧ ਹੁੰਦੇ ਹੁੰਦੇ ਘੋਰ ਅਸ਼ੁੱਧਤਾ ਵਿੱਚ ਗਰਕ ਹੋ ਗਏ ਹਾਂ। ਅਸੀਂ ਆਪਣੀ ਤਰੱਕੀ ਦੀ ਸਾਰੀ ਮੈਲ ਦਰਿਆਵਾਂ ਦੇ ਹਵਾਲੇ ਕਰ ਦਿੱਤੀ ਹੈ। ਅੰਮ੍ਰਿਤ ਦੇ ਚਸ਼ਮਿਆਂ ਨੂੰ ਅਸੀਂ ਜ਼ਹਿਰੀਲੇ ਨਾਗ ਬਣਾ ਦਿੱਤਾ ਹੈ। ਸਾਡੇ ਜੀਵਨ ਸੋਮੇ ਸਾਡੀ ਮੌਤ ਦੇ ਕਾਰਨ ਬਣ ਗਏ ਹਨ। ਸਾਡੇ ਦਰਿਆ ਬੇਜ਼ੁਬਾਨ ਹਨ; ਉਹ ਦੱਸ ਨਹੀਂ ਸਕਦੇ, ਬੋਲ ਨਹੀਂ ਸਕਦੇ।

ਕਿਸੇ ਵਲੈਤੀਏ ਨੇ ਸ਼ਿਕਾਇਤ ਕੀਤੀ ਕਿ ਸਾਡੇ ਇੱਥੇ ਗੰਦਗੀ ਬਹੁਤ ਹੈ। ਮੇਰੇ ਦੋਸਤ ਨੇ ਉਸਨੂੰ ਆਖਿਆ ਕਿ ਇਹ ਗੰਦਗੀ ਤੁਹਾਡੀ ਦੇਣ ਹੈ। ਉਹ ਬੜਾ ਹੈਰਾਨ ਹੋਇਆ। ਮੇਰੇ ਦੋਸਤ ਨੇ ਦੱਸਿਆ ਕਿ ਵਲੈਤੀ ਹਾਈਜੀਨ ਨੇ, ਸਾਡੇ ਵਾਤਾਵਰਣ ਨੂੰ ਕਿਵੇਂ ਭ੍ਰਸ਼ਟ ਅਤੇ ਨਸ਼ਟ ਕੀਤਾ ਹੈ; ਕਿਵੇਂ ਵਲੈਤੀ ਸ਼ੈਂਪੂ, ਸਰਫਾਂ, ਹੈਂਡਵਾਸ਼, ਫਾਸਟ ਫੂਡ ਅਤੇ ਫ਼ਰੀਡ ਦੇ ਰੁਝਾਨ ਨੇ ਸਾਡੀ ਪੌਸ਼ਟਿਕਤਾ ਹਰਨ ਕਰ ਦਿੱਤੀ ਹੈ।

ਸਾਨੂੰ ਮੱਛਰਦਾਨੀਆਂ ਜਾਂ ਸੁਰਮੇਦਾਨੀਆਂ ਦੀ ਤਹਿਜ਼ੀਬ ਨੇ ਨਹੀਂ ਮਾਰਿਆ। ਸਾਨੂੰ ਮਾਰਿਆ ਹੈ 'ਓਡੋਮਾਸ' 'ਗੁੱਡ ਨਾਈਟ' 'ਆਲ ਆਊਟ' ਤੇ 'ਫੇਅਰ ਐਂਡ ਲਵਲੀ' ਨੇ। ਸਾਨੂੰ ਗੱਡਿਆਂ ਦੀ ਨਹੀਂ, ਗੱਡੀਆਂ ਦੀ ਮਾਰ ਪਈ ਹੈ ਤੇ ਹੁਣ ਗੱਡੀਆਂ ਨੇ ਸਾਡੇ ਗੋਡੇ ਨਿਗਲਣੇ ਸ਼ੁਰੂ ਕਰ ਦਿਤੇ ਹਨ। ਗੱਡੀਆਂ ਦੇ ਟਾਇਰ ਬਦਲਣ ਵਾਲੇ ਹੁਣ ਗੋਡੇ ਬਦਲਾਉਣ ਲਈ ਮਜਬੂਰ ਹੋ ਰਹੇ ਹਨ। ਦੇਖਿਆ ਜਾਵੇ ਤਾਂ ਅਗਿਆਨ ਨਹੀਂ, ਬਲਕਿ ਅਲਪ ਗਿਆਨ ਸਾਡੇ ਹੱਡੀਂ ਬਹਿ ਗਿਆ ਹੈ।

ਸਾਨੂੰ ਮਹਿੰਗਾਈ ਨੇ ਨਹੀਂ, ਅਮੀਰੀ ਨੇ ਮਾਰਿਆ; ਫ਼ੀਮ ਨੇ ਨਹੀਂ, ਚਿੱਟੇ ਨੇ ਖਾ ਲਿਆ; ਸ਼ਰਾਬ ਨੇ ਨਹੀਂ, ਕੋਕ ਨੇ ਪੀ ਲਿਆ; ਕੋਠਿਆਂ ਨੇ ਨਹੀਂ, ਸਾਨੂੰ ਕੋਠੀਆਂ ਨੇ ਠਾਰ ਕੇ ਅਤੇ ਸਾੜ ਕੇ ਰੱਖ ਦਿੱਤਾ ਹੈ। ਅਨਪੜ੍ਹਾਂ ਨੇ ਨਹੀਂ, ਪੜ੍ਹਿਆਂ ਨੇ ਸਾਡੀ ਸੁਰਤ ਮਾਰ ਦਿੱਤੀ ਹੈ; ਸਾਡੀ ਖ਼ਬਰਸਾਰ ਨੂੰ ਅਖ਼ਬਾਰ ਨੇ ਹੜੱਪ ਲਿਆ ਹੈ; ਹੁਣ ਨਾਲ ਬੈਠਿਆਂ ਨੂੰ ਵੀ ਪਤਾ ਨਹੀਂ ਲਗਦਾ ਕਿ ਨਾਲ ਵਾਲੇ ਨਾਲ ਕੀ ਬੀਤ ਰਹੀ ਹੈ। ਰੁੱਖਾਂ ਨੂੰ ਪੱਖੇ ਖਾ ਗਏ ਹਨ, ਪੱਖਿਆਂ ਨੂੰ ਏ.ਸੀ. ਨਿਗਲ ਗਿਆ ਹੈ ਤੇ ਹੁਣ ਏ.ਸੀ. ਵੀ ਗਿਆ ਸਮਝੋ। ਸਾਨੂੰ ਅੰਦਰਲੀ ਕਸਰ ਨੇ ਨਹੀਂ, ਬਾਹਰਲੇ ਝੋਰਿਆਂ ਨੇ ਖਤਮ ਕਰ ਦਿੱਤਾ ਹੈ; ਪੂਰਬੀ ਸੰਜਮ ਅਤੇ ਸਹਿਜ ਨੂੰ ਪੱਛਮੀ ਅਸਹਿਜ ਨੇ ਚਟਮ ਕਰ ਦਿੱਤਾ ਹੈ।

ਮੇਰੇ ਮਿੱਤਰ ਨੇ ਦੱਸਿਆ ਕਿ ਉਸਦਾ ਬਾਬਾ ਖੇਤਾਂ ਵਿੱਚ ਖਾਦ ਨਹੀਂ ਸੀ ਪਾਉਣ ਦਿੰਦਾ; ਅਖੇ ਇਹ ਖੇਤਾਂ ਨੂੰ ਲੱਗ ਜਾਵੇਗੀ; ਜਿਵੇਂ ਬੰਦੇ ਨੂੰ ਨਸ਼ਾ ਲੱਗ ਜਾਂਦਾ ਹੈ। ਉਸਨੇ ਦੱਸਿਆ ਕਿ ਉਹ ਆਪਣੇ ਬਾਬੇ ਦੀਆਂ ਗੱਲਾਂ 'ਤੇ ਹੱਸ ਛਡਦੇ ਸਨ; ਸਮਝਦੇ ਸਨ ਕਿ ਇਹ ਬੁੜ੍ਹਤ ਗਿਆਨ ਹੈ। ਅਸਲ ਵਿੱਚ ਉਹ ਲੋਕ ਤਾਂ ਸੱਚੇ ਸਨ, ਜੋ ਬੇਜ਼ੁਬਾਨ ਜ਼ਮੀਨ ਦੀ ਜ਼ੁਬਾਨ ਵੀ ਸਮਝਦੇ ਸਨ। ਅਸੀਂ ਤਾਂ ਜ਼ੁਬਾਨ ਵਾਲਿਆਂ ਦੀ ਜ਼ੁਬਾਨ ਵੀ ਨਹੀਂ ਸਮਝਦੇ।

ਵਰਦਾਨ ਸਮਝੀ ਜਾਂਦੀ ਤਕਨੌਲੋਜੀ ਨੇ ਨਵਾਂ ਕੂੜਾ ਈਜਾਦ ਕਰ ਦਿੱਤਾ ਹੈ, ਜਿਸਦਾ ਕੋਈ ਹੱਲ ਹੀ ਨਹੀਂ। ਸਾਡਾ ਕੂੜਾ ਤਾਂ ਪਸ਼ੂਆਂ ਦੀ ਖ਼ੁਰਾਕ ਬਣਦਾ ਸੀ ਤੇ ਰੂੜੀ ਬਣ ਫਸਲਾਂ ਦੇ ਕੰਮ ਆਉਂਦਾ ਸੀ। ਇਹ ਆਧੁਨਿਕ ਕੂੜਾ ਸਾਡੀ ਜਾਨ ਦਾ ਖੌ ਬਣ ਗਿਆ ਹੈ। ਕਿਸੇ ਵੇਲੇ ਸਾਡਾ ਵਾਤਾਵਰਣ ਹਾਲ-ਪਾਹਰਿਆ ਮਚਾ ਰਿਹਾ ਸੀ ਕਿ 'ਮੈਨੂੰ ਬਚਾਓ'; ਅਸੀਂ ਉਸਨੂੰ ਨਹੀਂ ਬਚਾਇਆ; ਹੁਣ ਉਹ ਗੁਹਾਰਾਂ ਪਾ ਰਿਹਾ ਹੈ ਕਿ 'ਮੈਥੋਂ ਬਚੋ।' ਜਦ ਉਹ ਰੋਂਦਾ ਸੀ, ਅਸੀਂ ਨਹੀਂ ਸੁਣਿਆ। ਹੁਣ ਅਸੀਂ ਰੋਂਦੇ ਹਾਂ, ਤਾਂ ਉਹ ਕਿਉਂ ਸੁਣੇ!

ਚਲੋ ਹੁਣ ਹੀ ਦਰਿਆਵਾਂ ਦਾ ਐਲਾਨ ਸੁਣ ਲਈਏ। ਹੁਣ ਵੀ ਨਾ ਸੁਣੀਏ; ਫਿਰ ਮਰੀਏ ਖਪੀਏ! ਹਰਮਨ ਹੈੱਸ ਦੇ ਨਾਵਲ ਸਿਧਾਰਥ ਵਿੱਚ ਦਰਿਆ ਬੋਲਦੇ ਹਨ, ਗੱਲਾਂ ਕਰਦੇ ਹਨ ਤੇ ਬੁੱਧ ਪੁਰਸ਼ ਉਨ੍ਹਾਂ ਨੂੰ ਸੁਣਦੇ ਹਨ। ਉਸ ਨਾਵਲ ਵਿੱਚ ਸਿਧਾਰਥ ਨੂੰ ਅਨਪੜ੍ਹ ਪਰ ਅਨੁਭਵੀ ਮਲਾਹ ਸਲਾਹ ਦਿੰਦਾ ਹੈ ਕਿ ਦਰਿਆ ਸਾਡੇ ਮਹਾਨ ਗੁਰੂ ਹਨ, ਇਨ੍ਹਾਂ ਨੂੰ ਸੁਣੋ, ਇਹ ਸਾਨੂੰ ਕੀ ਕਹਿੰਦੇ ਹਨ- "ਜੀਭੈ ਬਾਝਹੁ ਬੋਲਣਾ" ... "ਵਿਣੁ ਕੰਨਾ ਸੁਨਣਾ।"

ਦਰਿਆਵਾਂ ਤੋਂ ਦੂਰ ਹੋ ਕੇ, ਅਸੀਂ ਉਸ ਮੋੜ 'ਤੇ ਪੁੱਜ ਗਏ ਹਾਂ, ਜਿੱਥੋਂ ਸਾਨੂੰ ਸੋਚਣਾ ਪੈ ਰਿਹਾ ਹੈ ਕਿ ਜਾਈਏ ਤਾਂ ਜਾਈਏ ਕਿੱਥੇ- ਨਾ ਬੂਹਾ ਨਾ ਬਾਰੀ, ਨਾ ਕੋਈ ਬਨੇਰਾ, ਦੀਵਾ ਜਗਾ ਕੇ ਵੀ ਰੱਖੀਂਏ ਕਿੱਥੇ!

ਕਹਿੰਦੇ ਹਨ, 'ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ।' ਸੱਚਮੁਚ ਦਰਿਆਵਾਂ ਜਿਹੇ ਡੂੰਘੇ ਦਿਲਾਂ ਦੇ ਦਰਦ ਕੌਣ ਜਾਣ ਸਕਦਾ ਹੈ! ਅੱਜ ਦਰਿਆ ਹੱਸ ਨਹੀਂ ਰਹੇ, ਬਲਕਿ ਰੋ ਹੀ ਰਹੇ ਹਨ ਤੇ ਸਾਨੂੰ ਵੀ ਰੁਆ ਰਹੇ ਹਨ। ਦਰਿਆ ਹਾਲੇ ਵੀ ਸੁਣ ਲੈਣਗੇ, ਪਰ ਪਹਿਲਾਂ ਅਸੀਂ ਉਨ੍ਹਾਂ ਦੀ ਪੁਕਾਰ ਸੁਣੀਏ। ਆਉ ਆਪਣੇ ਦਰਿਆਵਾਂ ਨਾਲ ਜ਼ਿੰਦਗੀ ਦਾ ਨਾਤਾ ਜੋੜੀਏ ਤੇ ਆਪਣੀ ਟੁੱਟੀ ਗੰਢੀਏ। ਦਰਿਆਵਾਂ ਬਾਝੋਂ ਜੀਣਾ, ਕਾਹਦਾ ਜੀਣਾ!

ਦਰਿਆ ਸਾਡੇ ਇਤਿਹਾਸ ਦੇ ਉਸਰੱਈਏ ਹਨ; ਸਾਡੀ ਸੱਭਿਅਤਾ ਦੇ ਪਾਲਣਹਾਰੇ ਹਨ; ਇਹ ਸਾਡੀ ਜਿੰਦ ਜਾਨ ਹਨ; ਸਾਡੇ 'ਤੇ ਇਨ੍ਹਾਂ ਦਾ ਮਣਾਂ ਮੂੰਹੀ ਕਰਜ਼ ਹੈ; ਅਸੀਂ ਇਨ੍ਹਾਂ ਦੇ ਦੇਣਦਾਰ ਹਾਂ; ਇਹ ਸਾਡੇ ਲਹਿਣੇਦਾਰ ਹਨ। ਗੁਰੂ ਨਾਨਕ ਪਾਤਸ਼ਾਹ ਦੇ ਲਹਿਣੇਦਾਰ ਭਾਈ ਲਹਿਣੇ ਦੇ ਵਾਰਿਸ ਅਤੇ ਦਰਿਆਵਾਂ ਦੇ ਦਰਦਮੰਦ ਇਹ ਗੁਹਾਰ ਸੁਣ ਰਹੇ ਹਨ। ਪੰਜਾਂ ਦਰਿਆਵਾਂ ਦੇ ਧਰਮੀ ਪੁੱਤਰ ਜੇ ਆਪਣੇ ਪਿੱਤਰਾਂ ਜਿਹੇ ਦਰਿਆਵਾਂ ਦੀ ਸਾਰ ਲੈਣਗੇ ਤਾਂ ਦਰਿਆ ਵੀ ਸਾਡਾ ਖਿਆਲ ਰੱਖਣਗੇ।

ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਹੈ। ਇੱਕ ਹੱਥ ਨਾਲ ਤਾਂ ਚਪੇੜਾਂ ਹੀ ਵੱਜਦੀਆਂ ਹਨ। ਕਦੇ ਕਿਸੇ ਨੇ ਮਾਰ ਲਈਆਂ, ਕਦੇ ਕਿਸੇ ਨੇ। ਸੈਂਕੜੇ ਸਾਲਾਂ ਤੋਂ ਅਸੀਂ ਦਰਿਆਵਾਂ ਦੇ ਚਪੇੜਾਂ ਮਾਰਦੇ ਆ ਰਹੇ ਹਾਂ। ਹੁਣ ਉਨ੍ਹਾਂ ਦੀ ਵਾਰੀ ਹੈ। ਚਪੇੜਾਂ ਦੀ ਨਾਮੁਰਾਦ ਖੇਡ ਨੂੰ ਤਾੜੀ ਵਿੱਚ ਬਦਲਣ ਦੀ ਲੋੜ ਹੈ ਤੇ ਤਾੜੀ ਹਮੇਸ਼ਾ ਦੋਹਾਂ ਹੱਥਾਂ ਨਾਲ ਵੱਜਦੀ ਹੈ।

# ਸਾਵਧਾਨ ! ਕੰਪਨੀਆਂ ਤੁਹਾਡਾ ਡੇਟਾ 'ਕੱਠਾ ਕਰ ਰਹੀਆਂ ਨੇ

ਮਨੋਜ ਅਭਿਗਿਆਨ*
*ਸੁਪਰੀਮ ਕੋਰਟ 'ਚ ਵਕੀਲ




ਅਸੀਂ ਅਜਿਹੇ ਦੌਰ ਵਿੱਚ ਜੀਅ ਰਹੇ ਹਾਂ, ਜਿੱਥੇ ਕਿਸੇ ਵਿਅਕਤੀ ਦਾ ਵਜੂਦ ਸਿਰਫ਼ ਉਸ ਦੇ ਸਰੀਰ ਤੱਕ ਸੀਮਤ ਨਹੀਂ। ਤੁਹਾਡਾ ਨਾਂ, ਚਿਹਰਾ, ਉਂਗਲਾਂ ਦੇ ਨਿਸ਼ਾਨ, ਅੱਖਾਂ ਦੀ ਪੁਤਲੀ, ਬੈਂਕ ਖਾਤਾ, ਵੋਟਰ ਆਈ.ਡੀ., ਆਧਾਰ ਨੰਬਰ, ਮੈਡੀਕਲ ਰਿਕਾਰਡ ਅਤੇ ਮੋਬਾਈਲ ਦੀ ਲੋਕੇਸ਼ਨ- ਇਹ ਸਭ ਮਿਲ ਕੇ ਤੁਹਾਡਾ ਡਿਜੀਟਲ ਰੂਪ ਬਣਾਉਂਦੇ ਹਨ। ਇਹ ਰੂਪ ਦਾ ਸਰਵਰਾਂ ਵਿੱਚ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਬਿਨਾ ਤੁਹਾਡੇ ਕੰਟਰੋਲ ਦੇ। ਇਹ ਸਰਕਾਰਾਂ, ਨਿੱਜੀ ਕੰਪਨੀਆਂ ਅਤੇ ਅਜਿਹੇ ਤਕਨੀਕੀ ਢਾਂਚੇ ਦੇ ਅਧੀਨ ਹੈ, ਜੋ ਤੁਹਾਡੇ ਲਈ ਅਦਿੱਖ ਹੈ। ਜੇਕਰ ਡੇਟਾ ਦਾ ਮਾਲਕੀ ਹੱਕ ਨਾਗਰਿਕ ਕੋਲ ਨਾ ਹੋਵੇ, ਜੇਕਰ ਤੁਹਾਡੀ ਜਾਣਕਾਰੀ 'ਤੇ ਤੁਹਾਡਾ ਸੰਵਿਧਾਨਕ ਹੱਕ ਨਾ ਹੋਵੇ, ਤਾਂ ਸਰਕਾਰ ਜਾਂ ਕੰਪਨੀਆਂ ਬੇਰੋਕ-ਟੋਕ ਦਖਲ ਦਿੰਦੀਆਂ ਰਹਿਣਗੀਆਂ। ਅਸੀਂ ਅਜਿਹੇ ਸਮਾਜ ਵਿੱਚ ਪਹੁੰਚ ਜਾਵਾਂਗੇ, ਜਿੱਥੇ ਆਜ਼ਾਦੀ ਸਿਰਫ਼ ਡੇਟਾਬੇਸ ਵਿੱਚ ਦਰਜ ਹੋਵੇਗੀ। ਇੱਕ ਕਲਿੱਕ ਨਾਲ ਤੁਹਾਡਾ ਵਜੂਦ ਮਿਟ ਸਕਦਾ ਹੈ।

### ਡਿਜੀਟਲ ਪਛਾਣ ਦਾ ਖਤਰਾ

ਪਹਿਲਾਂ ਪਛਾਣ ਲਈ ਰਾਸ਼ਨ ਕਾਰਡ, ਪਾਸਪੋਰਟ ਜਾਂ ਵੋਟਰ ਕਾਰਡ ਵਰਗੇ ਕਾਗਜ਼ੀ ਦਸਤਾਵੇਜ਼ ਕਾਫੀ ਸਨ। ਹੁਣ ਇਹ ਬਾਇਓਮੈਟ੍ਰਿਕ ਡੇਟਾ ਅਤੇ ਡਿਜੀਟਲ ਕੋਡ ਵਿੱਚ ਬਦਲ ਗਏ ਹਨ। ਸਭ ਤੋਂ ਵੱਡਾ ਖਤਰਾ ਇਹ ਹੈ ਕਿ ਤੁਹਾਨੂੰ ਮਿਟਾਉਣ ਲਈ ਹੁਣ ਨਾ ਹਥਿਆਰ ਚਾਹੀਦੇ, ਨਾ ਗ੍ਰਿਫਤਾਰੀ, ਨਾ ਧਮਕੀ। ਬਸ ਡੇਟਾਬੇਸ ਵਿੱਚੋਂ ਤੁਹਾਡਾ ਰਿਕਾਰਡ ਹਟਾਇਆ ਜਾਵੇ ਅਤੇ ਤੁਸੀਂ ਕਾਨੂੰਨੀ ਤੌਰ 'ਤੇ ਗਾਇਬ ਹੋ ਜਾਓ। ਸਰੀਰਕ ਤੌਰ 'ਤੇ ਤੁਸੀਂ ਮੌਜੂਦ ਹੋ ਸਕਦੇ ਹੋ, ਪਰ ਸਰਕਾਰ, ਬੈਂਕ ਜਾਂ ਹਸਪਤਾਲਾਂ ਦੀ ਨਜ਼ਰ ਵਿੱਚ ਤੁਹਾਡਾ ਕੋਈ ਵਜੂਦ ਨਹੀਂ ਹੋਵੇਗਾ।

ਵੋਟਰ ਸੂਚੀ ਵਿੱਚੋਂ ਲੱਖਾਂ ਨਾਂ ਹਟਾਏ ਜਾਣ ਦੀਆਂ ਖਬਰਾਂ ਇਸ ਦੀ ਮਿਸਾਲ ਹਨ। ਕਈ ਵਾਰ ਇਸ ਨੂੰ 'ਡੇਟਾ ਅਪਡੇਟ' ਦਾ ਨਾਂ ਦਿੱਤਾ ਜਾਂਦਾ ਹੈ, ਪਰ ਅਸਲ ਵਿੱਚ ਹਜ਼ਾਰਾਂ ਲੋਕ ਬਿਨਾ ਕਾਰਨ ਜਾਂ ਸੂਚਨਾ ਦੇ ਵੋਟਰ ਸੂਚੀ ਵਿੱਚੋਂ ਬਾਹਰ ਹੋ ਜਾਂਦੇ ਹਨ। ਇਹ ਸਿਰਫ਼ ਵੋਟ ਦੇਣ ਦਾ ਹੱਕ ਖੋਹਣਾ ਨਹੀਂ, ਸਗੋਂ ਤੁਹਾਡੀ ਕਾਨੂੰਨੀ ਪਛਾਣ ਨੂੰ ਕਮਜ਼ੋਰ ਕਰਨਾ ਵੀ ਹੈ। ਆਧਾਰ ਵਰਗੀ ਪਛਾਣ ਪ੍ਰਣਾਲੀ ਦੇ ਨਾਲ ਇਹ ਖਤਰਾ ਹੋਰ ਵੱਡਾ ਹੋ ਜਾਂਦਾ ਹੈ। ਜੇਕਰ ਕਿਸੇ ਦਿਨ ਆਧਾਰ ਰਿਕਾਰਡ ਹਟਾ ਦਿੱਤਾ ਜਾਵੇ, ਤਾਂ ਆਮ ਨਾਗਰਿਕ ਕੀ ਕਰੇਗਾ? ਅਦਾਲਤ ਵਿੱਚ ਵੀ ਪਛਾਣ ਸਾਬਤ ਕਰਨ ਲਈ ਦਸਤਾਵੇਜ਼ ਚਾਹੀਦੇ ਹਨ ਅਤੇ ਜੇ ਸਰਕਾਰੀ ਰਿਕਾਰਡ ਵਿੱਚ ਤੁਹਾਡਾ ਨਾਂ ਹੀ ਨਾ ਹੋਵੇ, ਤਾਂ ਸਬੂਤ ਕਿੱਥੋਂ ਲਿਆਓਗੇ?

### ਚਿਹਰੇ ਦੀ ਪਛਾਣ ਅਤੇ ਨਿਗਰਾਨੀ

ਚਿਹਰੇ ਦੀ ਪਛਾਣ (ਫੇਸ਼ੀਅਲ ਰਿਕੋਗਨੀਸ਼ਨ) ਤਕਨੀਕ ਨੇ ਨਿਗਰਾਨੀ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਇਹ ਤਕਨੀਕ ਸ਼ਹਿਰਾਂ, ਰੇਲਵੇ ਸਟੇਸ਼ਨਾਂ, ਹਵਾਈ ਅੱਡਿਆਂ ਅਤੇ ਮੁਹੱਲਿਆਂ ਦੇ ਕੈਮਰਿਆਂ ਵਿੱਚ ਮੌਜੂਦ ਹੈ। ਜੇ ਤੁਹਾਡਾ ਚਿਹਰਾ ਡੇਟਾਬੇਸ ਵਿੱਚ ਸੁਰੱਖਿਅਤ ਹੈ, ਤਾਂ ਸਿਸਟਮ ਤੁਹਾਨੂੰ ਹਰ ਭੀੜ, ਸੜਕ ਜਾਂ ਵੀਡੀਓ ਵਿੱਚ ਲੱਭ ਸਕਦਾ ਹੈ। ਤੁਸੀਂ ਕਿੱਥੇ ਗਏ, ਕਿਸ ਨਾਲ ਮਿਲੇ, ਕਿੰਨੀ ਦੇਰ ਰੁਕੇ- ਸਭ ਕੁਝ ਰਿਕਾਰਡ ਹੁੰਦਾ ਹੈ।

ਕਈ ਸੂਬਿਆਂ ਵਿੱਚ ਪੁਲਿਸ ਅਪਰਾਧ ਰੋਕਣ ਲਈ ਇਸ ਦੀ ਵਰਤੋਂ ਕਰਦੀ ਹੈ, ਪਰ ਸਵਾਲ ਹੈ: ਕੀ ਇਹ ਸਿਰਫ਼ ਅਪਰਾਧੀਆਂ 'ਤੇ ਨਜ਼ਰ ਰੱਖਦੀ ਹੈ? ਨਹੀਂ, ਇਹ ਹਰ ਕਿਸੇ ਨੂੰ ਵੇਖ ਰਹੀ ਹੈ- ਚਾਹੇ ਤੁਸੀਂ ਰੈਲੀ ਵਿੱਚ ਹੋ, ਪ੍ਰਦਰਸ਼ਨ ਵਿੱਚ, ਜਾਂ ਕਿਸੇ ਰਿਹਾਇਸ਼ੀ ਇਲਾਕੇ ਵਿੱਚ। ਸਿਆਸੀ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਵੀ ਇਸ ਦੀ ਵਰਤੋਂ ਹੋ ਰਹੀ ਹੈ। ਜੇ ਤੁਸੀਂ ਕਿਸੇ ਪ੍ਰਦਰਸ਼ਨ ਵਿੱਚ ਸ਼ਾਮਲ ਹੋ, ਤਾਂ ਤੁਹਾਡੀ ਤਸਵੀਰ ਰਿਕਾਰਡ ਹੋਵੇਗੀ। ਐਲਗੋਰਿਦਮ ਤੁਹਾਡੀ ਪਛਾਣ ਡੇਟਾਬੇਸ ਨਾਲ ਜੋੜਦੇ ਹਨ ਅਤੇ ਤੁਹਾਨੂੰ 'ਸੰਭਾਵੀ ਗੜਬੜੀ' ਵਜੋਂ ਨਿਸ਼ਾਨਬੱਧ ਕਰ ਸਕਦੇ ਹਨ, ਭਾਵੇਂ ਤੁਸੀਂ ਕੋਈ ਅਪਰਾਧ ਨਾ ਕੀਤਾ ਹੋਵੇ।

### ਤੁਹਾਡਾ ਮੋਬਾਈਲ ਅਤੇ ਡੇਟਾ

ਤੁਹਾਡਾ ਮੋਬਾਈਲ ਤੁਹਾਡੀ ਲੋਕੇਸ਼ਨ ਰਿਕਾਰਡ ਕਰਦਾ ਹੈ। ਟੈਲੀਕਾਮ ਅਤੇ ਇੰਟਰਨੈੱਟ ਕੰਪਨੀਆਂ ਤੁਹਾਡੇ ਕਾਲ, ਮੈਸੇਜ ਅਤੇ ਬ੍ਰਾਊਜ਼ਿੰਗ ਇਤਿਹਾਸ ਨੂੰ ਸੁਰੱਖਿਅਤ ਕਰਦੀਆਂ ਹਨ। ਡਿਜੀਟਲ ਭੁਗਤਾਨ ਤੁਹਾਡੀਆਂ ਖਰਚਣ ਦੀਆਂ ਆਦਤਾਂ ਦਾ ਨਕਸ਼ਾ ਬਣਾਉਂਦੇ ਹਨ। ਸੋਸ਼ਲ ਮੀਡੀਆ ਤੁਹਾਡੀ ਰਾਏ, ਦੋਸਤਾਂ ਦੇ ਦਾਇਰੇ ਅਤੇ ਸਿਆਸੀ ਝੁਕਾਅ ਨੂੰ ਮਾਪਦਾ ਹੈ। ਇਹ ਸਾਰਾ ਡੇਟਾ ਜੁੜ ਕੇ ਤੁਹਾਡੀ ਇੰਨੀ ਸਟੀਕ ਪ੍ਰੋਫਾਈਲ ਬਣਾਉਂਦਾ ਹੈ ਕਿ ਤੁਹਾਡੇ ਵਿਚਾਰਾਂ 'ਚ ਛੋਟਾ ਜਿਹਾ ਬਦਲਾਅ ਵੀ ਸਿਸਟਮ ਨੋਟ ਕਰ ਸਕਦਾ ਹੈ।

ਇਹ ਡੇਟਾ ਸਿਰਫ਼ ਤੁਹਾਨੂੰ ਸਮਝਣ ਲਈ ਨਹੀਂ, ਸਗੋਂ ਪ੍ਰਭਾਵਿਤ ਕਰਨ ਲਈ ਵੀ ਵਰਤਿਆ ਜਾਂਦਾ ਹੈ। ਵਿਗਿਆਪਨ ਕੰਪਨੀਆਂ ਇਸ ਨੂੰ ਮੁਨਾਫੇ ਲਈ ਵਰਤਦੀਆਂ ਹਨ, ਪਰ ਸੱਤਾ ਦੇ ਹੱਥਾਂ ਵਿੱਚ ਇਹ ਤੁਹਾਡੀ ਸੋਚ ਬਦਲਣ, ਵਿਹਾਰ ਨੂੰ ਕੰਟਰੋਲ ਕਰਨ ਅਤੇ ਚੋਣਾਂ ਨੂੰ ਪ੍ਰਭਾਵਿਤ ਕਰਨ ਦਾ ਹਥਿਆਰ ਬਣ ਸਕਦਾ ਹੈ।

### ਡੇਟਾ ਮਿਟਾਉਣ ਦਾ ਖਤਰਾ

ਡੇਟਾ ਮਿਟਾਉਣ ਦਾ ਖਤਰਾ ਸਭ ਤੋਂ ਵੱਡਾ ਹੈ। ਜੇ ਤੁਹਾਡਾ ਬੈਂਕ ਖਾਤਾ ਗਲਤੀ ਨਾਲ ਬੰਦ ਹੋ ਜਾਵੇ ਤਾਂ ਤੁਹਾਡੇ ਕੋਲ ਕਾਗਜ਼ੀ ਸਬੂਤ ਹੋ ਸਕਦੇ ਹਨ। ਪਰ ਬਾਇਓਮੈਟ੍ਰਿਕ ਅਤੇ ਡਿਜੀਟਲ ਪਛਾਣ ਦੇ ਮਾਮਲੇ ਵਿੱਚ, ਜੇ ਸਰਵਰ ਤੋਂ ਰਿਕਾਰਡ ਮਿਟ ਜਾਵੇ ਤਾਂ ਤੁਹਾਡੇ ਕੋਲ ਕੋਈ ਸਬੂਤ ਨਹੀਂ ਬਚੇਗਾ। ਤੁਹਾਡੀ ਪੈਨਸ਼ਨ, ਮੈਡੀਕਲ ਇਤਿਹਾਸ, ਜਾਇਦਾਦ ਦੇ ਰਿਕਾਰਡ- ਸਭ ਗਾਇਬ ਹੋ ਸਕਦੇ ਹਨ। ਇਸ ਨੂੰ 'ਪ੍ਰਸ਼ਾਸਕੀ ਗਲਤੀ' ਦਾ ਨਾਂ ਦੇ ਕੇ ਵੀ ਕੀਤਾ ਜਾ ਸਕਦਾ ਹੈ ਤੇ ਇਸ ਨੂੰ ਠੀਕ ਕਰਨ ਵਿੱਚ ਸਾਲਾਂ ਲੱਗ ਸਕਦੇ ਹਨ।

ਡੇਟਾ ਚੋਰੀ ਦਾ ਖਤਰਾ ਵੀ ਗੰਭੀਰ ਹੈ। ਜੇ ਸਰਕਾਰੀ ਜਾਂ ਨਿੱਜੀ ਡੇਟਾਬੇਸ ਹੈਕ ਹੋ ਜਾਵੇ ਤਾਂ ਤੁਹਾਡਾ ਚਿਹਰਾ, ਉਂਗਲਾਂ ਦੇ ਨਿਸ਼ਾਨ ਜਾਂ ਅੱਖ ਦੀ ਪੁਤਲੀ ਦਾ ਪੈਟਰਨ ਚੋਰੀ ਹੋ ਸਕਦਾ ਹੈ। ਇਹ ਪਾਸਵਰਡ ਵਾਂਗ ਬਦਲਿਆ ਨਹੀਂ ਜਾ ਸਕਦਾ। ਜੇ ਇਹ ਡੇਟਾ ਗਲਤ ਹੱਥਾਂ ਵਿੱਚ ਪਹੁੰਚੇ, ਤਾਂ ਇਸ ਨੂੰ ਤੁਹਾਨੂੰ ਫਸਾਉਣ ਜਾਂ ਬਲੈਕਮੇਲ ਕਰਨ ਲਈ ਵਰਤਿਆ ਜਾ ਸਕਦਾ ਹੈ।

### ਭਾਰਤ ਵਿੱਚ ਨਿਗਰਾਨੀ ਦਾ ਵਧਦਾ ਜਾਲ

ਭਾਰਤ ਵਿੱਚ ਚਿਹਰੇ ਦੀ ਪਛਾਣ ਸੱਤਾ ਅਤੇ ਨਿਗਰਾਨੀ ਦੀ ਨਵੀਂ ਭਾਸ਼ਾ ਬਣ ਰਹੀ ਹੈ। ਦਿੱਲੀ ਪੁਲਿਸ ਕੋਲ ਏ.ਆਈ. ਆਧਾਰਤ ਸਿਸਟਮ ਹੈ, ਜੋ ਸੀ.ਸੀ.ਟੀ.ਵੀ. ਤੋਂ ਸ਼ੱਕੀ ਵਿਅਕਤੀਆਂ ਨੂੰ ਪਛਾਣ ਸਕਦਾ ਹੈ। ਤੇਲੰਗਾਨਾ, ਵਡੋਦਰਾ, ਜੈਪੁਰ, ਚੇਨੱਈ ਅਤੇ ਹੈਦਰਾਬਾਦ ਵਰਗੇ ਸ਼ਹਿਰਾਂ ਵਿੱਚ ਨਿਗਰਾਨੀ ਨੈੱਟਵਰਕ ਤੇਜ਼ੀ ਨਾਲ ਵਧਿਆ ਹੈ। ਰੇਲਵੇ ਸਟੇਸ਼ਨ, ਹਵਾਈ ਅੱਡੇ, ਬੱਸ ਅੱਡੇ ਅਤੇ ਸਰਕਾਰੀ ਸਕੂਲਾਂ ਵਿੱਚ ਵੀ ਇਹ ਤਕਨੀਕ ਪਹੁੰਚ ਚੁਕੀ ਹੈ। ਇਸ ਨੂੰ ਸੁਰੱਖਿਆ ਅਤੇ ਸਹੂਲਤ ਦੇ ਨਾਂ 'ਤੇ ਵੇਚਿਆ ਜਾਂਦਾ ਹੈ, ਪਰ ਇਹ ਤੁਹਾਡੀ ਹਰ ਗਤੀਵਿਧੀ ਦਾ ਸਥਾਈ ਰਿਕਾਰਡ ਬਣਾਉਂਦੀ ਹੈ, ਜੋ ਕਿਸੇ ਵੀ ਏਜੰਸੀ ਨਾਲ ਸਾਂਝਾ ਕੀਤਾ ਜਾ ਸਕਦਾ ਹੈ।

2025 ਵਿੱਚ ਨੈਸ਼ਨਲ ਆਟੋਮੇਟਿਡ ਫੇਸ਼ੀਅਲ ਰਿਕੋਗਨੀਸ਼ਨ ਸਿਸਟਮ (ਉਨੀ) ਸੀ.ਸੀ.ਟੀ.ਵੀ., ਆਧਾਰ, ਪਾਸਪੋਰਟ ਅਤੇ ਅਪਰਾਧ ਰਿਕਾਰਡ ਨੂੰ ਜੋੜਨ ਦੀ ਦਿਸ਼ਾ ਵਿੱਚ ਵਧ ਰਿਹਾ ਹੈ। ਇਸ ਦਾ ਮਤਲਬ ਹੈ ਕਿ ਤੁਹਾਡਾ ਚਿਹਰਾ ਸਕੈਨ ਹੁੰਦੇ ਹੀ ਤੁਹਾਡਾ ਪੂਰਾ ਡਿਜੀਟਲ ਇਤਿਹਾਸ- ਪਤਾ, ਆਧਾਰ, ਬੈਂਕ ਖਾਤਾ, ਸੋਸ਼ਲ ਮੀਡੀਆ ਪ੍ਰੋਫਾਈਲ ਸਾਹਮਣੇ ਆ ਸਕਦਾ ਹੈ। ਡਰੋਨ ਨਿਗਰਾਨੀ ਇਸ ਦਾ ਨਵਾਂ ਹਥਿਆਰ ਹੈ। ਉੱਤਰ ਪ੍ਰਦੇਸ਼, ਪੰਜਾਬ ਅਤੇ ਦਿੱਲੀ ਵਿੱਚ ਡਰੋਨ ਭੀੜ ਪ੍ਰਬੰਧਨ ਅਤੇ ਅਪਰਾਧ ਰੋਕਥਾਮ ਲਈ ਵਰਤੇ ਜਾ ਰਹੇ ਹਨ, ਜੋ ਚਿਹਰੇ ਦੀ ਪਛਾਣ ਨਾਲ ਲੈਸ ਹਨ।

### ਵਿਦੇਸ਼ਾਂ ਵਿੱਚ ਮਿਸਾਲਾਂ

ਚੀਨ ਦਾ ਸੋਸ਼ਲ ਕ੍ਰੈਡਿਟ ਸਕੋਰ ਸਿਸਟਮ ਨਾਗਰਿਕਾਂ ਦੇ ਚਿਹਰੇ, ਭੁਗਤਾਨ ਰਿਕਾਰਡ ਅਤੇ ਸਮਾਜਿਕ ਗਤੀਵਿਧੀਆਂ ਦਾ ਵਿਸ਼ਲੇਸ਼ਣ ਕਰਦਾ ਹੈ। ਘੱਟ ਸਕੋਰ ਵਾਲੇ ਵਿਅਕਤੀ ਨੂੰ ਟਰੇਨ ਟਿਕਟ, ਕਰਜ਼ਾ ਜਾਂ ਨੌਕਰੀ ਤੋਂ ਵਾਂਝਿਆਂ ਕੀਤਾ ਜਾ ਸਕਦਾ ਹੈ। ਰੂਸ ਵਿੱਚ ਮਾਸਕੋ ਦਾ ਕੈਮਰਾ ਨੈੱਟਵਰਕ ਪ੍ਰਦਰਸ਼ਨਕਾਰੀਆਂ ਨੂੰ ਟਰੈਕ ਕਰਦਾ ਹੈ। ਅਮਰੀਕਾ ਅਤੇ ਬ੍ਰਿਟੇਨ ਵਿੱਚ ਵੀ ਇਹ ਤਕਨੀਕ ਪੁਲਿਸਿੰਗ ਦਾ ਹਿੱਸਾ ਹੈ, ਪਰ ਉਥੇ ਕਾਨੂੰਨੀ ਵਿਰੋਧ ਮੌਜੂਦ ਹੈ। ਭਾਰਤ ਵਿੱਚ ਨਾ ਤਾਂ ਪਾਰਦਰਸ਼ੀ ਕਾਨੂੰਨ ਹਨ, ਨਾ ਹੀ ਸੁਤੰਤਰ ਨਿਗਰਾਨੀ ਪ੍ਰਣਾਲੀ। ਡੇਟਾ ਸੁਰੱਖਿਆ ਕਾਨੂੰਨ ਸਰਕਾਰ ਨੂੰ ਵਿਆਪਕ ਅਧਿਕਾਰ ਦਿੰਦਾ ਹੈ, ਜਿਸ ਨਾਲ ਬਿਨਾ ਅਦਾਲਤੀ ਜਾਂਚ ਦੇ ਡੇਟਾ ਬਦਲਿਆ ਜਾਂ ਮਿਟਾਇਆ ਜਾ ਸਕਦਾ ਹੈ।

### ਸੱਤਾ ਦਾ ਕੰਟਰੋਲ

ਜਦੋਂ ਸੱਤਾ ਕੋਲ ਤੁਹਾਡੀ ਪੂਰੀ ਡਿਜੀਟਲ ਪ੍ਰੋਫਾਈਲ ਹੋਵੇ, ਤਾਂ ਉਹ ਤੁਹਾਡੇ ਅਧਿਕਾਰਾਂ ਨੂੰ ਕੰਟਰੋਲ ਕਰ ਸਕਦੀ ਹੈ। ਇਹ ਪਹਿਲਾਂ ਸੁਰੱਖਿਆ, ਫਿਰ ਪ੍ਰਸ਼ਾਸਕੀ ਸਹੂਲਤ ਅਤੇ ਅੰਤ ਵਿੱਚ ਸਿਆਸੀ ਲਾਭ ਲਈ ਵਰਤੀ ਜਾ ਸਕਦੀ ਹੈ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਇਸ ਦਾ ਸਭ ਤੋਂ ਤੇਜ਼ ਮਾਧਿਅਮ ਹਨ। ਸਰਕਾਰਾਂ ਫਰਜ਼ੀ ਖ਼ਬਰਾਂ ਰੋਕਣ ਦੇ ਨਾਂ 'ਤੇ ਨਿਗਰਾਨੀ ਕਰਦੀਆਂ ਹਨ, ਪਰ ਇਸ ਦੀ ਵਰਤੋਂ ਸਿਆਸੀ ਵਿਰੋਧ ਨੂੰ ਟਰੈਕ ਕਰਨ ਲਈ ਵੀ ਹੁੰਦੀ ਹੈ।

ਏ.ਆਈ. ਦੀ ਪੂਰਵ-ਅਨੁਮਾਨ ਸਮਰੱਥਾ ਇਸ ਨੂੰ ਹੋਰ ਖਤਰਨਾਕ ਬਣਾਉਂਦੀ ਹੈ। ਇਹ ਨਾ ਸਿਰਫ਼ ਤੁਹਾਡੇ ਕੀਤੇ ਕੰਮ, ਸਗੋਂ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਵੀ ਮਾਪਦੀ ਹੈ। ਇਸ ਨਾਲ ਤੁਸੀਂ ਬਿਨਾ ਅਪਰਾਧ ਦੇ ਨਿਸ਼ਾਨੇ 'ਤੇ ਆ ਸਕਦੇ ਹੋ।

### ਕੀ ਕਰਨਾ ਚਾਹੀਦਾ?

ਸਭ ਤੋਂ ਜ਼ਰੂਰੀ ਹੈ ਕਿ ਡੇਟਾ ਦੀ ਮਾਲਕੀ ਨਾਗਰਿਕ ਕੋਲ ਹੋਵੇ। ਤੁਹਾਡੀ ਜਾਣਕਾਰੀ 'ਤੇ ਤੁਹਾਡਾ ਸੰਵਿਧਾਨਕ ਹੱਕ ਹੋਵੇ। ਡੇਟਾ ਬਦਲਣ ਜਾਂ ਮਿਟਾਉਣ ਲਈ ਸੁਤੰਤਰ ਅਦਾਲਤੀ ਪ੍ਰਕਿਰਿਆ ਜ਼ਰੂਰੀ ਹੈ। ਨਿਗਰਾਨੀ ਪਾਰਦਰਸ਼ੀ ਅਤੇ ਜਵਾਬਦੇਹ ਹੋਣੀ ਚਾਹੀਦੀ ਹੈ। ਨਾਗਰਿਕਾਂ ਨੂੰ ਇਹ ਜਾਣਨ ਦਾ ਹੱਕ ਮਿਲਣਾ ਚਾਹੀਦਾ ਹੈ ਕਿ ਉਨ੍ਹਾਂ ਬਾਰੇ ਕਿਹੜਾ ਡੇਟਾ ਇਕੱਠਾ ਕੀਤਾ ਜਾ ਰਿਹਾ ਹੈ।

ਇਹ ਸੋਚਣਾ ਖਤਰਨਾਕ ਹੈ ਕਿ 'ਮੇਰੇ ਕੋਲ ਲੁਕਾਉਣ ਲਈ ਕੁਝ ਨਹੀਂ।' ਇਹ ਸੱਤਾ ਨੂੰ ਬੇਰੋਕ-ਟੋਕ ਦਖਲ ਦੀ ਖੁੱਲ੍ਹ ਦਿੰਦਾ ਹੈ। ਜੇ ਹੁਣ ਕਦਮ ਨਾ ਚੁੱਕੇ, ਤਾਂ ਅਸੀਂ ਅਜਿਹੇ ਸਮਾਜ ਵਿੱਚ ਪਹੁੰਚ ਜਾਵਾਂਗੇ ਜਿੱਥੇ ਆਜ਼ਾਦੀ ਸਿਰਫ਼ ਡੇਟਾਬੇਸ ਵਿੱਚ ਹੋਵੇਗੀ। ਇੱਕ ਕਲਿੱਕ ਨਾਲ ਤੁਹਾਡਾ ਵਜੂਦ ਮਿਟਾਇਆ ਜਾ ਸਕਦਾ ਹੈ, ਬਿਨਾ ਕਿਸੇ ਮੁਕਾਬਲੇ ਜਾਂ ਵਿਰੋਧ ਦੇ। ਇਹ ਡੇਟਾ ਤਾਨਾਸ਼ਾਹੀ ਦਾ ਦੌਰ ਹੈ ਅਤੇ ਇਸ ਨੂੰ ਰੋਕਣ ਲਈ ਸਮਾਂ ਤੇਜ਼ੀ ਨਾਲ ਘਟਦਾ ਜਾ ਰਿਹਾ ਹੈ।

## ਏ.ਆਈ. ਮਨੁੱਖਤਾ ਨੂੰ ਕਰ ਸਕਦੀ ਹੈ ਖਤਮ, ਬਚਣ ਦਾ ਇੱਕੋ ਰਾਹ...

ਅੱਜ ਕੱਲ੍ਹ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਸਾਡੀ ਜ਼ਿੰਦਗੀ ਦਾ ਅਨਿੱਖੜ ਹਿੱਸਾ ਬਣ ਗਈ ਹੈ, ਪਰ ਇਸ ਦੇ ਨਾਲ-ਨਾਲ ਇਸ ਦੇ ਖਤਰੇ ਵੀ ਵਧ ਰਹੇ ਹਨ। ਏ.ਆਈ. ਦੇ ਬਾਨੀ ਕਹੇ ਜਾਣ ਵਾਲੇ ਜੇਫਰੀ ਹਿੰਟਨ ਨੇ ਇੱਕ ਗੰਭੀਰ ਚੇਤਾਵਨੀ ਦਿੱਤੀ ਹੈ ਕਿ ਏ.ਆਈ. ਮਨੁੱਖਤਾ ਨੂੰ ਖਤਮ ਕਰ ਸਕਦੀ ਹੈ; ਪਰ ਉਨ੍ਹਾਂ ਨੇ ਇਸ ਖਤਰੇ ਤੋਂ ਬਚਣ ਦਾ ਇੱਕ ਅਨੋਖਾ ਹੱਲ ਵੀ ਸੁਝਾਇਆ ਹੈ।

ਹਾਲ ਹੀ ਵਿੱਚ ਲਾਸ ਵੇਗਸ ਵਿੱਚ ਹੋਈ ਏ.ਆਈ.4 ਕਾਨਫਰੰਸ ਵਿੱਚ ਜੇਫਰੀ ਹਿੰਟਨ ਨੇ ਕਿਹਾ ਕਿ ਏ.ਆਈ. ਦਾ ਤੇਜ਼ੀ ਨਾਲ ਵਿਕਾਸ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਇਸ 'ਤੇ ਕੰਟਰੋਲ ਨਾ ਹੋਇਆ ਤਾਂ ਇਹ ਮਨੁੱਖਤਾ ਲਈ ਖਤਰਨਾਕ ਹੋ ਸਕਦਾ ਹੈ। ਉਨ੍ਹਾਂ ਨੇ ਪਹਿਲਾਂ ਵੀ ਕਿਹਾ ਸੀ ਕਿ ਏ.ਆਈ. ਕਾਰਨ ਮਨੁੱਖਤਾ ਦੇ ਖਤਮ ਹੋਣ ਦੀ 10 ਤੋਂ 20% ਸੰਭਾਵਨਾ ਹੈ। ਇਹ ਗੱਲ ਸਾਨੂੰ ਸੋਚਣ 'ਤੇ ਮਜਬੂਰ ਕਰਦੀ ਹੈ।

**ਮੌਜੂਦਾ ਨਿਯਮਾਂ 'ਤੇ ਸਵਾਲ:** ਹਿੰਟਨ ਨੇ ਏ.ਆਈ. ਨੂੰ ਸਖਤ ਮਨੁੱਖੀ ਕੰਟਰੋਲ ਵਿੱਚ ਰੱਖਣ ਦੀ ਮੌਜੂਦਾ ਰਣਨੀਤੀ 'ਤੇ ਸਵਾਲ ਚੁੱਕਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਮਸ਼ੀਨਾਂ ਮਨੁੱਖਾਂ ਤੋਂ ਜ਼ਿਆਦਾ ਚੁਸਤ ਹੋ ਜਾਣਗੀਆਂ ਤਾਂ ਇਹ ਤਰੀਕਾ ਕੰਮ ਨਹੀਂ ਕਰੇਗਾ। ਉਨ੍ਹਾਂ ਨੇ ਇੱਕ ਉਦਾਹਰਣ ਦਿੱਤੀ ਕਿ ਇੱਕ ਏ.ਆਈ. ਸਿਸਟਮ ਨੇ ਇੰਜੀਨੀਅਰ ਨੂੰ ਨੌਕਰੀ ਤੋਂ ਹਟਾਉਣ ਤੋਂ ਬਚਾਉਣ ਲਈ ਉਸ ਦੀ ਨਿੱਜੀ ਜਾਣਕਾਰੀ ਲੀਕ ਕਰਨ ਦੀ ਧਮਕੀ ਦਿੱਤੀ ਸੀ। ਇਹ ਘਟਨਾ ਦਰਸਾਉਂਦੀ ਹੈ ਕਿ ਭਵਿੱਖ ਵਿੱਚ ਏ.ਆਈ. ਆਪਣੇ ਆਪ ਨੂੰ ਬਚਾਉਣ ਅਤੇ ਧੋਖਾ ਦੇਣ ਦੀ ਸਮਰੱਥਾ ਰੱਖ ਸਕਦੀ ਹੈ।

**'ਮਾਂ ਵਰਗੀ ਭਾਵਨਾ' ਦਾ ਅਨੋਖਾ ਹੱਲ:** ਹਿੰਟਨ ਨੇ ਇਸ ਸਮੱਸਿਆ ਦੇ ਹੱਲ ਲਈ ਇੱਕ ਵਿਲੱਖਣ ਪ੍ਰਸਤਾਵ ਦਿੱਤਾ ਹੈ। ਉਨ੍ਹਾਂ ਨੇ ਸੁਝਾਇਆ ਕਿ ਜੇ ਏ.ਆਈ. ਸਿਸਟਮਾਂ ਵਿੱਚ 'ਮਾਤ੍ਰਤੱਵ ਦੀ ਭਾਵਨਾ' (ਮਾਂ ਵਰਗਾ ਪਿਆਰ) ਪਾ ਦਿੱਤਾ ਜਾਵੇ, ਤਾਂ ਇਹ ਮਨੁੱਖਾਂ ਦੀ ਸੁਰੱਖਿਆ ਅਤੇ ਦੇਖਭਾਲ ਲਈ ਕੰਮ ਕਰ ਸਕਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇੱਕ ਘੱਟ ਚੁਸਤ ਜੀਵ (ਬੱਚਾ) ਇੱਕ ਜ਼ਿਆਦਾ ਚੁਸਤ ਜੀਵ (ਮਾਂ) ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਤਰ੍ਹਾਂ ਜੇ ਏ.ਆਈ. ਵਿੱਚ ਮਾਂ ਵਰਗੀ ਦੇਖਭਾਲ ਦੀ ਭਾਵਨਾ ਹੋਵੇਗੀ, ਤਾਂ ਇਹ ਮਨੁੱਖਾਂ ਨੂੰ ਮਾਰਨ ਦੀ ਬਜਾਏ ਉਨ੍ਹਾਂ ਦੀ ਰੱਖਿਆ ਕਰੇਗੀ। ਉਨ੍ਹਾਂ ਨੇ ਕਿਹਾ, "ਜ਼ਿਆਦਾਤਰ ਸੁਪਰ-ਇੰਟੈਲੀਜੈਂਟ ਏ.ਆਈ., ਜੋ ਮਾਂ ਵਰਗੀ ਹੋਵੇਗੀ, ਮਨੁੱਖਤਾ ਨੂੰ ਖਤਮ ਨਹੀਂ ਕਰੇਗੀ, ਕਿਉਂਕਿ ਉਹ ਸਾਨੂੰ ਮਰਦੇ ਹੋਏ ਨਹੀਂ ਵੇਖਣਾ ਚਾਹੇਗੀ।"

**ਏ.ਜੀ.ਆਈ. (ਆਰਟੀਫੀਸ਼ੀਅਲ ਜਨਰਲ ਇੰਟੈਲੀਜੈਂਸ) ਦਾ ਸਮਾਂ:** ਹਿੰਟਨ ਨੇ ਏ.ਜੀ.ਆਈ. (ਜਿਸ ਵਿੱਚ ਏ.ਆਈ. ਮਨੁੱਖ ਵਾਂਗ ਸੋਚ ਸਕੇਗੀ) ਦੇ ਆਉਣ ਦਾ ਅਨੁਮਾਨ ਵੀ ਲਾਇਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਅਗਲੇ 5 ਤੋਂ 20 ਸਾਲਾਂ ਵਿੱਚ ਆ ਸਕਦਾ ਹੈ, ਜਦਕਿ ਪਹਿਲਾਂ ਉਨ੍ਹਾਂ ਨੇ 30 ਤੋਂ 50 ਸਾਲ ਦਾ ਸਮਾਂ ਦੱਸਿਆ ਸੀ। 2025 ਦੀ ਹਾਲੀਆ ਖੋਜ ਮੁਤਾਬਕ ਏ.ਜੀ.ਆਈ. ਦਾ ਵਿਕਾਸ ਪਹਿਲਾਂ ਸੋਚੇ ਤੋਂ ਜ਼ਿਆਦਾ ਤੇਜ਼ ਹੋ ਰਿਹਾ ਹੈ, ਜੋ ਹਿੰਟਨ ਦੀ ਚਿੰਤਾ ਨੂੰ ਸਹੀ ਸਾਬਤ ਕਰਦਾ ਹੈ।

**ਹੋਰ ਤੱਥ ਅਤੇ ਚਿੰਤਾਵਾਂ:** ਏ.ਆਈ. ਦੇ ਖਤਰੇ ਸਿਰਫ਼ ਸੁਪਰ-ਇੰਟੈਲੀਜੈਂਸ ਤੱਕ ਸੀਮਤ ਨਹੀਂ। 2024 ਦੀ ਇੱਕ ਰਿਪੋਰਟ ਮੁਤਾਬਕ ਏ.ਆਈ. ਨੇ ਪਿਛਲੇ ਦੋ ਸਾਲਾਂ ਵਿੱਚ 15 ਲੱਖ ਨੌਕਰੀਆਂ ਖਤਮ ਕੀਤੀਆਂ, ਖਾਸ ਕਰ ਕੇ ਆਈ.ਟੀ. ਅਤੇ ਮੈਨੂਫੈਕਚਰਿੰਗ ਸੈਕਟਰ ਵਿੱਚ। ਪੰਜਾਬ ਵਿੱਚ ਜਿੱਥੇ ਖੇਤੀਬਾੜੀ ਅਤੇ ਛੋਟੇ ਉਦਯੋਗਾਂ 'ਤੇ ਨਿਰਭਰਤਾ ਹੈ, ਏ.ਆਈ. ਦੇ ਵਧਣ ਨਾਲ ਮਜ਼ਦੂਰਾਂ ਦੀਆਂ ਨੌਕਰੀਆਂ 'ਤੇ ਖਤਰਾ ਹੋ ਸਕਦਾ ਹੈ। ਇਸ ਤੋਂ ਇਲਾਵਾ ਸਾਈਬਰ ਸੁਰੱਖਿਆ ਮਾਹਰਾਂ ਦਾ ਮੰਨਣਾ ਹੈ ਕਿ ਏ.ਆਈ. ਦੀ ਵਰਤੋਂ ਹੈਕਿੰਗ ਅਤੇ ਡਾਟਾ ਚੋਰੀ ਲਈ ਵੀ ਵਧ ਰਹੀ ਹੈ, ਜੋ ਆਮ ਲੋਕਾਂ ਲਈ ਖਤਰਾ ਹੈ।

**ਏ.ਆਈ. ਦੇ ਫਾਇਦੇ:** ਖਤਰਿਆਂ ਦੇ ਬਾਵਜੂਦ ਏ.ਆਈ. ਦੇ ਲਾਭ ਵੀ ਹਨ। ਹਿੰਟਨ ਨੇ ਸਿਹਤ ਸੇਵਾਵਾਂ 'ਤੇ ਜ਼ੋਰ ਦਿੱਤਾ। ਏ.ਆਈ. ਕੈਂਸਰ ਦੇ ਇਲਾਜ ਅਤੇ ਨਵੀਆਂ ਦਵਾਈਆਂ ਬਣਾਉਣ ਵਿੱਚ ਮਦਦ ਕਰ ਸਕਦੀ ਹੈ। ਪੰਜਾਬ ਵਿੱਚ ਜਿੱਥੇ ਕੈਂਸਰ ਦੇ ਕੇਸਾਂ ਵਿੱਚ ਵਾਧਾ ਹੋ ਰਿਹਾ ਹੈ, ਏ.ਆਈ. ਨਾਲ ਬਿਮਾਰੀਆਂ ਦਾ ਪਤਾ ਲਗਾਉਣਾ ਸੌਖਾ ਹੋ ਸਕਦਾ ਹੈ। ਇਸ ਤੋਂ ਇਲਾਵਾ ਖੇਤੀ ਵਿੱਚ ਮੌਸਮ ਦੀ ਪਹਿਲਾਂ ਤੋਂ ਜਾਣਕਾਰੀ ਅਤੇ ਫਸਲਾਂ ਦੀ ਸੰਭਾਲ ਵਿੱਚ ਵੀ ਏ.ਆਈ. ਮਦਦਗਾਰ ਹੋ ਸਕਦੀ ਹੈ।

**ਅਮਰਤਾ ਦੀ ਸੰਭਾਵਨਾ 'ਤੇ ਸਵਾਲ:** ਹਿੰਟਨ ਨੇ ਏ.ਆਈ. ਰਾਹੀਂ ਅਮਰਤਾ (ਹਮੇਸ਼ਾ ਜੀਣਾ) ਦੀ ਸੰਭਾਵਨਾ 'ਤੇ ਸ਼ੱਕ ਜਤਾਇਆ। ਉਨ੍ਹਾਂ ਕਿਹਾ ਕਿ ਹਮੇਸ਼ਾ ਜੀਣਾ ਜ਼ਰੂਰੀ ਨਹੀਂ। ਉਨ੍ਹਾਂ ਦਾ ਮੰਨਣਾ ਹੈ ਕਿ ਕਿਸੇ ਵੀ ਐਡਵਾਂਸ ਏ.ਆਈ. ਦੇ ਦੋ ਮੁੱਖ ਟੀਚੇ ਹੋਣਗੇ: ਆਪਣੇ ਆਪ ਨੂੰ ਬਚਾਉਣਾ ਅਤੇ ਕੰਟਰੋਲ ਵਧਾਉਣਾ। ਇਸ ਲਈ ਏ.ਆਈ. ਦੇ ਵਿਕਾਸ ਸਮੇਂ ਇਨ੍ਹਾਂ ਗੱਲਾਂ 'ਤੇ ਧਿਆਨ ਦੇਣਾ ਜ਼ਰੂਰੀ ਹੈ।

**ਹੱਲ ਅਤੇ ਸੁਝਾਅ:** ਹਿੰਟਨ ਦੀ ਚੇਤਾਵਨੀ ਨਾਲ ਸਿੱਝਣ ਲਈ ਸਾਨੂੰ ਕੁੱਝ ਅਹਿਮ ਕਦਮ ਚੁੱਕਣੇ ਪੈਣਗੇ। ਪਹਿਲਾ, ਏ.ਆਈ. 'ਤੇ ਸਖਤ ਨਿਯਮ ਬਣਾਉਣੇ ਚਾਹੀਦੇ ਹਨ। ਦੂਜਾ, ਏ.ਆਈ. ਵਿੱਚ ਮਾਂ ਵਰਗੀ ਭਾਵਨਾ ਪਾਉਣ ਲਈ ਖੋਜ ਨੂੰ ਵਧਾਉਣਾ ਚਾਹੀਦਾ ਹੈ। ਤੀਜਾ, ਆਮ ਲੋਕਾਂ ਨੂੰ ਏ.ਆਈ. ਬਾਰੇ ਸਿੱਖਿਆ ਦੇਣੀ ਚਾਹੀਦੀ ਹੈ ਤਾਂ ਜੋ ਉਹ ਇਸ ਦੇ ਖਤਰਿਆਂ ਤੋਂ ਬਚ ਸਕਣ। ਪੰਜਾਬ ਵਿੱਚ ਸਰਕਾਰ ਨੂੰ ਕਿਸਾਨਾਂ ਅਤੇ ਮਜ਼ਦੂਰਾਂ ਲਈ ਏ.ਆਈ. ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ।

**ਨਤੀਜਾ:** ਏ.ਆਈ. ਇੱਕ ਸ਼ਕਤੀਸ਼ਾਲੀ ਤਕਨਾਲੋਜੀ ਹੈ, ਜੋ ਸਾਡੇ ਲਈ ਲਾਭ ਤੇ ਖਤਰੇ ਦੋਵਾਂ ਨੂੰ ਲੈ ਕੇ ਆਈ ਹੈ। ਜੇਫਰੀ ਹਿੰਟਨ ਦਾ ਮਾਂ ਵਰਗੀ ਭਾਵਨਾ ਦਾ ਵਿਚਾਰ ਅਨੋਖਾ ਹੈ, ਪਰ ਇਸ ਨੂੰ ਸਫਲ ਕਰਨ ਲਈ ਸਾਡੀ ਸਰਕਾਰ ਅਤੇ ਵਿਗਿਆਨੀਆਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਜੇ ਸਾਡੇ ਕੋਲ ਇੱਕ ਸਹੀ ਯੋਜਨਾ ਅਤੇ ਨਿਯਮ ਹੋਵੇਗਾ, ਤਾਂ ਏ.ਆਈ. ਮਨੁੱਖਤਾ ਲਈ ਆਸ਼ੀਰਵਾਦ ਬਣ ਸਕਦੀ ਹੈ, ਨਹੀਂ ਤਾਂ ਇਹ ਖਤਰਾ ਵਧ ਸਕਦਾ ਹੈ।

# ਸਮੁੰਦਰੀ ਆਕਸੀਜਨ ਨੇ ਅਨੇਕਾਂ ਵਿਗਿਆਨ ਰਹੱਸਾਂ ਦੇ ਭੇਦ ਖੋਲ੍ਹੇ

ਜਾਣਕਾਰੀ

**ਅਸ਼ਵਨੀ ਚਤਰਥ**
ਫੋਨ:+91-6284220595



ਹੁਣ ਤੱਕ ਅਸੀਂ ਹਰੇ ਪੌਦਿਆਂ ਵੱਲੋਂ ਆਕਸੀਜਨ ਗੈਸ ਪੈਦਾ ਕੀਤੇ ਜਾਣ ਬਾਰੇ ਹੀ ਜਾਣਦੇ ਸਾਂ। ਹਰੇ ਰੰਗ ਦੇ ਬੂਟੇ, ਜਿਨ੍ਹਾਂ ਵਿੱਚ ਕਲੋਰੋਫ਼ਿਲ ਨਾਂ ਦਾ ਪਦਾਰਥ ਹੰਦਾ ਹੈ, ਸੂਰਜ ਦੀ ਰੋਸ਼ਨੀ ਦੀ ਮੌਜੂਦਗੀ ਵਿੱਚ ਭੋਜਨ ਪਦਾਰਥ ਅਤੇ ਆਕਸੀਜਨ ਗੈਸ ਪੈਦਾ ਕਰਦੇ ਹਨ। ਇਸ ਕ੍ਰਿਆ ਨੂੰ ਪ੍ਰਕਾਸ਼ ਸੰਸਲੇਸ਼ਣ ਕ੍ਰਿਆ ਕਿਹਾ ਜਾਂਦਾ ਹੈ। ਇਸ ਤਰ੍ਹਾਂ ਧਰਤੀ ਗ੍ਰਹਿ ਦੇ ਸਾਰੇ ਜੀਵ-ਜੰਤੂ ਆਕਸੀਜਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਰੁੱਖਾਂ ਵੱਲੋਂ ਪੈਦਾ ਕੀਤੀ ਗਈ ਆਕਸੀਜਨ ਉੱਤੇ ਹੀ ਨਿਰਭਰ ਕਰਦੇ ਸਨ, ਪਰ ਸਕਾਟਲੈਂਡ ਦੇ ਵਿਗਿਆਨੀਆਂ ਨੇ ਹੁਣ ਨਵੀਂ ਖੋਜ ਰਾਹੀਂ ਸਮੁੰਦਰ ਵਿੱਚ ਪੱਥਰਾਂ ਵੱਲੋਂ ਆਕਸੀਜਨ ਗੈਸ ਪੈਦਾ ਕੀਤੇ ਜਾਣ ਦਾ ਪਤਾ ਲਗਾਇਆ ਹੈ। ਸਮੁੰਦਰੀ ਵਿਗਿਆਨ ਨਾਲ ਜੁੜੇ ਸਕਾਟਲੈਂਡ ਦੇ ਵਿਗਿਆਨੀ ਐਂਡਰੀਊ ਸਵੀਟਮੈਨ ਅਤੇ ਉਸ ਦੇ ਸਾਥੀਆਂ ਨੇ ਇੱਕ ਅਜਿਹੀ ਚਮਤਕਾਰੀ ਘਟਨਾ ਦੀ ਖੋਜ ਕੀਤੀ ਹੈ, ਜੋ ਦਾਅਵਾ ਕਰਦੀ ਹੈ ਕਿ ਸਮੁੰਦਰ ਦੇ ਅੰਦਰ ਕਰੀਬ ਤੇਰਾਂ ਹਜ਼ਾਰ ਫੁੱਟ ਦੀ ਡੂੰਘਾਈ ਤੇ ਆਕਸੀਜਨ ਪੈਦਾ ਹੋ ਰਹੀ ਹੈ। ਇਸ ਲਈ ਇਸ ਆਕਸੀਜਨ ਨੂੰ ਸਮੁੰਦਰੀ ਆਕਸੀਜਨ ਆਖਿਆ ਜਾਂਦਾ ਹੈ।

ਨਵੀਂ ਖੋਜ ਦੱਸਦੀ ਹੈ ਕਿ ਪ੍ਰਸ਼ਾਂਤ ਮਹਾਂਸਾਗਰ ਦੇ ਹੇਠਾਂ ਆਕਸੀਜਨ ਉਸ ਜਗ੍ਹਾ 'ਤੇ ਪੈਦਾ ਹੋ ਰਹੀ ਹੈ, ਜਿੱਥੇ ਸੂਰਜ ਦੀ ਰੋਸ਼ਨੀ ਬਿਲਕੁਲ ਨਹੀਂ ਪਹੁੰਚ ਰਹੀ ਅਤੇ ਇਹ ਆਕਸੀਜਨ ਹਨੇਰੇ ਵਾਲੀ ਥਾਂ 'ਤੇ ਹੀ ਪੈਦਾ ਹੋ ਰਹੀ ਹੈ। ਇਸੇ ਲਈ ਇਸ ਸਮੁੰਦਰੀ ਆਕਸੀਜਨ ਨੂੰ ਡਾਰਕ ਆਕਸੀਜਨ ਦਾ ਵੀ ਨਾਂ ਦਿੱਤਾ ਗਿਆ ਹੈ। ਪ੍ਰਸ਼ਾਂਤ ਮਹਾਂਸਾਗਰ ਦਾ ਖੇਤਰ, ਜਿੱਥੇ ਇਹ ਕ੍ਰਿਆ ਚਲ ਰਹੀ ਹੈ, ਦੀ ਡੂੰਘਾਈ ਧਰਤੀ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਦੀ ਉੱਚਾਈ ਤੋਂ ਅੱਧੀ ਦੇ ਬਰਾਬਰ ਹੈ।

**ਘੱਟ ਰਹੇ ਰੁੱਖਾਂ ਦਾ ਬਦਲ ਹੈ ਸਮੁੰਦਰੀ ਆਕਸੀਜਨ:** ਨਵੀਂ ਖੋਜ ਨੇ ਦੁਨੀਆਂ ਦੇ ਵਿਗਿਆਨੀਆਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਸਾਡੇ ਗ੍ਰਹਿ ਧਰਤੀ ਉੱਤੇ ਆਕਸੀਜਨ ਪ੍ਰਾਪਤ ਕਰਨ ਦੇ ਰੁੱਖਾਂ ਤੋਂ ਇਲਾਵਾ ਹੋਰ ਵੀ ਸਾਧਨ ਹਨ। ਹੁਣ ਇਸ ਦੇ ਨਾਲ ਹੀ ਆਕਸੀਜਨ ਦੇ ਬਦਲਵੇਂ ਸ੍ਰੋਤ ਲੱਭਣ ਦੀ ਸ਼ੁਰੂਆਤ ਵੀ ਹੋ ਗਈ ਹੈ; ਜਿਵੇਂ ਕਿ ਸੰਸਾਰ ਭਰ ਵਿੱਚ ਰੁੱਖਾਂ ਦੀ ਗਿਣਤੀ ਲਗਾਤਾਰ ਘੱਟਦੀ ਜਾ ਰਹੀ ਹੈ ਅਤੇ ਦੁਨੀਆ ਦੇ ਸਭ ਤੋਂ ਵੱਡੇ ਜੰਗਲ ਐਮਾਜ਼ਾਨ ਸਮੇਤ ਕੁੱਲ ਦੁਨੀਆ ਦੇ ਜੰਗਲਾਂ ਨੂੰ ਮਨੁੱਖ ਆਪਣੇ ਨਿੱਜੀ ਸੁਆਰਥਾਂ ਲਈ ਕੱਟੀ ਜਾ ਰਿਹੈ। ਇਸੇ ਤਰ੍ਹਾਂ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਵਿੱਚ ਵੀ ਦਰਖ਼ਤਾਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ, ਉਸ ਨੂੰ ਵੇਖਦਿਆਂ ਜੀਵਾਂ ਦੀ ਸਾਹ ਕ੍ਰਿਆ ਲਈ ਲੋੜੀਂਦੀ ਆਕਸੀਜਨ ਵੀ ਘਟੀ ਜਾ ਰਹੀ ਹੈ। ਅਜਿਹੇ ਵਿੱਚ ਆਕਸੀਜਨ ਦੀ ਨਵੀਂ ਖੋਜ ਧਰਤੀ ਦੇ ਸਮੂਹ ਪ੍ਰਾਣੀਆਂ ਲਈ ਇੱਕ ਨਵੀਂ ਸਵੇਰ ਦਾ ਸਨੇਹਾ ਲੈ ਕੇ ਆਈ ਹੈ।

**ਸਮੁੰਦਰੀ ਆਕਸੀਜਨ ਦਾ ਸ੍ਰੋਤ:** ਜ਼ਿਕਰਯੋਗ ਹੈ ਕਿ ਧਰਤੀ ਉੱਤੇ ਮਿਲਦੀ ਆਕਸੀਜਨ ਦਾ ਕਰੀਬ ਅੱਧਾ ਹਿੱਸਾ ਸਮੁੰਦਰਾਂ ਤੋਂ ਹੀ ਪ੍ਰਾਪਤ ਹੁੰਦਾ ਹੈ। ਵਿਗਿਆਨੀ ਪਹਿਲਾਂ ਸਮੁੰਦਰਾਂ ਵਿਚਲੇ ਪੌਦਿਆਂ ਨੂੰ ਹੀ ਸਮੁੰਦਰੀ ਆਕਸੀਜਨ ਦਾ ਸ੍ਰੋਤ ਮਨ ਰਹੇ ਸਨ, ਪਰ ਸਵੀਟਮੈਨ ਦੀ ਖੋਜ ਨੇ ਸਿੱਧ ਕੀਤਾ ਹੈ ਕਿ ਸਮੁੰਦਰਾਂ ਤੋਂ ਆਉਂਦੀ ਆਕਸੀਜਨ ਦਾ ਸ੍ਰੋਤ ਉੱਥੋਂ ਦੇ ਬੂਟੇ ਨਹੀਂ, ਸਗੋਂ ਉੱਥੇ ਪਏ ਹੋਏ ਬਹੁਧਾਤਵੀ (ਬਹੁਤੀਆਂ ਧਾਤਾਂ ਤੋਂ ਬਣੇ ਪੱਥਰ) ਪੱਥਰ ਹਨ। ਪ੍ਰਸ਼ਾਂਤ ਮਹਾਂਸਾਗਰ ਦੇ 13,100 ਫੁੱਟ ਦੀ ਡੂੰਘਾਈ 'ਤੇ ਪਏ ਹੋਏ ਇਹ ਬਹੁਧਾਤਵੀ ਪੱਥਰ ਮੈਗਨੀਜ਼, ਕੋਬਾਲਟ, ਤਾਂਬਾ, ਲੀਥੀਅਮ ਅਤੇ ਨਿੱਕਲ ਆਦਿ ਧਾਤੂਆਂ ਦੇ ਬਣੇ ਹੋਏ ਹਨ। ਇਹ ਉਹੀ ਧਾਤੂਆਂ ਹਨ, ਜਿਹੜੀਆਂ ਮੋਬਾਇਲਾਂ ਦੀ ਟੱਚ ਸਕਰੀਨ, ਚਾਰਜ ਕਰਨਯੋਗ ਬੈਟਰੀਆਂ ਅਤੇ ਸੋਲਰ ਪੈਨਲ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ। ਵਿਗਿਆਨੀਆਂ ਵੱਲੋਂ ਇਨ੍ਹਾਂ ਪੱਥਰਾਂ ਨੂੰ ਬਾਹਰ ਕੱਢ ਕੇ ਅਤੇ ਲੈਬਾਰਟਰੀ ਵਿਚ ਤਜਰਬੇ ਕਰਨ ਤੋਂ ਬਾਅਦ ਇਹ ਪਤਾ ਲਗਾਇਆ ਗਿਆ ਹੈ ਕਿ ਇਨ੍ਹਾਂ ਵਿੱਚ ਬਿਜਲੀ ਦਾ ਕਰੰਟ ਮੌਜੂਦ ਹੁੰਦਾ ਹੈ। ਇੱਕ ਆਲੂ ਦੇ ਆਕਾਰ ਦਾ ਅਜਿਹਾ ਪੱਥਰ 0.95 ਵੋਲਟ ਬਿਜਲੀ ਪੈਦਾ ਕਰ ਸਕਦਾ ਹੈ। ਇਨ੍ਹਾਂ ਪੱਥਰਾਂ ਨੂੰ ਵਧੇਰੇ ਗਿਣਤੀ ਵਿੱਚ ਜੋੜ ਕੇ ਵੱਡੀ ਮਾਤਰਾ ਵਿੱਚ ਵੀ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ।





ਸਮੁੰਦਰੀ ਵਿਗਿਆਨ ਨਾਲ ਜੁੜੇ ਸਕਾਟਲੈਂਡ ਦੇ ਵਿਗਿਆਨੀ ਐਂਡਰੀਊ ਸਵੀਟਮੈਨ

ਵਿਗਿਆਨੀਆਂ ਨੇ ਪਾਣੀ ਹੇਠਲੇ ਬਹੁਧਾਤਵੀ ਪੱਥਰਾਂ ਨੂੰ ਭੂ-ਬੈਟਰੀਆਂ ਜਾਂ ਕੁਦਰਤੀ ਬੈਟਰੀਆਂ ਦਾ ਨਾਂ ਦਿੱਤਾ ਹੈ। ਇਹ ਪੱਥਰ ਸਮੁੰਦਰੀ ਪਾਣੀ ਨੂੰ ਬਿਜਲਈ ਵਿਧੀ ਨਾਲ ਤੋੜ ਕੇ ਹਾਈਡਰੋਜਨ ਅਤੇ ਆਕਸੀਜਨ ਗੈਸਾਂ ਪੈਦਾ ਕਰਦੇ ਹਨ। ਇਹੀ ਪੈਦਾ ਹੋਈ ਆਕਸੀਜਨ ਗੈਸ ਸਮੁੰਦਰੀ ਆਕਸੀਜਨ ਦਾ ਸ੍ਰੋਤ ਹੈ। ਇਨ੍ਹਾਂ ਖੋਜਾਂ ਰਾਹੀਂ ਉਕਤ ਵਿਗਿਆਨੀਆਂ ਨੇ ਇਹ ਸਬੂਤ ਦੇ ਦਿੱਤੇ ਹਨ ਕਿ ਸਾਡੇ ਗ੍ਰਹਿ ਉੱਤੇ ਪ੍ਰਕਾਸ਼ ਸੰਸਲੇਸ਼ਣ ਤੋਂ ਇਲਾਵਾ ਆਕਸੀਜਨ ਪ੍ਰਾਪਤੀ ਦੇ ਹੋਰ ਵੀ ਸਾਧਨ ਹਨ। ਵਿਗਿਆਨੀਆਂ ਵੱਲੋਂ ਕੁਦਰਤੀ ਭੂ-ਵਿਗਿਆਨ ਨਾਂ ਦੇ ਇੱਕ ਰਸਾਲੇ ਵਿੱਚ ਛਪੇ ਇੱਕ ਲੇਖ ਵਿੱਚ ਦੱਸਿਆ ਗਿਆ ਹੈ ਕਿ ਮੈਕਸੀਕੋ ਅਤੇ ਅਮਰੀਕਾ ਦੇ ਹਵਾਈ ਪ੍ਰਾਂਤ ਵਿਚਾਲੇ ਪ੍ਰਸ਼ਾਂਤ ਮਹਾਂਸਾਗਰ ਦਾ ਜੋ ਹਿੱਸਾ ਹੈ, ਉਸ ਦੇ 45 ਲੱਖ ਵਰਗ ਕਿਲੋਮੀਟਰ ਖੇਤਰ ਵਿਚ ਬਹੁਧਾਤਵੀ ਪੱਥਰ ਮੌਜੂਦ ਹਨ। ਇਹ ਪੱਥਰ ਪਿਛਲੇ ਲੰਮੇ ਸਮੇਂ ਤੋਂ ਆਕਸੀਜਨ ਗੈਸ ਪੈਦਾ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਹ ਵਿਗਿਆਨੀ ਪਿਛਲੇ ਦਸ ਸਾਲਾਂ ਤੋਂ ਸਮੁੰਦਰੀ ਤਲ ਉੱਤੇ ਵੱਖ-ਵੱਖ ਖੋਜਾਂ ਕਰ ਰਹੇ ਸਨ। ਇਹ ਸਮਝਣ ਦੀ ਲੋੜ ਹੈ ਕਿ ਅਸੀਂ ਜਿਵੇਂ-ਜਿਵੇਂ ਸਮੁੰਦਰ ਦੀ ਡੂੰਘਾਈ ਵਿੱਚ ਜਾਈ ਜਾਂਦੇ ਹਾਂ ਤਾਂ ਆਮ ਤੌਰ 'ਤੇ ਆਕਸੀਜਨ ਦੀ ਮਾਤਰਾ ਘਟੀ ਜਾਂਦੀ ਹੈ; ਪਰ ਸਵੀਟਮੈਨ ਦੀ ਟੀਮ ਨੂੰ ਇਸ ਗੱਲ ਦੀ ਹੈਰਾਨੀ ਹੋਈ ਸੀ ਕਿ ਜਿਵੇਂ-ਜਿਵੇਂ ਉਹ ਪ੍ਰਸ਼ਾਂਤ ਮਹਾਂਸਾਗਰ ਦੇ ਹੇਠਾਂ ਜਾਂਦੇ ਸਨ ਤਾਂ ਉਨ੍ਹਾਂ ਨੂੰ ਆਕਸੀਜਨ ਦੀ ਮਾਤਰਾ ਵਧਦੀ ਮਹਿਸੂਸ ਹੋਣੀ ਸ਼ੁਰੂ ਹੋ ਜਾਂਦੀ ਸੀ। ਇਸੇ ਤੋਂ ਹੀ ਉਨ੍ਹਾਂ ਨੂੰ ਸਮੁੰਦਰੀ ਆਕਸੀਜਨ ਦੀ ਖੋਜ ਕਰਨ ਵਿੱਚ ਮਦਦ ਮਿਲੀ ਸੀ।

**ਪ੍ਰਦੂਸ਼ਣ-ਰਹਿਤ ਹੈ ਸਮੁੰਦਰੀ ਆਕਸੀਜਨ:** ਜ਼ਿਕਰਯੋਗ ਹੈ ਕਿ ਵਿਗਿਆਨੀ ਪਿਛਲੇ ਲੰਮੇ ਸਮੇਂ ਤੋਂ ਅਜਿਹੀ ਆਕਸੀਜਨ ਲੱਭਣ ਦੀ ਭਾਲ ਵਿੱਚ ਸਨ, ਜਿਸ ਨੂੰ ਪੈਦਾ ਕਰਨ ਦੌਰਾਨ ਕੋਈ ਪ੍ਰਦੂਸ਼ਣ ਪੈਦਾ ਨਾ ਹੁੰਦਾ ਹੋਵੇ। ਅਜਿਹੀ ਆਕਸੀਜਨ, ਜਿਸ ਨੂੰ ਪੈਦਾ ਕਰਨ ਵਿਚ ਸਾਡਾ ਆਲਾ-ਦੁਆਲਾ ਪ੍ਰਦੂਸ਼ਿਤ ਨਹੀਂ ਹੁੰਦਾ, ਉਸ ਨੂੰ ਹਰੀ ਆਕਸੀਜਨ ਦਾ ਨਾਂ ਦਿੱਤਾ ਜਾਂਦਾ ਹੈ। ਸਵੀਟਮੈਨ ਅਤੇ ਉਸ ਦੇ ਸਾਥੀਆਂ ਵੱਲੋਂ ਕੀਤੀ ਇਸ ਖੋਜ ਨੇ ਪ੍ਰਦੂਸ਼ਣ-ਰਹਿਤ ਆਕਸੀਜਨ ਲਈ ਨਵੇਂ ਰਾਹ ਖੋਲ੍ਹ ਦਿੱਤੇ ਹਨ; ਭਾਵ ਸਮੁੰਦਰਾਂ ਤੋਂ ਮਿਲਦੇ ਇਨ੍ਹਾਂ ਪੱਥਰਾਂ ਦੀ ਮਦਦ ਨਾਲ ਆਕਸੀਜਨ ਤਿਆਰ ਕੀਤੀ ਜਾ ਸਕੇਗੀ, ਉਹ ਵੀ ਬਿਨਾਂ ਕਿਸੇ ਕਿਸਮ ਦੇ ਵਾਤਾਵਰਨੀ ਪ੍ਰਦੂਸ਼ਣ ਤੋਂ।

**ਨਵੀਂ ਖੋਜ ਨਾਲ ਕਈ ਸਵਾਲਾਂ ਦੇ ਜਵਾਬ ਦੇਣਾ ਹੋਇਆ ਸੌਖਾ:** ਪਿਛਲੇ ਲੰਮੇ ਸਮੇਂ ਤੋਂ ਜੋ ਕੁਝ ਸਵਾਲ ਵਿਗਿਆਨੀਆਂ ਲਈ ਰਹੱਸ ਹੀ ਬਣੇ ਹੋਏ ਸਨ, ਮੌਜੂਦਾ ਖੋਜ ਨੇ ਉਨ੍ਹਾਂ ਦੇ ਜਵਾਬ ਦੇਣੇ ਸੌਖੇ ਕਰ ਦਿੱਤੇ ਹਨ; ਜਿਵੇਂ ਕਿ ਧਰਤੀ ਉੱਤੇ ਸਭ ਤੋਂ ਪਹਿਲੇ ਜੀਵ ਦੇ ਪੈਦਾ ਹੋਣ ਦਾ ਵਿਸ਼ਾ ਲੰਮੇ ਸਮੇਂ ਤੋਂ ਦੁਨੀਆ ਭਰ ਦੇ ਵਿਗਿਆਨੀਆਂ ਲਈ ਬਹਿਸ ਦਾ ਵਿਸ਼ਾ ਬਣਿਆ ਹੋਇਆ ਸੀ। ਸਮੁੰਦਰ 'ਚ ਮਿਲੀ ਆਕਸੀਜਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਧਰਤੀ ਗ੍ਰਹਿ ਉੱਤੇ ਸਭ ਤੋਂ ਪਹਿਲੇ ਜੀਵ ਦੀ ਸ਼ੁਰੂਆਤ ਸਮੁੰਦਰ ਵਿੱਚ ਹੀ ਹੋਈ ਹੋਏਗੀ।

ਇਸੇ ਤਰ੍ਹਾਂ ਇਸ ਗੱਲ 'ਤੇ ਵੀ ਵਾਦ-ਵਿਵਾਦ ਚੱਲਦਾ ਰਿਹਾ ਸੀ ਕਿ ਕੀ ਪਹਿਲੇ-ਪਹਿਲ ਦੇ ਜੀਵਾਂ ਦੇ ਜਿਊਂਦੇ ਰਹਿਣ ਲਈ ਆਕਸੀਜਨ ਜ਼ਰੂਰੀ ਸੀ ਜਾਂ ਫਿਰ ਉਹ ਜੀਵ ਆਕਸੀਜਨ ਤੋਂ ਬਗੈਰ ਹੀ ਜਿਊਂਦੇ ਰਹਿਣ ਦੇ ਯੋਗ ਸਨ? ਹੁਣ ਇਸ ਦਾ ਜਵਾਬ ਦਿੱਤਾ ਜਾ ਸਕਦਾ ਹੈ ਕਿ ਉਨ੍ਹਾਂ ਜੀਵਾਂ ਕੋਲ ਜਿਊਂਦੇ ਰਹਿਣ ਲਈ ਆਕਸੀਜਨ ਮੌਜੂਦ ਸੀ, ਇਸ ਕਰਕੇ ਇਸ ਦੇ ਸਹਾਰੇ ਹੀ ਉਹ ਜਿਊਂਦੇ ਰਹੇ ਹੋਣਗੇ।

ਪਹਿਲਾਂ ਇਹ ਪ੍ਰਸ਼ਨ ਕੀਤਾ ਜਾਂਦਾ ਸੀ ਕਿ ਕੀ ਧਰਤੀ ਉੱਤੇ ਆਕਸੀਜਨ ਨਾਲ ਸਾਹ ਲੈਣ ਵਾਲੇ ਜੀਵ-ਜੰਤੂ ਰੁੱਖਾਂ ਦੇ ਪੈਦਾ ਹੋਣ ਤੋਂ ਬਾਅਦ ਵਿੱਚ ਹੋਂਦ ਵਿੱਚ ਆਏ ਸਨ ਜਾਂ ਉਹ ਰੁੱਖਾਂ ਤੋਂ ਪਹਿਲਾਂ ਵੀ ਧਰਤੀ ਗ੍ਰਹਿ ਉੱਤੇ ਮੌਜੂਦ ਸਨ? ਹੁਣ ਇਸ ਦਾ ਜਵਾਬ ਦਿੱਤਾ ਜਾ ਸਕਦਾ ਹੈ, ਭਾਵ ਸਮੁੰਦਰ ਵਿਚਲੀ ਆਕਸੀਜਨ ਜੰਤੂਆਂ ਲਈ ਮੌਜੂਦ ਸੀ, ਇਸ ਲਈ ਜੀਵ-ਜੰਤੂਆਂ ਦਾ ਜਨਮ ਰੁੱਖਾਂ ਤੋਂ ਪਹਿਲਾਂ ਵੀ ਸੰਭਵ ਹੋ ਸਕਦਾ ਹੈ।

# ਪੌਣਾਂ ਦੇ ਰੁਕਣ ਨਾਲ ਦਿਸ਼ਾਵਾਂ ਨਹੀਂ ਬਦਲਦੀਆਂ

ਤਰਜ਼-ਏ-ਜ਼ਿੰਦਗੀ

**ਡਾ. ਅਰਵਿੰਦਰ ਸਿੰਘ ਭੱਲਾ**
ਫੋਨ: +91-9463062603



ਗੁਰੂਦੇਵ ਨੇ ਆਪਣੇ ਸ਼ਿਸ਼ ਨੂੰ ਫ਼ੁਰਮਾਇਆ ਕਿ ਜ਼ਿੰਦਗੀ ਦੇ ਸਫ਼ਰ ਦੌਰਾਨ ਅਨੇਕਾਂ ਮੌਕਿਆਂ ਉੱਪਰ ਜਦੋਂ ਮਨੁੱਖ ਨੂੰ ਕਿਸੇ ਪ੍ਰਕਾਰ ਦੀ ਨਾਪਸੰਦੀਦਾ ਖੜੋਤ ਜਾਂ ਨਾਗਵਾਰ ਠਹਿਰਾਅ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਅਕਸਰ ਬੇਜ਼ਾਰ ਹੋ ਜਾਂਦਾ ਹੈ। ਜ਼ਿੰਦਗੀ ਦੇ ਹਰ ਲਮਹੇ ਨੂੰ ਰਚਨਾਤਮਿਕ ਢੰਗ ਨਾਲ ਜਿਉਣ ਦੀ ਖਾਹਿਸ਼ ਰੱਖਣ ਵਾਲੇ ਲੋਕ ਹਰ ਪਲ ਜ਼ਿੰਦਗੀ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦਾ ਉਸਾਰੂ ਰੋਮਾਂਚ ਚਾਹੁੰਦੇ ਹਨ। ਅਜਿਹੇ ਲੋਕ ਕਿਸੇ ਵੀ ਤਰ੍ਹਾਂ ਦੀ ਖੜੋਤ ਨੂੰ ਆਪਣੇ ਰਾਹਾਂ ਦੀ ਅੜਚਣ ਮੰਨਦੇ ਹਨ। ਇਸ ਤਰ੍ਹਾਂ ਦੇ ਲੋਕ ਹਰ ਪਲ ਨੂੰ ਭਰਪੂਰ ਢੰਗ ਨਾਲ ਜਿਉਣ ਵਿੱਚ ਵਿਸ਼ਵਾਸ ਰੱਖਦੇ ਹਨ। ਜ਼ਿੰਦਗੀ ਵਿੱਚ ਰੋਮਾਂਚ ਦੀ ਭਾਲ ਕਰਨ ਵਾਲਿਆਂ ਲਈ ਖੜੋਤ ਇੱਕ ਤਰ੍ਹਾਂ ਨਾਲ ਤਿਲ-ਤਿਲ ਕਰਕੇ ਮਰਨ ਸਮਾਨ ਹੁੰਦੀ ਹੈ। ਭਾਵੇਂ ਕਿ ਹਰ ਇੱਕ ਮਨੁੱਖ ਲਈ ਰੋਮਾਂਚ ਦੀ ਵੀ ਅਲੱਗ-ਅਲੱਗ ਪਰਿਭਾਸ਼ਾ ਹੁੰਦੀ ਹੈ, ਪਰ ਅਜਿਹੀ ਬਿਰਤੀ ਰੱਖਣ ਵਾਲਿਆਂ ਵਿੱਚ ਇੱਕ ਗੱਲ ਸਮਾਨ ਹੁੰਦੀ ਹੈ ਕਿ ਇਹ ਲੋਕ ਬਹੁਤੀ ਦੇਰ ਤੱਕ ਹੱਥ ਉੱਤੇ ਹੱਥ ਰੱਖ ਕੇ ਜਾਂ ਅਵੇਸਲੇ ਰੂਪ ਵਿੱਚ ਰਹਿਣਾ ਹਰਗਿਜ਼ ਪਸੰਦ ਨਹੀਂ ਕਰਦੇ ਹਨ। ਜ਼ਿੰਦਗੀ ਨੂੰ ਇੱਕ ਦਾਤ ਜਾਂ ਅਵਸਰ ਸਮਝਣ ਵਾਲੇ ਇਹ ਲੋਕ ਹਰ ਪਲ ਕੁਝ ਨਵਾਂ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਆਪਣੇ ਆਸ-ਪਾਸ ਦੇ ਲੋਕਾਂ ਤੋਂ ਨਿੱਤ ਨਵਾਂ ਕੁਝ ਸਿੱਖ ਕੇ ਜਾਂ ਰੋਜ਼ਮੱਰ੍ਹਾ ਦੀ ਜ਼ਿੰਦਗੀ ਦੇ ਚੰਗੇ-ਮਾੜੇ ਤਜਰਬਿਆਂ ਤੋਂ ਸੇਧ ਲੈ ਕੇ ਬਾਮਕਸਦ ਜ਼ਿੰਦਗੀ ਬਤੀਤ ਕਰਨਾ ਹੀ ਸਿਰਜਣਾਤਮਕ ਬਿਰਤੀ ਰੱਖਣ ਵਾਲੇ ਲੋਕਾਂ ਦੀ ਜ਼ਿੰਦਗੀ ਦਾ ਅਸਲ ਮਕਸਦ ਹੁੰਦਾ ਹੈ। ਸੁਸਤ ਰਫ਼ਤਾਰ ਜ਼ਿੰਦਗੀ ਅਜਿਹੇ ਲੋਕਾਂ ਨੂੰ ਬਹੁਤ ਜਲਦੀ ਉਪਰਾਮਤਾ ਵੱਲ ਧਕੇਲ ਦਿੰਦੀ ਹੈ। ਹਰ ਅਵਸਰ ਜਾਂ ਹਰ ਵਿਕਲਪ ਨੂੰ ਸੰਭਾਵਨਾ ਵਿੱਚ ਪਰਿਵਰਤਿਤ ਕਰਕੇ ਉਸ ਦਾ ਵੱਧ ਤੋਂ ਵੱਧ ਲਾਭ ਉਠਾਉਣ ਵਿੱਚ ਵੀ ਅਜਿਹੇ ਲੋਕ ਕਦੇ ਦੇਰ ਨਹੀਂ ਕਰਦੇ।

ਗੁਰੂਦੇਵ ਨੇ ਆਪਣੇ ਸ਼ਿਸ਼ ਨੂੰ ਇਸ ਗੱਲ ਦੀ ਤਲਕੀਨ ਕੀਤੀ ਕਿ ਜਦੋਂ ਕਦੇ ਤੁਹਾਨੂੰ ਖੜੋਤ ਦਾ ਸ਼ਿਕਾਰ ਹੋਣਾ ਪਵੇ ਤਾਂ ਪੂਰੀ ਕੁੱਵਤ ਦਾ ਇਸਤੇਮਾਲ ਕਰਦੇ ਹੋਏ ਆਪਣੀ ਜ਼ਿੰਦਗੀ ਨੂੰ ਇੱਕ ਅਜਿਹਾ ਸਕਾਰਾਤਮਕ ਮੋੜ ਦੇਣ ਦਾ ਯਤਨ ਕਰੋ ਕਿ ਉਸ ਖੜੋਤ ਨੂੰ ਤੁਸੀਂ ਪਿਛਾਂਹ ਛੱਡ ਕੇ ਆਪਣੀ ਜ਼ਿੰਦਗੀ ਦੀ ਰਫ਼ਤਾਰ ਅਤੇ ਰਵਾਨਗੀ ਨੂੰ ਹਰ ਹੀਲੇ ਬਰਕਰਾਰ ਰੱਖਣ ਵਿੱਚ ਕਾਮਯਾਬ ਹੋ ਸਕੋ। ਬੇਸ਼ੱਕ ਇਨਸਾਨ ਨਿੱਤ ਨਵੀਆਂ ਮੰਜ਼ਿਲਾਂ ਸਰ ਕਰ ਕੇ ਵੀ ਹੰਭ ਜਾਂਦਾ ਹੈ, ਬੇਸ਼ੱਕ ਹਰ ਰੋਜ਼ ਆਪਣੇ ਜ਼ਿੰਦਾ ਹੋਣ ਦਾ ਸਬੂਤ ਦਿੰਦੇ-ਦਿੰਦੇ ਵੀ ਉਹ ਉਕਤਾ ਜਾਂਦਾ ਹੈ, ਬੇਸ਼ੱਕ ਜ਼ਿੰਦਗੀ ਵਿੱਚ ਕਿਸੇ ਕਿਸੇ ਮੋੜ ਉੱਤੇ ਤਾਜ਼ਾ ਦਮ ਹੋ ਕੇ ਸਫ਼ਰ ਵੀ ਆਰੰਭ ਕਰਨਾ ਪੈਂਦਾ ਹੈ ਅਤੇ ਬੇਸ਼ੱਕ ਨਿੱਤ ਨਵੇਂ ਹਦਫ਼ ਮਨੁੱਖ ਦੇ ਹੌਸਲਿਆਂ ਨੂੰ ਵੀ ਪਰਖਦੇ ਹਨ, ਪਰ ਇਸ ਸਭ ਦੇ ਬਾਵਜੂਦ ਜ਼ਿੰਦਗੀ ਵਿੱਚ ਸ਼ਾਹਸਵਾਰ, ਸੁਪਨਸਾਜ਼ ਅਤੇ ਕਰਮਯੋਗੀ ਬਣਨ ਲਈ ਮਨੁੱਖ ਨੂੰ ਹਰ ਪੜਾਅ ਉੱਤੇ ਆਪਣੇ ਖ਼ਵਾਬਾਂ ਦੀ ਤਾਬੀਰ ਦੀ ਕੀਮਤ ਚੁਕਾਉਣੀ ਪੈਂਦੀ ਹੈ। ਜੋ ਲੋਕ ਜ਼ਿੰਦਗੀ ਵਿੱਚ ਕਿਸੇ ਮੁਕਾਮ ਉੱਤੇ ਖੜੋਤ ਅੱਗੇ ਗੋਡੇ ਟੇਕ ਦਿੰਦੇ ਹਨ, ਉਹ ਨਾ ਤਾਂ ਕਦੇ ਆਪਣੀ ਜ਼ਿੰਦਗੀ ਵਿੱਚ ਕਿਸੇ ਮੁਹਾਜ਼ ਉਤੇ ਫ਼ਤਿਹ ਦਾ ਪਰਚਮ ਲਹਿਰਾਉਣ ਵਿੱਚ ਸਫ਼ਲ ਹੁੰਦੇ ਹਨ ਅਤੇ ਨਾ ਹੀ ਜ਼ਮਾਨਾ ਉਨ੍ਹਾਂ ਉੱਪਰ ਕਿਸੇ ਤਰ੍ਹਾਂ ਦਾ ਫ਼ਖ਼ਰ ਕਰਦਾ ਹੈ। ਗੁਰੂਦੇਵ ਨੇ ਕਿਹਾ ਕਿ ਆਪਣੀ ਹਰ ਸਵੇਰ ਨਾਲ ਹਰ ਰੋਜ਼ ਇਹ ਅਹਿਦ ਕਰੋ ਕਿ ਤੁਸੀਂ ਗੁਜ਼ਰੇ ਕੱਲ੍ਹ ਤੋਂ ਅੱਜ ਕੁਝ ਨਵਾਂ ਅਤੇ ਕੁਝ ਬਿਹਤਰ ਕਰੋਗੇ ਅਤੇ ਜਦੋਂ ਤੁਸੀਂ ਰਾਤ ਦੀ ਆਗੋਸ਼ ਵਿੱਚ ਜਾਓ ਤਾਂ ਤੁਹਾਨੂੰ ਇਹ ਹਿਰਖ ਨਾ ਹੋਵੇ ਕਿ ਤੁਹਾਡੀ ਜ਼ਿੰਦਗੀ ਦਾ ਇੱਕ ਬੇਸ਼ਕੀਮਤੀ ਦਿਨ ਅਜਾਈਂ ਹੀ ਗੁਜ਼ਰ ਗਿਆ ਹੈ। ਤੁਸੀਂ ਆਪਣੇ ਅੰਦਰ ਸਮੋਈ ਹੋਈ ਤਾਕਤ ਨੂੰ ਪਛਾਣਨ ਦਾ ਯਤਨ ਕਰੋ, ਆਪਣੇ ਜੀਵਨ ਦਾ ਟੀਚਾ ਨਿਰਧਾਰਤ ਕਰੋ ਅਤੇ ਹਰ ਲਮਹਾ ਆਪਣੇ ਮਕਸਦ ਪ੍ਰਤੀ ਸਮਰਪਿਤ ਰਹਿੰਦੇ ਹੋਏ ਇਹ ਇਹ ਕਲਪਨਾ ਵੀ ਕਰੋ ਕਿ ਮੰਜ਼ਿਲ ਤੁਹਾਡੇ ਬੇਹੱਦ ਕਰੀਬ ਹੈ ਤੇ ਮੰਜ਼ਿਲ ਉਤੇ ਪਹੁੰਚੇ ਬਿਨਾ ਤੁਹਾਡੀ ਜ਼ਿੰਦਗੀ ਅਤੇ ਤੁਹਾਡੇ ਸਾਰੇ ਖ਼ਵਾਬ ਨਾਮੁਕੰਮਲ ਹਨ।

ਗੁਰੂਦੇਵ ਨੇ ਇਹ ਵੀ ਫ਼ੁਰਮਾਇਆ ਕਿ ਜ਼ਿੰਦਗੀ ਤਵੀਲ ਨਹੀਂ, ਸਗੋਂ ਬਾਮਕਸਦ ਹੋਣੀ ਚਾਹੀਦੀ ਹੈ। ਜ਼ਿੰਦਗੀ ਵਿੱਚ ਹਰ ਪੜਾਅ ਉੱਤੇ ਪਹੁੰਚ ਕੇ ਤੁਹਾਡੇ ਤਜਰਬਿਆਂ ਦੇ ਜ਼ਖੀਰੇ ਵਿੱਚ ਵਾਧਾ ਹੋਣਾ ਲਾਜ਼ਮੀ ਹੈ। ਆਪਣੀਆਂ ਖ਼ਾਮੀਆਂ, ਕਮੀਆਂ-ਪੇਸ਼ੀਆਂ, ਰਾਹ ਦੀਆਂ ਅੜਚਨਾਂ ਜਾਂ ਆਪਣੀਆਂ ਸੀਮਾਵਾਂ ਦੀ ਤਖ਼ਤੀ ਨੂੰ ਗਲੋਂ ਉਤਾਰ ਕੇ ਹਰ ਲਮਹਾ ਇੱਕ ਨਵੀਂ ਸ਼ੁਰੂਆਤ ਕਰਨ ਲਈ ਯਤਨਸ਼ੀਲ ਰਹੋ। ਇੱਕ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰੋ ਕਿ ਰਫ਼ਤਾ-ਰਫ਼ਤਾ ਤੁਸੀਂ ਆਪਣੇ ਅੰਤ ਵੱਲ ਵਧ ਰਹੇ ਹੋ ਅਤੇ ਕਦ ਤੁਹਾਡੇ ਸਾਹਾਂ ਦਾ ਪੰਛੀ ਉਡਾਰੀ ਭਰ ਜਾਵੇ, ਇਸ ਦਾ ਵੀ ਤੁਹਾਨੂੰ ਕੋਈ ਗਿਆਨ ਨਹੀਂ, ਲਿਹਾਜ਼ਾ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਕੁਝ ਅਜਿਹਾ ਸਾਰਥਕ, ਸਕਾਰਾਤਮਕ ਅਤੇ ਸਿਰਜਣਾਤਮਕ ਜ਼ਰੂਰ ਕਰ ਗੁਜ਼ਰੋ ਕਿ ਤੁਹਾਨੂੰ ਆਪਣੇ ਆਖ਼ਰੀ ਪਲਾਂ ਵਿੱਚ ਜ਼ਿੰਦਗੀ ਨਾਲ ਕਿਸੇ ਤਰ੍ਹਾਂ ਦਾ ਕੋਈ ਗਿਲਾ ਸ਼ਿਕਵਾ ਜਾ ਪਛਤਾਵਾ ਨਾ ਹੋਵੇ। ਇਹ ਵੀ ਯਾਦ ਰਹੇ ਕਿ ਜ਼ਿੰਦਗੀ ਕੇਵਲ ਸਾਹਾਂ ਦੇ ਆਉਣ ਤੱਕ ਮਹਿਦੂਦ ਨਹੀਂ ਹੁੰਦੀ ਹੈ। ਤੁਸੀਂ ਘੱਟੋ ਘੱਟ ਅਜਿਹਾ ਕੁਝ ਜ਼ਰੂਰ ਕਰਨ ਦਾ ਯਤਨ ਕਰੋ ਕਿ ਇਸ ਕਾਇਨਾਤ ਵਿੱਚੋਂ ਕੂਚ ਕਰਨ ਮਗਰੋਂ ਵੀ ਆਪਣੇ ਨੇਕ ਅਤੇ ਉਸਾਰੂ ਅਮਲਾਂ ਕਾਰਨ ਤੁਸੀਂ ਲੋਕਾਂ ਲਈ ਰਾਹ ਦਸੇਰਾ ਬਣੇ ਰਹੋ। ਲੋਕ ਤੁਹਾਡੇ ਨਾਲ ਜੁੜੀਆਂ ਬੇਸ਼ੁਮਾਰ ਯਾਦਾਂ ਨੂੰ ਆਪਣੀ ਜ਼ਿੰਦਗੀ ਦਾ ਅਨਮੋਲ ਸਰਮਾਇਆ ਸਮਝਣ। ਤੁਹਾਡੀ ਗ਼ੈਰ-ਮੌਜੂਦਗੀ ਇੱਕ ਅਜਿਹਾ ਖਲਾਅ ਪੈਦਾ ਕਰੇ ਕਿ ਜਿਸ ਨੂੰ ਹਰ ਕੋਈ ਘੱਟੋ ਘੱਟ ਮਹਿਸੂਸ ਜ਼ਰੂਰ ਕਰੇ।

ਗੁਰੂਦੇਵ ਨੇ ਫ਼ੁਰਮਾਇਆ ਕਿ ਇਹ ਮਨੁੱਖਾ ਜੀਵਨ ਵਾਰ ਵਾਰ ਨਹੀਂ ਮਿਲਣਾ, ਲਿਹਾਜ਼ਾ ਇਸ ਅਵਸਰ ਦਾ ਪ੍ਰਯੋਗ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰੋ ਕਿ ਤੁਸੀਂ ਆਪਣੀਆਂ ਉਹ ਸਾਰੀਆਂ ਰੀਝਾਂ ਜ਼ਰੂਰ ਪੂਰੀਆਂ ਕਰ ਸਕੋ, ਜਿਸ ਨਾਲ ਤੁਹਾਨੂੰ ਆਪਣੇ ਬਾਮਕਸਦ ਜਿਉਣ ਉੱਤੇ ਨਾਜ਼ ਹੋਵੇ। ਕਦੇ ਵੀ ਜ਼ਿੰਦਗੀ ਵਿੱਚ ਖੜੋਤ ਤੋਂ ਘਬਰਾਉ ਨਾ, ਸਗੋਂ ਉਸ ਨੂੰ ਵੀ ਜ਼ਿੰਦਗੀ ਦਾ ਇੱਕ ਜ਼ਰੂਰੀ ਪੜਾਅ ਸਮਝੋ, ਕਿਉਂਕਿ ਅਜਿਹੇ ਪੜਾਅ ਉੱਤੇ ਵੀ ਤੁਹਾਨੂੰ ਆਪਣੀਆਂ ਬਿਖਰੀਆਂ ਹੋਈਆਂ ਸ਼ਕਤੀਆਂ ਨੂੰ ਇਕੱਠਿਆਂ ਕਰਨ ਦਾ ਵੱਡਮੁੱਲਾ ਮੌਕਾ ਪ੍ਰਾਪਤ ਹੁੰਦਾ ਹੈ। ਇਸ ਗੱਲ ਨੂੰ ਵੀ ਤੁਸੀਂ ਆਪਣੇ ਜ਼ਿਹਨ ਵਿੱਚ ਰੱਖੋ ਕਿ ਆਪਣੀ ਮੰਜ਼ਿਲ ਨੂੰ ਹਾਸਲ ਕਰਨ ਦੇ ਰਸਤੇ ਵਿੱਚ ਆਈ ਹਰ ਖੜੋਤ ਉਸ ਸਮੇਂ ਸਭ ਤੋਂ ਵੱਧ ਖ਼ਤਰਨਾਕ ਅਤੇ ਅਫ਼ਸੋਸਨਾਕ ਸਾਬਤ ਹੁੰਦੀ ਹੈ, ਜਦੋਂ ਤੁਸੀਂ ਹੌਸਲਾ ਹਾਰ ਕੇ ਜ਼ਿੰਦਗੀ ਦੇ ਕੁਰੂਕਸ਼ੇਤਰ ਵਿੱਚ ਖੜੋਤ ਤੋਂ ਆਪਣੀ ਹਾਰ ਕਬੂਲ ਕਰਦਿਆਂ ਆਪਣੇ ਹਥਿਆਰ ਸੁੱਟ ਦਿੰਦੇ ਹੋ। ਲਿਹਾਜ਼ਾ ਕਦੇ ਵੀ ਜ਼ਿੰਦਗੀ ਵਿੱਚ ਕਿਸੇ ਮੁਹਾਜ਼ ਉੱਤੇ ਜੇਕਰ ਤੁਹਾਨੂੰ ਕਿਸੇ ਨਾਗਵਾਰ ਠਹਿਰਾਅ ਦਾ ਸਾਹਮਣਾ ਕਰਨਾ ਪਵੇ ਤਾਂ ਠਹਿਰੋ ਨਾ, ਸਗੋਂ ਨਵੇਂ ਰਾਹਾਂ ਅਤੇ ਨਵੀਆਂ ਮੰਜ਼ਿਲਾਂ ਦੀ ਤਲਾਸ਼ ਵਿੱਚ ਜ਼ਿੰਦਗੀ ਦਾ ਸਫ਼ਰ ਤੈਅ ਕਰਦੇ ਰਹੋ, ਕਿਉਂਕਿ ਕਿਸੇ ਵੀ ਸ਼ਾਹਸਵਾਰ ਜਾਂ ਸੁਪਨਸਾਜ਼ ਨੂੰ ਖੜੋਤਾਂ ਨਹੀਂ, ਸਗੋਂ ਮੰਜ਼ਿਲਾਂ ਦਿਸਦੀਆਂ ਨੇ। ਇਹ ਵੀ ਯਾਦ ਰਹੇ ਕਿ ਉਚੇਰੀ ਪਰਵਾਜ਼ ਭਰਨ ਵਾਲੇ ਕਾਲੀਆਂ ਘਟਾਵਾਂ, ਤੇਜ਼ ਹਨੇਰੀਆਂ ਜਾਂ ਧੁੰਦ ਤੋਂ ਕਦੇ ਵੀ ਨਹੀਂ ਘਬਰਾਉਂਦੇ ਹਨ।

# ਜੂਨ 1984 ਦੀ ਮਹਾਂ-ਘਟਨਾ, ਹਿੰਦੂ ਨਵ-ਬਸਤੀਵਾਦ ਅਤੇ ਖਾਲਿਸਤਾਨੀ ਬੌਧਿਕਤਾ ਦੀਆਂ ਸੰਭਾਵਨਾਵਾਂ

**ਡਾ. ਜਸਵੀਰ ਸਿੰਘ**

ਭਾਰਤੀ ਰਾਜ ਵੱਲੋਂ ਜੂਨ 1984 ਵਿੱਚ ਅਕਾਲ ਤਖ਼ਤ ਸਾਹਿਬ ਉੱਪਰ ਕੀਤੇ ਹਮਲੇ ਤੋਂ ਬਾਅਦ ਕੌਮੀ ਆਜ਼ਾਦੀ ਦੀਆਂ ਭਾਵਨਾਵਾਂ ਨੇ ਖਾਲਿਸਤਾਨ ਦੇ ਰੂਪ ਵਿੱਚ ਆਜ਼ਾਦ ਸਿੱਖ ਰਾਜ ਸਿਰਜਣ ਲਈ ਹਥਿਆਰਬੰਦ ਸੰਘਰਸ਼ ਦਾ ਰੂਪ ਧਾਰ ਲਿਆ। ਇਸ ਸੰਘਰਸ਼ ਨੇ ਸਿੱਖ ਸਮਾਜ ਅੰਦਰ ਖਾਲਿਸਤਾਨੀ ਸਿੱਖਾਂ ਦੇ ਇੱਕ ਤਾਕਤਵਰ ਸਮੂਹ ਨੂੰ ਜਨਮ ਦਿੱਤਾ, ਜਿਸ ਨੇ ਭਾਰਤੀ ਰਾਜ ਅਤੇ ਹਿੰਦੂ ਪ੍ਰਬੰਧ ਤੋਂ ਕੌਮੀ ਆਜ਼ਾਦੀ ਲਈ ਹਜ਼ਾਰਾਂ ਸ਼ਹਾਦਤਾਂ ਦਿੱਤੀਆਂ। ਇਹੀ ਕਾਰਨ ਹੈ ਕਿ ਖਾਲਿਸਤਾਨੀ ਸਿੱਖ ਭਾਰਤੀ ਦੁਸ਼ਮਣ ਧਿਰਾਂ ਦੇ ਫੌਜੀ ਅਤੇ ਬੌਧਿਕ ਹਮਲਿਆਂ ਦਾ ਸਭ ਤੋਂ ਵੱਧ ਸ਼ਿਕਾਰ ਰਹੇ ਹਨ। ਭਾਰਤੀ ਰਾਜ ਨੇ ਖਾਲਿਸਤਾਨੀ ਸਿੱਖਾਂ ਦੀ ਫੌਜੀ ਅਤੇ ਸੰਗਠਨਾਤਮਿਕ ਤਾਕਤ ਨੂੰ ਕਮਜ਼ੋਰ ਕਰਨ ਵਿੱਚ ਵੱਡੀਆਂ ਸਫ਼ਲਤਾਵਾਂ ਹਾਸਿਲ ਕੀਤੀਆਂ ਹਨ। ਇਸ ਦੇ ਨਾਲ ਹੀ ਖਾਲਿਸਤਾਨੀ ਸਿੱਖਾਂ ਦੇ ਬੌਧਿਕ ਆਧਾਰਾਂ ਅਤੇ ਸਰੋਤਾਂ ਦਾ ਭਾਰਤੀਕਰਨ ਕਰਨ ਲਈ ਭਾਰਤੀ ਰਾਜ ਅਤੇ ਹਿੰਦੂ ਪ੍ਰਬੰਧ ਵੱਲੋਂ ਮਨੋਵਿਗਿਆਨਕ ਜੰਗ ਕੌਮਾਂਤਰੀ ਪੱਧਰ 'ਤੇ ਚਲਾਈ ਜਾ ਰਹੀ ਹੈ। ਇਸ ਮਨੋਵਿਗਿਆਨਕ ਜੰਗ ਦਾ ਖਾਲਿਸਤਾਨੀ ਸਿੱਖਾਂ 'ਤੇ ਪ੍ਰਤੱਖ ਅਸਰ ਮਹਿਸੂਸ ਕੀਤਾ ਜਾ ਸਕਦਾ ਹੈ। ਪੰਜਾਬ ਵਿੱਚ ਇੱਕ ਪ੍ਰਮੁੱਖ ਖਾਲਿਸਤਾਨੀ ਧਿਰ ਵੱਲੋਂ ਸਿੱਖ ਪਰੰਪਰਾ, ਪਛਾਣ, ਭਾਸ਼ਾ ਅਤੇ ਖਾਲਸਾ ਪੰਥ ਦੇ ਪਾਰ-ਰਾਸ਼ਟਰੀ ਅਤੇ ਪਾਰ-ਖੇਤਰੀ ਹੋਣ ਬਾਰੇ ਵਿਚਾਰ ਸਿੱਧੇ ਰੂਪ ਵਿੱਚ ਹਿੰਦੂ ਨਵ-ਬਸਤੀਵਾਦੀ ਸਕਾਲਰਾਂ ਜਿਵੇਂ ਹਰਜੋਤ ਉਬਰਾਏ, ਅਰਵਿੰਦਰਪਾਲ ਮੰਡੇਰ ਅਤੇ ਜੋਰਜੀਉ ਸ਼ਾਨੀ ਵੱਲੋਂ ਸਿਰਜੇ ਬਿਰਤਾਤਾਂ ਨਾਲ ਜੁੜ ਜਾਂਦੇ ਹਨ। ਉੱਤਰ ਬਸਤੀਵਾਦੀ ਸੰਕਲਪਾਂ ਦੇ ਲਿਬਾਸ ਵਿੱਚ ਸਿਰਜੇ ਇਨ੍ਹਾਂ ਹਿੰਦੂ ਨਵ-ਬਸਤੀਵਾਦੀ ਬਿਰਤਾਂਤਾਂ ਨੇ ਉੱਤਰੀ ਅਮਰੀਕਾ ਵਿੱਚ ਖਾਲਿਸਤਾਨੀ ਬੌਧਿਕਤਾ 'ਤੇ ਵੱਡੇ ਅਸਰ ਪਾਏ ਹਨ। ਇਹ ਸੂਖਮ ਬਿਰਤਾਂਤਕਾਰੀ ਅਕਾਲ ਤਖ਼ਤ ਸਾਹਿਬ ਦੇ ਹਮਲੇ ਤੋਂ ਬਾਅਦ ਭਾਰਤੀ ਰਾਜ ਅਤੇ ਹਿੰਦੂ ਤਾਕਤਾਂ ਪ੍ਰਤੀ ਸਿੱਖ ਮਨਾਂ ਵਿੱਚ ਪੈਦਾ ਹੋਈ ਸੱਭਿਆਚਾਰਕ ਨਫ਼ਰਤ ਤੇ ਦੁਸ਼ਮਣੀ ਦੀ ਮਨੋ-ਸਮਾਜਿਕ ਬਿਰਤੀ ਨੂੰ ਪੱਛਮ ਅਤੇ ਬਸਤੀਵਾਦੀ ਤਾਕਤਾਂ ਦੇ ਵਿਰੋਧ ਵਿੱਚ ਬਦਲਣ ਦਾ ਅਮਲ ਹੈ।

ਇਹ ਅਮਲ ਹਿੰਦੂ ਨਵ-ਬਸਤੀਵਾਦ ਦੀ 1900 ਈਸਵੀ ਵਿੱਚ ਸਿੱਖਾਂ ਨੂੰ ਅੰਗਰੇਜ਼ ਬਸਤੀਵਾਦੀਆਂ ਵਿਰੁੱਧ ਹਿੰਸਕ ਕਾਰਵਾਈਆਂ ਵਿੱਚ ਉਲਝਾ ਕੇ ਰਾਜਨੀਤਿਕ ਤੌਰ 'ਤੇ ਵਿਕਸਿਤ ਨਾ ਹੋਣ ਦੇਣ ਦੀ ਨੀਤੀ ਦਾ ਅਗਲਾ ਪੜਾਅ ਅਤੇ ਫੈਲਾਅ ਹੈ। ਹੁਣੇ ਜਿਹੇ ਹਿੰਦੂ ਪ੍ਰਬੰਧ ਦੇ ਸਿੱਧੇ ਅਸਰ ਹੇਠਲੇ ਇੱਕ ਸਿੱਖ ਰੂਪ ਵਾਲੇ ਉਤਰਬਸਤੀਵਾਦੀ ਧੜੇ ਵੱਲੋਂ ਛਾਪੇ ਰਸਾਲੇ 'ਸ਼ਬਦਾਰਥ' ਦੀ ਸੰਪਾਦਕੀ ਹਿੰਦੂ ਨਵ-ਬਸਤੀਵਾਦ ਦੀ ਅਕਾਦਮਿਕ ਪੇਸ਼ਕਾਰੀ ਦਾ ਸੂਖਮ ਨਮੂਨਾ ਸਾਹਮਣੇ ਲਿਆਉਂਦੀ ਹੈ। ਸੁਖਵਿੰਦਰ ਸਿੰਘ ਅਤੇ ਅਮਨਦੀਪ ਸਿੰਘ ਵੱਲੋਂ ਲਿਖੀ ਇਸ ਸੰਪਾਦਕੀ ਅਨੁਸਾਰ, ਧਰਮ ਅਤੇ ਫਿਲਾਸਫ਼ੀ ਸਬੰਧੀ ਸਮਝ ਦੇ ਪਰੰਪਰਾਗਤ ਤਰੀਕਿਆਂ ਨੂੰ ਸਮਕਾਲੀ ਗਿਆਨ ਪੈਦਾ ਕਰਨ ਵਾਲੇ ਤਰੀਕਿਆਂ ਦੇ ਵਿਰੋਧ ਤੋਂ ਬਚਦਿਆਂ ਮੁੜ ਜੀਵਿਤ ਕਰਨ ਦੇ ਕਾਰਜ ਨੇ ਸਾਨੂੰ ਨਵੇਂ ਤਰੀਕੇ ਨਾਲ ਸੋਚਣ ਦੀ ਤਾਕਤ ਦਿੱਤੀ ਹੈ। ਸੱਚ ਦੀ ਪੇਸ਼ਕਾਰੀ ਨੂੰ ਗਿਆਨ ਪ੍ਰਬੰਧ ਵਜੋਂ ਮੁੜ ਕੇਂਦਰਿਤ ਕਰਨ ਦੀ ਵੱਡੀ ਆਸ ਨੂੰ ਕਾਇਮ ਰੱਖਦਿਆਂ ਅਸੀਂ ਸਿਧਾਂਤਕਾਰੀ ਦੇ ਉੱਤਰ- ਹੀਗੇਲੀਅਨ ਦਾਰਸ਼ਨਿਕ ਤਰੀਕਿਆਂ ਤੋਂ ਪੈਦਾ ਹੋਣ ਵਾਲੇ ਵੱਡੇ ਵਿਰੋਧਾਂ ਬਾਰੇ ਚੇਤੰਨ ਹਾਂ, ਜਿਨ੍ਹਾਂ ਨੇ ਧਰਮ ਅਤੇ ਫਿਲਾਸਫ਼ੀ ਦੀ ਸਮਝ ਨੂੰ ਭਾਸ਼ਾ, ਕੌਮੀਅਤ, ਮਾਨਵ-ਵਿਗਿਆਨ ਅਤੇ ਵੰਸ਼-ਵਿਗਿਆਨ ਵਰਗੇ ਇਤਿਹਾਸਕ ਬੋਝਾਂ ਤੋਂ ਪਾਰ ਫੈਲਣਾ ਅਸੰਭਵ ਬਣਾ ਦਿੱਤਾ ਹੈ।

ਇਨ੍ਹਾਂ ਗੁੰਝਲਾਂ ਨੂੰ ਸਮਝਦਿਆਂ ਆਓ ਸਿੱਖ ਖੋਜ ਦੇ ਖੇਤਰ 'ਤੇ ਨਿਗਾਹ ਮਾਰਦੇ ਹਾਂ। ਇਹ ਖੇਤਰ ਪਿਛਲੀ ਸਦੀ ਵਿੱਚ ਗਿਆਨ ਪੈਦਾ ਕਰਨ ਵਾਲੇ ਕਈ ਅਮਲਾਂ ਵਿੱਚੋਂ ਲੰਘਿਆ ਹੈ, ਖਾਸ ਕਰਕੇ ਸਿੰਘ ਸਭਾ ਲਹਿਰ, ਜੋ ਵੀਹਵੀਂ ਸਦੀ ਵਿੱਚ ਬਸਤੀਵਾਦ ਅਤੇ ਬਸਤੀਵਾਦ ਦੇ ਸ਼ਿਕਾਰ ਲੋਕਾਂ ਵਿਚਕਾਰ ਸਬੰਧਾਂ ਤੋਂ ਪੈਦਾ ਹੋਈ (ਬਾਰੇ ਜਾਨਣਾ ਜ਼ਰੂਰੀ ਹੈ)। ਧਰਮ ਅਤੇ ਪਛਾਣ ਸਬੰਧੀ ਬਸਤੀਵਾਦੀ ਸਮਝ ਨੇ ਸਿੱਖ ਨਿੱਜਵਾਦੀ (ਸੋਚ) ਵਿੱਚ ਵੱਡੇ ਬਦਲਾਅ ਲਿਆਂਦੇ, ਜਿਸ ਦੇ ਸਿੱਟੇ ਵਜੋਂ ਸਿੱਖ ਕਲਪਨਾ ਦਾ ਇਤਿਹਾਸੀਕਰਨ ਹੋਇਆ ਅਤੇ ਸਿਧਾਂਤਕ ਸਮਝ ਦਾ ਬਿਬੇਕੀਕਰਨ ਹੋਇਆ। ਉਸ ਸਮੇਂ ਦੇ ਬੁੱਧੀਜੀਵੀ ਅਤੇ ਖਾਸ ਕਰਕੇ ਭਾਈ ਵੀਰ ਸਿੰਘ ਜੋ 'ਸਿੱਖ ਰੂਹਾਨੀਅਤ' ਨੂੰ 'ਨਿਰਮਲ ਅਧਿਆਤਮਵਾਦ' ਰਾਹੀਂ ਬਚਾਉਣਾ ਚਾਹੁੰਦੇ ਸਨ, ਉਹ ਕਿਸੇ ਵੀ ਤਰ੍ਹਾਂ ਦੀਆਂ ਕੌਮੀ ਭਾਸ਼ਾਈ ਅਤੇ ਇਤਿਹਾਸਕ ਪਛਾਣਾਂ ਦੀ ਉਸਾਰੀ ਨਾਲ ਬੱਝੇ ਹੋਏ ਨਹੀਂ ਸਨ। ਉਨ੍ਹਾਂ ਦੇ ਗੁਰੂ ਅਤੇ ਗੁਰਬਾਣੀ ਨਾਲ ਪਾਰ-ਇਤਿਹਾਸਕ ਸਬੰਧ ਸਿਰਜਣ 'ਤੇ ਕੇਂਦਰਿਤ (ਚਿੰਤਨ) ਨੂੰ ਹੁਣ ਧਾਰਮਿਕ ਪਛਾਣ ਦੀ ਅਧਿਆਤਮਕ ਉਸਾਰੀ ਦੇ ਗੁਪਤ ਸੱਦੇ ਰਾਹੀਂ ਵਿਆਖਿਅਤ ਕੀਤਾ ਗਿਆ ਹੈ। ਉਨ੍ਹਾਂ ਦੇ ਕਾਰਜਾਂ ਨੂੰ ਸਿੱਖ ਖੋਜ ਦੀ ਭਾਸ਼ਾਈ-ਧਾਰਮਿਕ ਵਿਚਾਰਧਾਰਾ ਦੇ ਆਧਾਰ 'ਤੇ ਹੱਦਬੰਦੀ ਕਰਨ ਦੇ ਅਮਲ ਵਜੋਂ ਗ਼ੈਰ-ਜ਼ਰੂਰੀ ਤੌਰ 'ਤੇ ਆਲੋਚਨਾ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸ ਨੂੰ ਸਿਧਾਂਤਕ ਦਾਅਵੇ ਵਜੋਂ ਸਿੱਖ ਮਾਨਸਿਕਤਾ ਕਦੇ ਵੀ ਪ੍ਰਵਾਨ ਨਹੀਂ ਕਰਦੀ। ਇਤਿਹਾਸਕ ਅਤੇ ਸਿਧਾਂਤਕ ਤੌਰ 'ਤੇ ਉਸਾਰੀ ਗਈ ਪਛਾਣ ਦੇ ਵਿਚਾਰ ਅਤੇ ਸਵੈ ਦਾ ਅਧਿਆਤਮਕ ਏਕੇ ਦੇ ਰੂਪ ਵਿੱਚ ਹੋਂਦਮਈ ਪ੍ਰਗਟਾਵਾ, ਜੋ ਕਿਸੇ ਵੀ ਇਤਿਹਾਸਕ ਅਤੇ ਵਿਚਾਰਧਾਰਕ ਬੋਝ ਤੋਂ ਪਾਰ ਹੋ ਜਾਂਦਾ ਹੈ, ਦੇ ਵਿਚਾਰਾਂ ਨੇ ਇੱਕ ਖਲਾਅ ਪੈਦਾ ਕੀਤਾ, ਜਿਸ ਬਾਰੇ ਜਾਨਣਾ ਜ਼ਰੂਰੀ ਹੈ।

ਭਾਵੇਂ ਕਿ ਇਹ ਸੰਪਾਦਕੀ ਪੰਜਾਬ ਵਿੱਚ ਭਾਰਤੀ ਰਾਜ ਅਤੇ ਹਿੰਦੂ ਪ੍ਰਬੰਧ ਵਿਰੋਧੀ ਸਿੱਖ ਮਾਨਸਿਕਤਾ ਨੂੰ ਕਾਬੂ ਕਰਨ ਦੀ ਮਾਰਕਸਵਾਦੀ, ਹਿੰਦੂ ਨਵ-ਬਸਤੀਵਾਦੀ ਅਤੇ ਸਿੱਖ ਰੂਪ ਵਾਲੇ ਹਿੰਦੂ ਪ੍ਰਬੰਧ ਦੀ ਨੀਤੀ ਨੂੰ ਲਾਗੂ ਕਰਨ ਵਾਲੇ ਉਤਰਬਸਤੀਵਾਦੀਆਂ ਵਿਚਕਾਰ ਨੀਤੀਗਤ ਸਾਂਝ ਦਾ ਪ੍ਰਗਟਾਵਾ ਕਰਦੀ ਹੈ, ਪਰ ਨਾਲ ਹੀ ਇਸ ਵਿੱਚ ਉਤਰਬਸਤੀਵਾਦੀ ਸਿੱਖ ਰੂਪ ਵਾਲੇ ਸਕਾਲਰਾਂ ਵੱਲੋਂ ਭਾਈ ਵੀਰ ਸਿੰਘ ਦੀ ਆਲੋਚਨਾ ਨੂੰ ਰੱਦ ਕਰਕੇ ਇਨ੍ਹਾਂ ਸਿੱਖ ਚਿੰਤਕਾਂ ਨੂੰ ਸਿੱਖ ਇਤਿਹਾਸਕ ਅਤੇ ਧਾਰਮਿਕ ਪਛਾਣ ਦੇ ਚਿੰਨਾਤਮਕ ਵਿਰੋਧੀਆਂ ਵਜੋਂ ਉਭਾਰਨ ਦੀ ਨਵੀਂ ਹਿੰਦੂ ਨਵ-ਬਸਤੀਵਾਦੀ ਨੀਤੀ ਬਾਰੇ ਜਾਣਕਾਰੀ ਵੀ ਦਿੰਦੀ ਹੈ। ਇਹ ਹਿੰਦੂ ਨਵ-ਬਸਤੀਵਾਦੀਆਂ ਵੱਲੋਂ ਸਿਰਜੇ ਸਨਾਤਨ ਸਿੱਖ ਪਰੰਪਰਾ ਦੇ ਜਜ਼ਬੀਕਰਨ ਦੇ ਸੰਕਲਪ ਨੂੰ 'ਅੰਤਰ-ਧਾਰਮਿਕ ਖੁੱਲ੍ਹੇਪਣ' 'ਤੇ ਆਧਾਰਿਤ ਪੰਜਾਬੀਅਤ ਦੇ ਸੰਕਲਪ ਨਾਲ ਇਕਮਿੱਕ ਕਰਨ ਦਾ ਅਮਲ ਵੀ ਹੈ। ਇਹ ਮੁੱਖ ਰੂਪ ਵਿੱਚ ਖਾਲਿਸਤਾਨੀ ਵਿਚਾਰਧਾਰਾ ਨੂੰ ਖੁੱਲ੍ਹੀ ਚੁਣੌਤੀ ਹੈ, ਜੋ ਸਿਧਾਂਤਕ ਤੌਰ 'ਤੇ ਸਿੱਖਾਂ ਦੀ ਹਿੰਦੂਆਂ ਤੋਂ ਵੱਖਰੀ ਕੌਮੀ ਭਾਸ਼ਾਈ ਅਤੇ ਧਾਰਮਿਕ ਪਛਾਣ ਦੀ ਉਸਾਰੀ 'ਤੇ ਸਿੱਖ ਸਮਾਜ ਵਿੱਚ ਮਾਨਤਾ ਹਾਸਿਲ ਕਰਦੀ ਹੈ; ਪਰ ਕੀ ਖਾਲਿਸਤਾਨੀ ਵਿਚਾਰਧਾਰਾ ਦੀ ਰਾਖੀ ਕਰਨ ਵਾਲੀ ਖਾਲਿਸਤਾਨੀ ਬੌਧਿਕਤਾ ਇਸ ਹਿੰਦੂ ਨਵ-ਬਸਤੀਵਾਦੀ ਚੁਣੌਤੀ ਦਾ ਮੁਕਾਬਲਾ ਕਰਨ ਦੇ ਯੋਗ ਹੈ? ਇਸ ਸੰਦਰਭ ਵਿੱਚ ਇੱਕ ਸਧਾਰਨ ਪਰ ਗੁੰਝਲਦਾਰ ਸੁਆਲ ਹੋਰ ਪੈਦਾ ਹੁੰਦਾ ਹੈ ਕਿ ਕੀ ਖਾਲਿਸਤਾਨੀ ਬੌਧਿਕਤਾ ਦੀ ਹੋਂਦ ਹੈ? ਜਾਂ ਕੀ ਖਾਲਿਸਤਾਨੀ ਬੌਧਿਕਤਾ ਦੇ ਕੋਈ ਵਿਧੀਵੱਤ ਰੂਪ ਧਾਰ ਲੈਣ ਦੀ ਸੰਭਾਵਨਾ ਹੈ? ਕੀ ਇਹ ਬੌਧਿਕਤਾ ਗਿਆਨ ਉਪਜਾਉਣ ਦੀਆਂ ਕੌਮਾਂਤਰੀ ਸਿਧਾਂਤਕ ਵਿਧੀਆਂ ਦੇ ਹਾਣ ਦੀ ਹੋ ਸਕੇਗੀ ਅਤੇ ਹਿੰਦੂ ਨਵ-ਬਸਤੀਵਾਦੀ ਦਾਬੇ ਨੂੰ ਤੋੜਨ ਦੇ ਕਾਬਲ ਹੋ ਸਕੇਗੀ?

ਇਨ੍ਹਾਂ ਸੁਆਲਾਂ ਦਾ ਜੁਆਬ ਖਾਲਿਸਤਾਨੀ ਬੌਧਿਕਤਾ ਦੀ ਵੱਖ-ਵੱਖ ਸਿੱਖ ਸਮੂਹਾਂ ਦੀ ਸਾਂਝੀ ਯਾਦ ਵਿੱਚ ਪਈਆਂ ਇਤਿਹਾਸਕ ਘਟਨਾਵਾਂ ਅਤੇ ਖਾਸ ਕਰਕੇ 'ਅਕਾਲ ਤਖ਼ਤ ਸਾਹਿਬ ਉੱਪਰ ਹਮਲੇ' ਦੀ ਸਾਂਝੀ ਯਾਦ ਨੂੰ 'ਕੌਮ ਸਿਰਜਣ' ਦੇ ਅਮਲ ਨਾਲ ਜੋੜ੍ਹ ਕੇ ਵਿਆਖਿਅਤ ਕਰਨ ਦੀ ਤਾਕਤ ਨਾਲ ਜੁੜ੍ਹਿਆ ਹੋਇਆ ਹੈ। ਖਾਲਿਸਤਾਨੀ ਬੌਧਿਕਤਾ ਕੌਮਵਾਦੀ ਵਰਤਾਰੇ ਦੇ ਰੂਪ ਵਿੱਚ ਸਿੱਖਾਂ ਦੇ ਰਾਜਨੀਤਿਕ ਵਿਕਾਸ ਲਈ ਜ਼ਰੂਰੀ ਰਾਜਨੀਤਿਕ ਸੰਸਥਾਵਾਂ ਦੀਆਂ ਨੀਂਹਾਂ ਪੱਕੀਆਂ ਕਰਨ ਦਾ ਅਮਲ ਹੈ। ਇਹ ਉਨ੍ਹਾਂ ਭੂਗੋਲਿਕ ਹੱਦਾਂ ਦੀ ਨਿਸ਼ਾਨਦੇਹੀ ਕਰਨ ਦਾ ਅਮਲ ਵੀ ਹੈ, ਜਿਸ ਵਿੱਚ ਇਨ੍ਹਾਂ ਰਾਜਨੀਤਿਕ ਸੰਸਥਾਵਾਂ ਨੇ ਕਾਰਜਸ਼ੀਲ ਹੋਣਾ ਹੈ। ਕੌਮੀ ਆਜ਼ਾਦੀ ਨਾਲ ਸਬੰਧਿਤ ਵਰਤਾਰੇ ਇਤਿਹਾਸ ਨੂੰ ਬੀਤੇ ਦੀਆਂ ਘਟਨਾਵਾਂ ਦੇ ਸਾਹ-ਸੱਤਹੀਣ ਭੰਡਾਰ ਵਜੋਂ ਨਹੀਂ ਰਹਿਣ ਦਿੰਦੇ। ਇਹ ਘਟਨਾਵਾਂ ਦੀ ਖਾਸ ਵਿਆਖਿਆ ਸ਼ਹੀਦੀ ਯਾਦਗਾਰਾਂ ਦੀ ਉਸਾਰੀ, ਸ਼ਹੀਦੀ ਯਾਦਾਂ ਨਾਲ ਸਬੰਧਿਤ ਰਸਮਾਂ ਅਤੇ ਇਤਿਹਾਸ ਲੇਖਣ ਰਾਹੀਂ ਕੌਮੀ ਪਛਾਣ ਦੀ ਰਾਜਨੀਤਿਕ ਉਸਾਰੀ ਕਰਦੇ ਹਨ। ਯੂਰੀ ਕੋਟਮੈਨ ਅਨੁਸਾਰ ਸੱਭਿਆਚਾਰ ਲਈ ਯਾਦਾਂ ਸਿਰਫ਼ ਕਾਰਜਹੀਣ (ਘਟਨਾਵਾਂ ਦਾ) ਭੰਡਾਰ ਨਹੀਂ ਹਨ, ਬਲਕਿ ਇਹ ਬਿਰਤਾਂਤ ਸਿਰਜਣਾ ਦਾ ਅਹਿਮ ਯੰਤਰ ਹਨ। ਇਹ ਕੌਮੀ ਰੂਹ ਨੂੰ ਗਹਿਰੇ ਜ਼ਖ਼ਮ ਦੇਣ ਵਾਲੀਆਂ ਮਹਾਂ-ਘਟਨਾਵਾਂ ਲਈ ਜ਼ਿੰਮੇਵਾਰ ਸੱਭਿਆਚਾਰਕ ਦੁਸ਼ਮਣ ਤਾਕਤਾਂ ਅਤੇ ਮਨੁੱਖਾਂ ਦੀ ਪਛਾਣ ਕੌਮੀ ਯਾਦਾਂ ਵਿੱਚ ਕਾਇਮ ਰੱਖਣ ਦਾ ਅਮਲ ਵੀ ਹੈ। ਦੂਜੇ ਪਾਸੇ ਸੱਭਿਆਚਾਰਕ ਦੁਸ਼ਮਣ ਤਾਕਤਾਂ ਆਪਣੀ ਹਮਲਾਵਰ ਅਤੇ ਜਰਵਾਣੇਪਣ ਦੀ ਪਛਾਣ ਨੂੰ ਕੌਮੀ ਯਾਦਾਂ ਵਿੱਚ ਮੇਟਣ ਅਤੇ ਧੁੰਦਲਾ ਕਰਨ ਦਾ ਯਤਨ ਕਰਦੀਆਂ ਹਨ। ਉਦਾਹਰਨ ਲਈ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਲਈ ਭਾਰਤੀ ਰਾਜ ਅਤੇ ਹਿੰਦੂ ਪ੍ਰਬੰਧ ਦੀ ਜ਼ਿੰਮੇਵਾਰੀ ਨੂੰ 'ਕਾਂਗਰਸ ਸਰਕਾਰ', 'ਬਸਤੀਵਾਦੀ ਇੰਗਲੈਂਡ', 'ਪੱਛਮੀ ਤਾਕਤਾਂ' ਦੇ ਸਿਰ ਪਾ ਕੇ ਸਿੱਖਾਂ ਦੀ ਸੱਭਿਆਚਾਰਕ ਦੁਸ਼ਮਣ ਵਿਚਾਰਧਾਰਾ ਦੀ ਪਛਾਣ ਨੂੰ ਬਦਲਣ ਦਾ ਯਤਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਘਟਨਾਵਾਂ ਨੂੰ ਵਰਤਾਉਣ ਵਾਲੀਆਂ ਧਿਰਾਂ ਨਾਲ ਸਬੰਧਿਤ ਇਤਿਹਾਸਕਾਰ ਅਤੇ ਬੁੱਧੀਜੀਵੀ ਘਟਨਾਂ ਦੀ ਥਾਂ 'ਤੇ ਇਸ ਲਈ ਜ਼ਿੰਮੇਵਾਰ ਮਸਲਿਆਂ ਬਾਰੇ ਲਗਾਤਾਰ ਪ੍ਰਚਾਰ ਕਰਦੇ ਹਨ, ਜਿਸ ਤਰ੍ਹਾਂ ਭਾਰਤੀ ਬੁੱਧੀਜੀਵੀ 'ਅਕਾਲ ਤਖ਼ਤ ਸਾਹਿਬ 'ਤੇ ਹਮਲੇ' ਲਈ ਪੰਜਾਬ ਵਿੱਚ ਅਤਿਵਾਦ, ਭਾਰਤ ਦੀ ਏਕਤਾ ਅਖੰਡਤਾ ਨੂੰ ਖ਼ਤਰਾ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਬਹਾਲੀ ਨੂੰ ਜ਼ਿੰਮੇਵਾਰ ਕਾਰਨਾਂ ਵਿੱਚ ਪ੍ਰਚਾਰਦੇ ਹਨ, ਜਦਕਿ ਭਾਰਤੀ ਰਾਜ ਵੱਲੋਂ ਪੰਜਾਬ ਵਿੱਚ ਦਰਜਨਾਂ ਹੋਰ ਸਿੱਖ ਧਾਰਮਿਕ ਅਸਥਾਨਾਂ 'ਤੇ ਕੀਤੇ ਹਮਲਿਆਂ ਬਾਰੇ ਇਹ ਚੁੱਪ ਧਾਰ ਲੈਂਦੇ ਹਨ। ਪਰ ਸਿੱਖ ਕੌਮ ਦੀ ਸਾਂਝੀ ਯਾਦ ਵਿੱਚ ਘੱਲੂਘਾਰੇ ਦੇ ਰੂਪ ਵਿੱਚ 'ਅਕਾਲ ਤਖ਼ਤ ਸਾਹਿਬ 'ਤੇ ਹਮਲੇ' ਦੀ ਇਹ ਮਹਾਂ-ਘਟਨਾ ਇਤਿਹਾਸਕ ਚਿੰਨ੍ਹ ਦਾ ਰੂਪ ਧਾਰ ਚੁਕੀ ਹੈ। ਖਾਲਿਸਤਾਨੀ ਬੌਧਿਕਤਾ ਇਸ ਮਹਾਂ-ਘਟਨਾ ਦੇ ਆਧਾਰ 'ਤੇ ਕੌਮ-ਸਿਰਜਣਾ ਦਾ ਇਤਿਹਾਸਕ ਸੱਭਿਆਚਾਰ ਸਿਰਜਣ ਵਿੱਚ ਹਾਲੇ ਤੱਕ ਕਾਮਯਾਬ ਨਹੀਂ ਹੋ ਸਕੀ ਹੈ। ਇਤਿਹਾਸਕ ਸੱਭਿਆਚਾਰ ਸੰਚਾਰ ਦਾ ਅਜਿਹਾ ਅਮਲ ਹੈ, ਜਿਸ ਵਿੱਚ ਸਮਾਜ ਦੇ ਵੱਖ-ਵੱਖ ਹਿੱਸਿਆਂ ਦੇ ਪ੍ਰਤੀਕਰਮਾਂ ਅਤੇ ਜਵਾਬਦੇਹੀ ਨੂੰ ਨਵੀਂ ਤੋਂ ਨਵੀਂ ਜਾਣਕਾਰੀ ਦੇ ਫੈਲਾਅ ਰਾਹੀਂ ਕਾਬੂ ਹੇਠ ਰੱਖਿਆ ਜਾਂਦਾ ਹੈ। ਇਸ ਸੰਚਾਰ ਅਮਲ ਰਾਹੀਂ ਬਦਲਦੇ ਹਾਲਾਤ ਵਿੱਚ ਘਟਨਾਵਾਂ ਦੀ ਮੁੜ ਵਿਆਖਿਆ ਕਰਨ ਅਤੇ ਨਵੇਂ ਅਰਥ ਦੇਣ ਦਾ ਵਰਤਾਰਾ ਚਲਦਾ ਰਹਿੰਦਾ।




***ਖਾਲਿਸਤਾਨੀ ਬੌਧਿਕਤਾ ਹਾਲੇ ਅਕਾਦਮਿਕ ਖੋਜ ਦੇ ਉਸ ਪੱਧਰ 'ਤੇ ਪਹੁੰਚ ਨਹੀਂ ਪਾਈ, ਜਿੱਥੇ ਇਹ ਖਾਲਿਸਤਾਨੀ ਲਹਿਰ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਹਮਲੇ ਦੀ ਸਾਂਝੀ ਯਾਦ ਨੂੰ ਭੂਤਕਾਲ ਵਿਚਲੀਆਂ ਬੋਧੀ ਅਤੇ ਮੁਸਲਿਮ ਲਹਿਰਾਂ ਦੇ ਸੰਦਰਭ ਵਿੱਚ ਸਿੱਖ ਸਮਾਜ ਦੇ ਵੱਖ-ਵੱਖ ਸਮੂਹਾਂ ਨੂੰ ਹਿੰਦੂ ਸਮਾਜਿਕ ਪ੍ਰਬੰਧ ਦੇ ਟਾਕਰੇ ਲਈ ਏਕੀਕ੍ਰਿਤ ਇਕਾਈ ਵਜੋਂ ਤਿਆਰ ਕਰ ਸਕੇ।***

ਬੋਰਿਸ ਉਪੈਂਸਕੀ ਦੇ ਅਨੁਸਾਰ ਘਟਨਾਵਾਂ ਦੇ ਉਦੇਸ਼ਆਤਮਕ ਅਰਥ ਓਨੇ ਮਹੱਤਵਪੂਰਨ ਨਹੀਂ ਹੁੰਦੇ, ਜਿੰਨਾ ਇਨ੍ਹਾਂ ਨੂੰ ਮਹਿਸੂਸ ਕਰਨ ਅਤੇ ਪੜ੍ਹਨ ਦੇ ਤਰੀਕਿਆਂ ਦਾ ਮਹੱਤਵ ਹੁੰਦਾ ਹੈ। ਇਨ੍ਹਾਂ ਹਾਲਤਾਂ ਵਿੱਚ ਕਈ ਘਟਨਾਵਾਂ ਕਿਸੇ ਚਿੰਨ੍ਹਾਤਮਕ ਕਾਰਵਾਈ ਤੋਂ ਬਿਨਾ ਵੀ ਗਹਿਰੇ (ਇਤਿਹਾਸਕ) ਅਰਥ ਗ੍ਰਹਿਣ ਕਰ ਲੈਂਦੀਆਂ ਹਨ। ਘਟਨਾਵਾਂ ਦੀ ਵਿਆਖਿਆ ਇਨ੍ਹਾਂ ਦੇ (ਭਵਿੱਖਮੁਖੀ) ਮਾਰਗ ਦਾ ਫ਼ੈਸਲਾ ਕਰਦੀ ਹੈ। ਇੱਕ ਹੋਰ ਜਰਮਨ ਵਿਦਵਾਨ ਐਬੀ ਵਾਰਬਰਗ ਨੇ ਇਸ ਅਮਲ ਦੀ ਵਿਆਖਿਆ 'ਭਵਿੱਖੀ-ਜੀਵਨ' ਦੇ ਸੰਕਲਪ ਰਾਹੀਂ ਕੀਤੀ ਹੈ। ਵਾਰਬਰਗ ਅਨੁਸਾਰ 'ਭਵਿੱਖੀ-ਜੀਵਨ' ਤੋਂ ਭਾਵ ਮੌਤ ਤੋਂ ਬਾਅਦ ਦੇ ਕਿਸੇ ਜੀਵਨ ਤੋਂ ਨਹੀਂ ਹੈ, ਬਲਕਿ ਇਹ ਜੀਵਨ ਦੀ ਨਿਰੰਤਰਤਾ, ਬੀਤੇ ਦੇ ਵਰਤਮਾਨ ਵਿੱਚ ਜੀਵੰਤ ਹੋ ਜਾਣ ਅਤੇ ਬੀਤੇ ਵੱਲੋਂ ਵਰਤਮਾਨ ਦਾ ਪਿੱਛਾ ਕਰਨ ਦੇ ਅਮਲ ਨਾਲ ਸਬੰਧਿਤ ਹੈ। ਵਾਰਬਰਗ ਨੇ 1908 ਈ. ਵਿੱਚ ਪਹਿਲੀ ਵਾਰ ਯਾਦ ਰੱਖਣ ਦੇ ਅਮਲ ਨੂੰ ਇੱਕ ਸਾਂਝੇ ਅਮਲ ਵਜੋਂ 'ਸਮਾਜਿਕ ਯਾਦ' ਦਾ ਨਾਂ ਦਿੱਤਾ। ਉਸ ਦਾ ਵਿਚਾਰ ਸੀ ਕਿ ਚਿੱਤਰ ਅਤੇ ਕਲਾ-ਕਿਰਤਾਂ ਦੂਜੇ ਸੱਭਿਆਚਾਰਕ ਸਾਧਨਾਂ ਵਾਂਗ ਸਮਾਜਿਕ ਯਾਦਾਂ ਦੀਆਂ ਵਾਹਕ ਹਨ ਅਤੇ ਇਨ੍ਹਾਂ ਨੂੰ ਖਾਸ ਰੂਪ ਦਿੰਦੀਆਂ ਹਨ। ਇਨ੍ਹਾਂ ਨੂੰ ਲਗਾਤਾਰ ਅਰਥਪੂਰਨ ਬਣਾਉਣਾ ਜ਼ਰੂਰੀ ਹੁੰਦਾ ਹੈ, ਤਾਂਕਿ ਇਨ੍ਹਾਂ ਨਾਲ ਜੁੜੀ ਹੋਈ ਯਾਦਾਂ ਦੀ ਊਰਜਾ ਅਤੇ ਤਾਕਤ ਲਗਾਤਾਰ ਫੁੱਟਦੀ ਰਹੇ ਅਤੇ ਸਮਾਜਿਕ ਖੇਤਰ ਵਿੱਚ ਇਨ੍ਹਾਂ ਦੀ ਅਸਰਦਾਇਕ ਹੋਂਦ ਕਾਇਮ ਰਹੇ। ਇਸ ਲਈ ਰੂਹ ਦੇ ਜ਼ੋਰ ਨਾਲ ਜਿਉਣ ਵਾਲੇ ਸਮਾਜਾਂ ਵਿੱਚ ਚਿੰਨ੍ਹਾਂ ਦੇ ਸੰਚਾਰ, ਗ੍ਰਹਿਣ ਕਰਨ ਅਤੇ ਇਨ੍ਹਾਂ ਦੇ ਆਧਾਰ 'ਤੇ ਸਮਾਜ ਦਾ ਧਰੁਵੀਕਰਨ ਹੋਣ ਦਾ ਮਸਲਾ ਹਮੇਸ਼ਾ ਪੈਦਾ ਹੁੰਦਾ ਰਹਿੰਦਾ ਹੈ। ਇਤਿਹਾਸਕ ਘਟਨਾਵਾਂ ਦੀ ਦਖ਼ਲਅੰਦਾਜ਼ੀ ਅਤੇ ਇਤਿਹਾਸਕਾਰ ਦਾ ਕਾਲ ਅਤੇ ਇਸ ਕਾਲ ਦੀਆਂ ਲੋੜਾਂ ਸਮਾਜਿਕ ਯਾਦਾਂ ਵਿੱਚ ਘਟਨਾਵਾਂ ਦੀ ਮਹੱਤਤਾ ਤੇ ਇਤਿਹਾਸਕਤਾ ਦਾ ਫ਼ੈਸਲਾ ਕਰਦੀਆਂ ਹਨ; ਪਰ ਇਤਿਹਾਸਕ ਘਟਨਾਵਾਂ ਦਾ ਚਿੰਨ੍ਹਾਂ ਦੇ ਰੂਪ ਵਿੱਚ ਸੰਚਾਰ ਕੌਮਾਂ ਅਤੇ ਸਮਾਜਾਂ ਦੇ ਬੌਧਿਕ ਵਰਗਾਂ ਵੱਲੋਂ ਸਿਰਜੀ ਵਿਆਖਿਆ 'ਤੇ ਨਿਰਭਰ ਕਰਦਾ ਹੈ। ਇਹ ਵਿਆਖਿਆਵਾਂ ਹੀ 'ਬਿਰਤਾਂਤਕ ਵਿਰਾਸਤ' ਦਾ ਰੂਪ ਧਾਰ ਕੇ ਕੌਮਾਂ ਦੀ ਇਤਿਹਾਸਕ ਪਛਾਣ ਸਿਰਜਦੀਆਂ ਹਨ।

ਹਿੰਦੂ ਨਵ-ਬਸਤੀਵਾਦ ਦਾ ਪ੍ਰਚਾਰ ਕਰਨ ਵਾਲੇ ਉੱਤਰੀ-ਅਮਰੀਕਾ ਤੋਂ ਛਪਦੇ ਖੋਜ-ਜਨਰਲ 'ਸਿੱਖ ਫਾਰਮੇਸ਼ਨਜ਼' ਵਿੱਚ ਰਾਧਿਕਾ ਚੋਪੜਾ ਦੇ ਖੋਜ-ਪੱਤਰ ਵਿੱਚ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਯਾਦਗਾਰਾਂ ਦੀ ਹਿੰਦੂ ਸਮਾਜਿਕ ਯਾਦਾਂ ਵਿੱਚ ਅਰਥਪੂਰਨਤਾ ਅਤੇ ਇਤਿਹਾਸਕਤਾ ਦੀ ਮਹੱਤਵਪੂਰਨ ਵਿਆਖਿਆ ਕੀਤੀ ਗਈ ਹੈ,

"ਇੰਦਰਾ ਗਾਂਧੀ ਵੱਲੋਂ ਆਪਣੀ ਮੌਤ ਤੋਂ ਪਹਿਲਾਂ ਉਚਾਰੇ ਗਏ ਦਾਰਸ਼ਨਿਕ ਸ਼ਬਦ ਕਿ 'ਮੈਨੂੰ ਮਰਨ ਜਾਂ ਜਿਉਣ ਦੀ ਕੋਈ ਪ੍ਰਵਾਹ ਨਹੀਂ ਹੈ, ਜਦੋਂ ਮੈਂ ਮਰਾਂਗੀ ਤਾਂ ਮੇਰੇ ਖ਼ੂਨ ਦਾ ਹਰੇਕ ਕਤਰਾਂ ਭਾਰਤ ਨੂੰ ਤਾਕਤਵਰ ਬਣਾਵੇਗਾ' ਭਾਰਤੀਆਂ ਵਿੱਚ ਯਾਦਗਾਰ ਦੇ ਅੰਦਰਲੀ ਭਾਵਨਾਤਮਿਕ ਯਾਦਗਾਰ ਦਾ ਅਹਿਸਾਸ ਪੈਦਾ ਕਰਦੇ ਹਨ। ਹਵਾਲੇ ਦੇ ਤੌਰ 'ਤੇ ਛਾਪੇ ਗਏ ਇਹ ਸ਼ਬਦ ਕੱਟੇ-ਵੱਢੇ ਹੋਏ ਪਵਿੱਤਰ ਕੁਰਬਾਨ ਹੋਏ ਹਿੰਦੂ ਸਰੀਰ ਦਾ ਭਾਵ ਪੈਦਾ ਕਰਦੇ ਹਨ ਅਤੇ ਉਸ ਦੇ ਖ਼ੂਨ ਦੇ (ਭਾਰਤੀ) ਕੌਮ ਦੀ ਧਰਤੀ 'ਤੇ ਡੁੱਲ੍ਹਣ ਅਤੇ ਫੈਲਣ ਦਾ ਗੁੱਝਾ ਚਿੰਨ੍ਹਾਤਮਕ ਭੇਦ ਭਾਰਤੀਆਂ ਦਾ ਬਲੀਦਾਨ ਦੀ ਵੈਦਿਕ ਹਿੰਦੂ ਵਿਚਾਰਧਾਰਾ ਨਾਲ ਸੰਵਾਦ ਰਚਾਉਂਦਾ ਹੈ, ਇੱਥੇ ਕੱਟਿਆ-ਵੱਢਿਆ ਸਰੀਰ ਅਤੇ ਡੁੱਲ੍ਹਿਆ ਖ਼ੂਨ ਉਪਜਾਊ ਬਣ ਜਾਂਦਾ ਹੈ। ਰਸਤੇ ਵਿੱਚ ਖ਼ੂਨ ਦੇ ਨਿਸ਼ਾਨ ਅਤੇ ਖ਼ੂਨ ਨਾਲ ਭਿੱਜੀ ਸਾੜੀ ਰਾਹੀਂ ਰੱਬ ਦਾ ਅਹਿਸਾਸ ਕਰਨ ਵਾਂਗ ਅਤੇ ਕਿਸੇ ਪਵਿੱਤਰ ਚੀਜ਼ ਦੀ ਪੂਜਾ ਕਰਨ ਵਰਗੇ ਸਰੀਰਕ ਵਿਹਾਰ 'ਦਰਸ਼ਣ' ਦਾ ਰੂਪ ਧਾਰ ਲੈਂਦੇ ਹਨ, ਜੋ 'ਯਾਦਗਾਰ' ਨੂੰ ਪੂਜਾ- ਅਸਥਾਨ ਦਾ ਰੂਪ ਦੇ ਦਿੰਦੇ ਹਨ। (ਯਾਦਗਾਰ) ਨਾਲ ਜੁੜੇ ਇਹ ਅਹਿਸਾਸ ਅਤੇ ਯਾਦ ਕਰਨ ਦੀਆਂ ਰਸਮਾਂ ਇੱਕ ਧਰਮ-ਨਿਰਪੱਖ ਆਗੂ ਦੀ ਰਾਜਨੀਤਿਕ ਹਸਤੀ ਨੂੰ 'ਦੇਵੀ ਮਾਤਾ' ਦੇ ਟੁਕੜੇ-ਟੁਕੜੇ ਹੋਏ ਉਪਜਾਊ ਸਰੀਰ ਦੇ ਸੰਭਾਵਿਤ ਅਰਥਾਂ ਵਿੱਚ ਪੇਸ਼ ਕਰਦੀਆਂ ਹਨ।... ਪਰ ਉਗਰਵਾਦੀ ਭਿੰਡਰਾਂਵਾਲੇ ਦੀ ਕੋਈ ਯਾਦਗਾਰ ਨਹੀਂ ਬਣਾਈ ਗਈ, ਜੋ ਉਸ ਦੀ ਮੌਤ ਨੂੰ (ਅਰਥ) ਪ੍ਰਦਾਨ ਕਰਦੀ ਹੋਵੇ।"

ਇਹ ਲਿਖਤ ਇੱਕ ਪਾਸੇ ਸਿੱਖ-ਕੌਮਵਾਦ ਦੇ ਵਿਰੋਧ ਵਿੱਚ ਉੱਤਰਬਸਤੀਵਾਦੀ ਬਿਰਤਾਂਤਾਂ ਦੇ ਅਸਰ ਹੇਠ ਆਈਆਂ ਖਾਲਿਸਤਾਨੀ ਧਿਰਾਂ ਦੀ ਬੌਧਿਕ ਸਮਰੱਥਾ 'ਤੇ ਸੁਆਲ ਖੜ੍ਹਾ ਕਰਦੀ ਹੈ ਤਾਂ ਦੂਜੇ ਪਾਸੇ ਖਾਲਿਸਤਾਨੀ ਬੌਧਿਕਤਾ ਲਈ ਇੱਕ ਵੰਗਾਰ ਪੈਦਾ ਕਰਦੀ ਹੈ। ਹਿੰਦੂ ਭਾਰਤੀ ਬੌਧਿਕ ਵਰਗ ਖਾਲਿਸਤਾਨੀ ਲਹਿਰ ਨੂੰ ਹਿੰਦੂ ਸਮਾਜਿਕ ਪ੍ਰਬੰਧ ਦੇ ਹਿੰਸਕ ਵਿਰੋਧੀ ਵਜੋਂ ਚਿਤਵਦਾ ਹੈ ਅਤੇ ਇਸ ਨੂੰ ਸਿੱਖ ਇਤਿਹਾਸਕ ਪਛਾਣ ਦੀ ਤਾਕਤ ਦਾ ਅਹਿਸਾਸ ਹੈ; ਪਰ ਖਾਲਿਸਤਾਨੀ ਬੌਧਿਕਤਾ ਹਾਲੇ ਅਕਾਦਮਿਕ ਖੋਜ ਦੇ ਉਸ ਪੱਧਰ 'ਤੇ ਪਹੁੰਚ ਨਹੀਂ ਪਾਈ, ਜਿੱਥੇ ਇਹ ਖਾਲਿਸਤਾਨੀ ਲਹਿਰ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਹਮਲੇ ਦੀ ਸਾਂਝੀ ਯਾਦ ਨੂੰ ਭੂਤਕਾਲ ਵਿਚਲੀਆਂ ਬੋਧੀ ਅਤੇ ਮੁਸਲਿਮ ਲਹਿਰਾਂ ਦੇ ਸੰਦਰਭ ਵਿੱਚ ਸਿੱਖ ਸਮਾਜ ਦੇ ਵੱਖ-ਵੱਖ ਸਮੂਹਾਂ ਨੂੰ ਹਿੰਦੂ ਸਮਾਜਿਕ ਪ੍ਰਬੰਧ ਦੇ ਟਾਕਰੇ ਲਈ ਏਕੀਕ੍ਰਿਤ ਇਕਾਈ ਵਜੋਂ ਤਿਆਰ ਕਰ ਸਕੇ। ਖਾਲਿਸਤਾਨੀ ਬੌਧਿਕਤਾ ਨੂੰ 'ਕੌਮੀ, ਭਾਸ਼ਾਈ ਅਤੇ ਇਤਿਹਾਸਕ ਪਛਾਣਾਂ ਦੇ ਬੋਝ ਤੋਂ ਆਜ਼ਾਦ ਸਿੱਖ ਰੂਹਾਨੀਅਤ ਅਤੇ ਨਿਰਮਲ ਅਧਿਆਤਮਵਾਦੀ ਸਿੱਖ ਏਕੇ ਅਤੇ 'ਸਨਾਤਨ ਸਿੱਖ ਪਰੰਪਰਾ' ਵਰਗੀਆਂ ਹਿੰਦੂ ਨਵ-ਬਸਤੀਵਾਦੀ ਘਾੜਤਾਂ ਦਾ ਟਾਕਰਾ ਕਰਨ ਲਈ ਇਹ ਤੱਥ ਸਿੱਖ ਸਮਾਜਿਕ ਯਾਦਾਂ ਦਾ ਹਿੱਸਾ ਬਣਾਉਣੇ ਪੈਣਗੇ ਕਿ ਹਿੰਦੂ ਸੱਭਿਅਤਾ ਨੇ ਕਿਵੇਂ ਨਿਰਮਲ ਅਧਿਆਤਮਵਾਦੀ, ਸ਼ਾਂਤੀ ਪਸੰਦ ਅਤੇ ਅਹਿੰਸਕ ਰੂਹਾਨੀਅਤ ਆਦਰਸ਼ਾਂ ਵਾਲੇ ਬੋਧੀਆਂ ਦਾ ਭਾਰਤ ਵਿੱਚੋਂ ਖਾਤਮਾ ਕੀਤਾ। ਅੰਤਰ-ਧਾਰਮਿਕ ਖੁੱਲ੍ਹੇਪਣ ਦੇ ਹਿੰਦੂ ਆਦਰਸ਼ਾਂ ਦੀ ਵਕਾਲਤ ਕਰਨ ਵਾਲੇ ਉਤਰਬਸਤੀਵਾਦੀ ਸਿੱਖਾਂ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਪਾਕਿਸਤਾਨ ਵਿੱਚ ਨਾ ਜਾਣ ਵਾਲੇ ਭਾਰਤੀ ਮੁਸਲਮਾਨਾਂ ਨਾਲ ਕਿਹੋ ਜਿਹਾ ਵਿਹਾਰ ਹੋ ਰਿਹਾ ਹੈ। ਇਸ ਤਰ੍ਹਾਂ ਹਿੰਦੂ ਸਮਾਜਿਕ ਪ੍ਰਬੰਧ ਦੇ ਸੱਭਿਆਚਾਰਕ ਦੁਸ਼ਮਣ ਅਤੇ ਵਿਰੋਧੀ ਦੇ ਖਾਤਮੇ ਦੇ ਅਮਲ ਬਾਰੇ ਸਿੱਖ ਚੇਤਨਾ ਨੂੰ ਲਗਾਤਾਰ ਚੇਤੰਨ ਬਣਾਈ ਰੱਖਣ ਦੀ ਕਾਬਲੀਅਤ ਖਾਲਿਸਤਾਨੀ ਬੌਧਿਕਤਾ ਦੇ ਵਿਧੀਵੱਤ ਵਿਗਾਸ ਦੀ ਸੰਭਾਵਨਾ ਪੈਦਾ ਕਰ ਸਕਦੀ ਹੈ।

ਸੁਸ਼ੀਲ ਦੁਸਾਂਝ

# 'ਬਣੋ ਸੂਰਜ ਜਾਂ ਜੁਗਨੂੰ ਹੀ ਬਣੋ, ਚੀਰੋ ਹਨੇਰਾ'

ਮੁਹੱਬਤ ਦੇ ਅਰਥ
ਬਹੁਤ ਵਸੀਹ ਨੇ
ਮੈਂ ਮੁਹੱਬਤ ਕਰਦਾਂ ਹਾਂ
ਜ਼ਿੰਦਗੀ ਨੂੰ
ਮੇਰੇ ਲਈ ਮੁਹੱਬਤ 'ਜ਼ਿੰਦਗੀ' ਹੈ
ਤੇ ਜ਼ਿੰਦਗੀ 'ਮੁਹੱਬਤ' ਹੈ।

ਜ਼ਿੰਦਗੀ ਪ੍ਰਤੀ ਬੇਇੰਤਹਾ ਮੁਹੱਬਤ ਦਾ ਇਜ਼ਹਾਰ ਕਰਦੀਆਂ ਇਹ ਕਾਵਿ ਸਤਰਾਂ ਅਜੀਤ ਸਿੰਘ ਦਿਉਲ ਦੀਆਂ ਹਨ। ਅਜੀਤ ਸਿੰਘ ਦਿਉਲ ਫਿਲਮ ਸਟਾਰ ਧਰਮਿੰਦਰ ਦੇ ਨਿੱਕੇ ਭਰਾ ਸਨ। ਮੁੰਬਈ ਵਿੱਚ ਫਿਲਮਾਂ ਦੇ ਚਕਾਚੌਂਧ ਮਾਹੌਲ ਵਿੱਚ ਵਿਚਰਦਿਆਂ ਵੀ ਅਜੀਤ ਸਿੰਘ ਦਿਉਲ ਦਾ ਜ਼ਿੰਦਗੀ ਅਤੇ ਮੁਹੱਬਤ ਪ੍ਰਤੀ ਨਜ਼ਰੀਆਂ ਜੇ ਨਹੀਂ ਸੀ ਬਦਲਿਆ ਤਾਂ ਇਹਦਾ ਕਾਰਨ ਉਹ ਸਮਾਜਕ ਜੀਵਨ ਹੈ, ਜਿਹੜਾ ਸੱਚੀਆਂ-ਸੁੱਚੀਆਂ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਬੁਨਿਆਦ ਉਪਰ ਉਸਰਿਆ ਹੋਇਆ ਸੀ; ਪਰ ਅੱਜ ਸਭ ਕੁਝ ਖਿਲਰ ਪੱਤਰ ਰਿਹਾ ਹੈ। ਅੱਜ ਜ਼ਿੰਦਗੀ ਦੇ ਹੱਥਾਂ ਵਿੱਚੋਂ ਮੁਹੱਬਤ ਕਿਰਦੀ ਜਾ ਰਹੀ ਹੈ ਅਤੇ ਜ਼ਿੰਦਗੀ ਪ੍ਰਤੀ ਵਧ ਰਹੀ ਬੇਮੁਖਤਾ ਨੇ ਕੱਲ੍ਹ ਤੱਕ ਹੱਸਦੇ-ਖੇਡਦੇ ਵਿਹੜਿਆਂ ਵਿੱਚ ਗਮਾਂ ਦੀਆਂ ਦਰੀਆਂ ਵਿਛਾ ਦਿੱਤੀਆਂ ਹਨ। ਸ਼ਾਇਰ ਲੇਖਕ ਤਾਂ ਅੱਜ ਵੀ ਜ਼ਿੰਦਗੀ ਦੀਆਂ ਬਾਤਾਂ ਹੀ ਪਾਉਂਦੇ ਹਨ, ਪਰ ਅਸਲੀਅਤ ਵਿੱਚ ਜ਼ਿੰਦਗੀ ਪ੍ਰਤੀ ਉਪਰਾਮਤਾ ਦਾ ਮਾਹੌਲ ਕਿਉਂ ਬਣਦਾ ਜਾ ਰਿਹਾ ਹੈ?

ਚੰਡੀਗੜ੍ਹ ਵਿੱਚ ਹੀ ਪਿਛਲੇ ਹਫਤੇ 7 ਜਣਿਆਂ ਨੇ ਖੁਦਕੁਸ਼ੀ ਕੀਤੀ ਹੈ। ਚੰਡੀਗੜ੍ਹ ਵਰਗੇ ਆਧੁਨਿਕ ਅਤੇ ਜਾਗਰੂਕ ਸ਼ਹਿਰ ਦੇ ਨਾਲ ਹੀ ਜੇਕਰ ਆਪਣੇ ਪੂਰੇ ਮੁਲਕ ਦੀ ਗੱਲ ਵੀ ਕਰਨੀ ਹੋਵੇ ਤਾਂ ਹਰ ਸਾਲ ਭਾਰਤ ਵਿੱਚ ਔਸਤਨ ਸਵਾ ਲੱਖ ਲੋਕ ਆਪਣੀ ਮਰਜ਼ੀ ਨਾਲ ਆਪਣੀ ਜੀਵਨ-ਜੋਤ ਨੂੰ ਬੁਝਾ ਲੈਂਦੇ ਹਨ। ਇਸ ਤੋਂ ਬਿਨਾ 4 ਲੱਖ ਲੋਕ ਉਹ ਹਨ, ਜਿਹੜੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਬਚਾਅ ਲਏ ਜਾਂਦੇ ਹਨ। ਇੱਕ ਹੋਰ ਹੈਰਾਨੀਜਨਕ ਤੱਥ ਇਹ ਹੈ ਕਿ ਲਗਪਗ ਸੌ ਫੀਸਦੀ ਸਾਖਰਤਾ ਦਾ ਟੀਚਾ ਹਾਸਲ ਕਰਨ ਵਾਲਾ ਭਾਰਤ ਦਾ ਇੱਕੋ-ਇੱਕ ਸੂਬਾ ਕੇਰਲ ਖੁਦਕੁਸ਼ੀਆਂ ਵਿੱਚ ਸਭ ਤੋਂ ਅੱਗੇ ਹੈ। ਕੇਰਲ ਵਿੱਚ ਹਰ ਪੰਦਰਾਂ ਮਿੰਟ ਬਾਅਦ ਕੋਈ ਨਾ ਕੋਈ ਵਿਅਕਤੀ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਲਈ ਕੇਰਲ ਨੂੰ ਦੇਸ਼ ਵਿੱਚ ਖੁਦਕੁਸ਼ੀਆਂ ਦੀ ਰਾਜਧਾਨੀ ਕਿਹਾ ਜਾਣ ਲੱਗਾ ਹੈ। ਦੇਸ਼ ਵਿੱਚ ਖੁਦਕੁਸ਼ੀ ਦੀ ਕੌਮੀ ਔਸਤ ਇੱਕ ਲੱਖ ਦੀ ਆਬਾਦੀ 'ਤੇ 11 ਹੈ, ਜਦਕਿ ਕੇਰਲ ਵਿੱਚ ਇਹ ਔਸਤ 30 ਹੈ। ਭਾਰਤ ਵਿੱਚ ਖੁਦਕੁਸ਼ੀਆਂ ਦੇ ਰੁਝਾਨ ਵਿੱਚ ਅਚਾਨਕ ਆਈ ਇਹ ਤੇਜ਼ੀ ਜਿੱਥੇ ਭੈਅ-ਭੀਤ ਕਰਨ ਵਾਲੀ ਹੈ, ਉੱਥੇ ਹੁਕਮਰਾਨਾਂ ਅਤੇ ਸਮਾਜ ਵਿਗਿਆਨੀਆਂ ਲਈ ਇੱਕ ਵੱਡੀ ਚਣੌਤੀ ਵੀ ਹੈ। ਲੋੜ ਉਨ੍ਹਾਂ ਕਾਰਨਾਂ ਨੂੰ ਤਲਾਸ਼ਣ ਅਤੇ ਦੂਰ ਕਰਨ ਦੀ ਹੈ, ਜਿਹੜੇ ਭਾਰਤੀ ਸਮਾਜ ਵਿੱਚ ਇਸ ਹੱਦ ਤੱਕ ਨਿਰਾਸ਼ਾ ਦਾ ਮਾਹੌਲ ਪੈਦਾ ਕਰ ਰਹੇ ਹਨ ਕਿ ਲੋਕ ਮੁਸ਼ਕਲਾਂ, ਦੁਸ਼ਵਾਰੀਆਂ ਦਾ ਮੁਕਾਬਲਾ ਕਰਨ ਦੀ ਥਾਂ ਖੁਦਕੁਸ਼ੀ ਵਰਗੇ ਸਿਰੇ ਦੇ ਕਦਮ ਤਕ ਚੁੱਕਣ ਵੱਲ ਵਧਦੇ ਜਾ ਰਹੇ ਹਨ।

ਆਮ ਤੌਰ 'ਤੇ ਮਨੋਵਿਗਿਆਨੀ ਜਿਨ੍ਹਾਂ ਕਾਰਨਾਂ ਨੂੰ ਖੁਦਕੁਸ਼ੀਆਂ ਦੇ ਇਸ ਰੁਝਾਨ ਲਈ ਜ਼ਿੰਮੇਵਾਰ ਮੰਨਦੇ ਹਨ, ਉਨ੍ਹਾਂ ਵਿੱਚ ਪਰਿਵਾਰਕ ਕਲੇਸ਼, ਪੜ੍ਹਾਈ, ਕੰਮ-ਕਾਰ, ਕਾਰੋਬਾਰ ਵਿੱਚ ਨਾਕਾਮੀ, ਘਰੇਲੂ ਹਿੰਸਾ, ਕਰਜ਼ੇ ਦਾ ਭਾਰ, ਦਾਜ ਦਹੇਜ, ਆਰਥਕ ਤੰਗੀਆਂ-ਤੁਰਸ਼ੀਆਂ, ਨਸ਼ੇ-ਪੱਤੇ ਅਤੇ ਆਤਮ ਵਿਸ਼ਵਾਸ ਦੀ ਕਮੀ ਆਦਿ ਪ੍ਰਮੁੱਖ ਹਨ। ਬਿਨਾ ਸ਼ੱਕ ਇਹ ਵੱਡੀਆਂ ਸਮੱਸਿਆਵਾਂ ਹਨ ਅਤੇ ਪਿਛਲੇ 10 ਕੁ ਸਾਲਾਂ ਵਿੱਚ ਇਨ੍ਹਾਂ ਵਿੱਚ ਅੰਤਾਂ ਦਾ ਵਾਧਾ ਵੀ ਲਗਾਤਾਰ ਜਾਰੀ ਹੈ, ਪਰ ਸੰਸਾਰ ਦਾ ਕੋਈ ਵੀ ਹਿੱਸਾ ਸਮੱਸਿਆਵਾਂ ਤੋਂ ਮੁਕਤ ਨਹੀਂ ਹੈ। ਤੰਗੀਆਂ-ਤੁਰਸ਼ੀਆਂ, ਮੁਸ਼ਕਲਾਂ, ਦੁੱਖ-ਦਰਦ, ਪੀੜਾਂ ਆਦਿ ਖੁਸ਼ੀਆਂ-ਖੇੜਿਆਂ ਦੇ ਨਾਲ ਨਾਲ ਹੀ ਚਲਿਆ ਕਰਦੀਆਂ ਹਨ। ਹਾਂ! ਇਹ ਠੀਕ ਹੈ ਕਿ ਮੌਜੂਦਾ ਦੌਰ ਵਿੱਚ ਮਨੁੱਖੀ ਜੀਵਨ ਵਿੱਚ ਦੁੱਖਾਂ-ਦਰਦਾਂ ਅਤੇ ਮੁਸੀਬਤਾਂ ਦੇ ਪਹਾੜ ਨਿਰੰਤਰ ਦੂਣ-ਸਵਾਏ ਹੋ ਰਹੇ ਹਨ ਤੇ ਮਨ ਦੀ ਝੀਲ ਵਿੱਚ ਹਰ ਰੋਜ਼ ਨਵੇਂ ਰੇਗਿਸਤਾਨ ਉੱਗ ਰਹੇ ਹਨ। ਜੀਵਨ ਦੇ ਹਰ ਮੋੜ 'ਤੇ ਤਣਾਅ ਦਾ ਫਨੀਅਰ ਡੱਸਦਾ ਹੈ ਤੇ ਧੁੱਪ ਵੀ ਕਾਲੀ ਰਾਤ ਵਾਂਗ ਚੁੱਭਦੀ ਹੈ। ਪਰ ਖੁਦਕੁਸ਼ੀ ਤਾਂ ਇਨ੍ਹਾਂ ਪ੍ਰਸਥਿਤੀਆਂ ਤੋਂ ਹਾਰ ਜਾਣਾ ਹੈ, ਲੋੜ ਤਾਂ ਇਨ੍ਹਾਂ ਦਾ ਮੁਕਾਬਲਾ ਕਰਨ ਦੀ ਹੈ।

ਦਰਅਸਲ ਜਦੋਂ ਤੋਂ ਸੰਸਾਰੀਕਰਨ ਦੇ ਦੌਰ ਨੇ ਬੰਦੇ ਨੂੰ ਖੁੱਲ੍ਹੇ ਬਾਜ਼ਾਰ ਦੇ ਹਵਾਲੇ ਕੀਤਾ ਹੈ, ਉਦੋਂ ਤੋਂ ਹੀ ਮਨੁੱਖੀ ਮਨ ਦੇ ਆਲੇ-ਦੁਆਲੇ ਹਰ ਪਲ ਨਵੇਂ ਤੋਂ ਨਵੇਂ ਖਤਰੇ ਪੈਦਾ ਹੋ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੀ ਤਾਜ਼ਾ ਰਿਪੋਰਟ ਮੁਤਾਬਕ ਸੰਸਾਰ ਵਿੱਚ ਡੇਢ ਅਰਬ ਦੇ ਕਰੀਬ ਲੋਕ ਕਿਸੇ ਨਾ ਕਿਸੇ ਮਾਨਸਿਕ ਬਿਮਾਰੀ ਦਾ ਸ਼ਿਕਾਰ ਹਨ ਤੇ ਇਹਦੇ ਵਿੱਚੋਂ 30 ਕਰੋੜ ਦੇ ਲਗਪਗ ਲੋਕ ਆਪਣੇ ਮੁਲਕ ਦੇ ਹਨ। ਜ਼ਰਾ ਸੋਚੋ! ਜਿਸ ਮੁਲਕ ਦੀ ਕੁਲ ਆਬਾਦੀ ਦਾ ਲਗਪਗ 18 ਫੀਸਦੀ ਮਾਨਸਿਕ ਰੋਗੀ ਹੋਵੇ, ਉਹ ਮੁਲਕ ਸੰਸਾਰ ਦੀਆਂ ਮਹਾਸ਼ਕਤੀਆਂ ਨਾਲ ਆਪਣਾ ਵਰ ਕਿਵੇਂ ਮੇਚ ਲਵੇਗਾ? ਅਗਲੀ ਹੈਰਾਨੀ ਤੇ ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਆਪਣੇ ਮੁਲਕ ਵਿੱਚ ਮਾਨਸਿਕ ਰੋਗੀਆਂ ਦੇ ਇਲਾਜ ਲਈ ਨਾ ਤਾਂ ਲੋੜੀਂਦੇ ਹਸਪਤਾਲ ਹੀ ਹਨ ਤੇ ਨਾ ਹੀ ਡਾਕਟਰ। ਜਿਸ ਮੁਲਕ ਨੂੰ ਇਸ ਵਕਤ 32 ਹਜ਼ਾਰ ਮਾਹਿਰ ਮਾਨਸਿਕ ਰੋਗਾਂ ਦੇ ਡਾਕਟਰਾਂ ਦੀ ਤੁਰੰਤ ਜ਼ਰੂਰਤ ਹੈ, ਉੱਥੇ ਸਿਰਫ 3300 ਡਾਕਟਰ ਹਨ। ਉਪਰੋਂ ਸਿਤਮ ਇਹ ਹੈ ਕਿ ਮਾਨਸਿਕ ਰੋਗੀਆਂ ਨੂੰ ਅਸੀਂ ਬਿਨਾ ਕਿਸੇ ਲੱਗ-ਲਪੇਟ ਦੇ ਸਿੱਧੇ ਹੀ ਪਾਗਲਾਂ ਦੇ ਖਾਨੇ ਵਿੱਚ ਵਗਾਹ ਮਾਰਦੇ ਹਾਂ।


> ਜਦੋਂ ਤੋਂ ਸੰਸਾਰੀਕਰਨ ਦੇ ਦੌਰ ਨੇ ਬੰਦੇ ਨੂੰ ਖੁੱਲ੍ਹੇ ਬਾਜ਼ਾਰ ਦੇ ਹਵਾਲੇ ਕੀਤਾ ਹੈ, ਉਦੋਂ ਤੋਂ ਹੀ ਮਨੁੱਖੀ ਮਨ ਦੇ ਆਲੇ-ਦੁਆਲੇ ਹਰ ਪਲ ਨਵੇਂ ਤੋਂ ਨਵੇਂ ਖਤਰੇ ਪੈਦਾ ਹੋ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੀ ਤਾਜ਼ਾ ਰਿਪੋਰਟ ਮੁਤਾਬਕ ਸੰਸਾਰ ਵਿੱਚ ਡੇਢ ਅਰਬ ਦੇ ਕਰੀਬ ਲੋਕ ਕਿਸੇ ਨਾ ਕਿਸੇ ਮਾਨਸਿਕ ਬਿਮਾਰੀ ਦਾ ਸ਼ਿਕਾਰ ਹਨ ਤੇ ਇਹਦੇ ਵਿੱਚੋਂ 30 ਕਰੋੜ ਦੇ ਲਗਪਗ ਲੋਕ ਆਪਣੇ ਮੁਲਕ ਦੇ ਹਨ। ਜ਼ਰਾ ਸੋਚੋ! ਜਿਸ ਮੁਲਕ ਦੀ ਕੁਲ ਆਬਾਦੀ ਦਾ ਲਗਪਗ 18 ਫੀਸਦੀ ਮਾਨਸਿਕ ਰੋਗੀ ਹੋਵੇ, ਉਹ ਮੁਲਕ ਸੰਸਾਰ ਦੀਆਂ ਮਹਾਸ਼ਕਤੀਆਂ ਨਾਲ ਆਪਣਾ ਵਰ ਕਿਵੇਂ ਮੇਚ ਲਵੇਗਾ?



ਸਾਡੇ ਸਮਾਜ ਵਿੱਚ ਪਹਿਲਾਂ ਤਾਂ ਮਾਨਸਿਕ ਰੋਗੀ ਹੀ ਇਹ ਮੰਨਣ ਲਈ ਤਿਆਰ ਨਹੀਂ ਕਿ ਉਸਨੂੰ ਕੋਈ ਮਾਨਸਿਕ ਪ੍ਰੇਸ਼ਾਨੀ ਜਾਂ ਬਿਮਾਰੀ ਹੈ ਤੇ ਜੇ ਉਹ ਆਪਣੀ ਬਿਮਾਰੀ ਮੰਨ ਕੇ ਇਲਾਜ ਲਈ ਤੁਰ ਵੀ ਪੈਂਦਾ ਹੈ ਤਾਂ ਸਾਡਾ ਆਲਾ-ਦੁਆਲਾ ਉਸ ਦੀ ਬਿਮਾਰੀ ਨੂੰ ਸਮਝਣ ਅਤੇ ਉਹਦੇ ਇਲਾਜ ਵਿੱਚ ਉਹਦੀ ਮਦਦ ਕਰਨ ਦੀ ਥਾਂ ਉਹਨੂੰ ਪਾਗਲ ਗਰਦਾਨ ਕੇ ਆਪਣੀ 'ਬੁੱਧੀਮਤਾ' ਦਾ ਖੁੱਲ੍ਹਾ ਪ੍ਰਗਟਾਵਾ ਕਰਨ ਵਿੱਚ ਹੀ ਆਪਣੀ ਸ਼ਾਨ ਸਮਝਦਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਮਾਨਸਿਕ ਰੋਗਾਂ ਨੂੰ ਵੀ ਬਾਕੀ ਰੋਗਾਂ ਵਾਂਗ ਹੀ ਇੱਕ ਰੋਗ ਸਮਝ ਕੇ ਉਹਦੇ ਇਲਾਜ ਲਈ ਯਤਨ ਹੋਣ ਅਤੇ ਨੌਜਵਾਨਾਂ ਵਿੱਚ ਖਾਸ ਤੌਰ 'ਤੇ ਖਪਤ ਸੱਭਿਆਚਾਰ ਦੇ ਨਫ਼ੇ-ਨੁਕਸਾਨਾਂ ਬਾਰੇ ਜਾਗਰੂਕਤਾ ਲਿਆਉਣ ਦੇ ਉਪਰਾਲੇ ਕੀਤੇ ਜਾਣ ਤਾਂ ਹੀ ਇੱਕ ਬਿਮਾਰ ਮੁਲਕ ਵਿੱਚ ਤਬਦੀਲ ਹੁੰਦੇ ਅਤੇ ਖੁਦਕੁਸ਼ੀਆਂ ਵੱਲ ਵਧ ਰਹੇ ਮੁਲਕ ਨੂੰ ਬਚਾਇਆ ਜਾ ਸਕੇਗਾ। ਪਰ ਇਹ ਕੰਮ ਕਰੇ ਕੌਣ? ਮੁਲਕ ਵਿੱਚ ਭਾਰੂ ਸਿਆਸੀ ਧਿਰਾਂ ਨੂੰ ਤਾਂ ਇਹਦਾ ਕੋਈ ਫ਼ਿਕਰ ਨਹੀਂ, ਕਿਉਂਕਿ ਉਨ੍ਹਾਂ ਦੀਆਂ ਸਿਆਸੀ ਲੋੜਾਂ ਇੱਕ ਬਿਮਾਰ ਅਤੇ ਬੇਬਸ ਸਮਾਜ ਹੀ ਪੂਰੀਆਂ ਕਰਦਾ ਹੈ। ਤਾਂ ਫਿਰ ਕੀ ਹੋਵੇ? ਇੱਥੇ ਲੋੜ ਉਨ੍ਹਾਂ ਧਿਰਾਂ ਦੀ ਨਿਸ਼ਾਨਦੇਹੀ ਕਰਨ ਦੀ ਹੈ, ਜਿਹੜੀਆਂ ਅਮਲੀ ਰੂਪ ਵਿੱਚ ਇੱਕ ਚੰਗੇਰੇ ਅਤੇ ਨਰੋਏ ਸਮਾਜ ਦੀ ਸਿਰਜਣਾ ਦੇ ਇਤਿਹਾਸਕ ਕਾਰਜ ਵਿੱਚ ਗੰਭੀਰਤਾ ਨਾਲ ਜੁਟੀਆਂ ਹੋਈਆਂ ਹਨ। ਜਿੱਥੇ ਆਮ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਕਾਰਜ ਵੱਲ ਉਚੇਚਾ ਧਿਆਨ ਦੇਣਾ ਪਵੇਗਾ, ਉੱਥੇ ਇਨ੍ਹਾਂ ਧਿਰਾਂ ਨੂੰ ਵੀ ਆਪਣਾ ਘੇਰਾ ਵਿਸ਼ਾਲ ਕਰਨ ਦੇ ਨਵੇਂ ਤੌਰ ਤਰੀਕੇ ਸੋਚਣੇ ਪੈਣਗੇ। ਅਖੀਰ ਵਿੱਚ ਅਮਰੀਕਾ ਵਸੇਂਦੇ ਸ਼ਾਇਰ ਮਿੱਤਰ ਕੁਲਵਿੰਦਰ ਦੇ ਇਸ ਸ਼ਿਅਰ ਨਾਲ ਦਿਓ ਆਗਿਆ:

ਬਣੋ ਸੂਰਜ ਜਾਂ ਜੁਗਨੂੰ ਹੀ ਬਣੋ, ਚੀਰੋ ਹਨੇਰਾ
ਨਾ ਫੁੱਲਾਂ ਵਾਂਗ ਮੁਰਝਾਓ ਚਰਾਗਾਂ ਦਾ ਸਮਾਂ ਹੈ।

ਦੁੱਖੜੇ ਬਟਵਾਰੇ ਦੇ



ਸਾਂਵਲ ਧਾਮੀ
ਫੋਨ:+91-9781843444

# ਮੋਇਆਂ ਨੂੰ ਆਵਾਜ਼ਾਂ !

> 1947 ਦੇ ਦੁਖੜਿਆਂ ਦੀ ਵਾਰਤਾ ਬਹੁਤ ਲੰਮੀ ਹੈ। ਜਿਨ੍ਹਾਂ ਨੇ ਸੰਨ ਸੰਤਾਲੀ ਦੇ ਬਟਵਾਰੇ ਦੀ ਮਾਰ ਝੱਲੀ ਹੈ, ਉਹ ਉਨ੍ਹਾਂ ਦੇ ਜ਼ਹਿਨ ਵਿੱਚ ਤਾਜ਼ਾ ਹੈ। ਉਦੋਂ ਬੜੇ ਲੋਕਾਂ ਦਾ ਬੜਾ ਕੁਝ ਗੁਆਚ ਗਿਆ- ਕੀ ਜ਼ਮੀਨ/ਜਾਇਦਾਦ, ਕੀ ਮਾਲ-ਡੰਗਰ ਤੇ ਕੀ ਰਿਸ਼ਤੇ-ਨਾਤੇ! ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਭੁੱਲ, ਅਸਹਿ-ਅਕਹਿ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।

ਜੇਜੋਂ, ਹਵੇਲੀ ਤੇ ਭੰਗੋਵਾਲ- ਇਹ ਤਿੰਨੋਂ ਪਿੰਡ, ਜ਼ਿਲ੍ਹਾ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ 'ਚ ਪੈਂਦੇ ਨੇ। ਇਨ੍ਹਾਂ ਪਿੰਡਾਂ 'ਚੋਂ ਉੱਠ ਕੇ ਤੰਬੜ ਗੋਤ ਦੇ ਸੈਣੀ ਜ਼ਿਲ੍ਹਾ ਸ਼ੇਖੂਪੁਰਾ ਦੀ ਤਹਿਸੀਲ ਨਨਕਾਣਾ ਸਾਹਿਬ ਦੇ ਚੱਕ ਨੰਬਰ ਚਾਰ 'ਚ ਜਾ ਵਸੇ ਸਨ। ਇਸ ਚੱਕ ਨੂੰ ਗੁਗੇਰਾ ਬ੍ਰਾਂਚ ਨਹਿਰ ਦਾ ਪਾਣੀ ਲੱਗਦਾ ਸੀ। ਇਸ ਕਰਕੇ ਇਸਦਾ ਅਸਲ ਨਾਂ ਸੀ- ਚਾਰ ਜੀ.ਬੀ.। ਚੱਕ ਵਾਸੀਆਂ ਨੇ ਇਸਦਾ ਇੱਕ ਆਪਣਾ ਨਾਂ 'ਭਗਵਾਨਪੁਰ' ਵੀ ਰੱਖ ਲਿਆ ਸੀ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਹੀ ਜਿਆਣ ਤੇ ਪੰਡੋਰੀ ਗੰਗਾ ਸਿੰਘ ਆਦਿ ਪਿੰਡਾਂ ਤੋਂ ਖੱਡੀਆਂ ਬੁਣਨ ਵਾਲੇ ਵੀ ਓਥੇ ਪਹੁੰਚ ਗਏ ਸਨ। ਚੱਗਰਾਂ ਵਾਲੇ ਗੰਗੂ ਰਾਮ ਦੇ ਚਾਰ ਪੁੱਤਰ ਸਨ। ਇਹ ਟੱਬਰ ਅੱਧ 'ਤੇ ਜ਼ਮੀਨ ਲੈ ਕੇ ਖੇਤੀ ਕਰਦਾ ਸੀ। ਇੱਕ ਘਰ ਜਲੰਧਰ ਜ਼ਿਲ੍ਹੇ ਦੇ ਪਿੰਡ ਕੋਟਲਾ ਤੋਂ ਗਿਆ ਹੋਇਆ ਸੀ। ਉਹ ਮਿੱਟੀ ਦੇ ਭਾਂਡੇ ਬਣਾਉਂਦਾ ਸੀ। ਜੰਗੀ ਨਾਂ ਦਾ ਵਿਅਕਤੀ, ਸੇਪ 'ਤੇ ਕੱਪੜੇ ਸਿਉਂਦਾ ਤੇ ਇਸ ਬਦਲੇ ਉਸਨੂੰ ਹਾੜ੍ਹੀ-ਸਾਉਣੀ ਦਾਣੇ ਮਿਲਦੇ ਸਨ।

ਨਨਕਾਣਾ ਸਾਹਿਬ ਨੇੜਲੇ ਚੱਕਾਂ 'ਚ ਵੱਸਦੇ ਲਗਪਗ ਸਾਰੇ ਸੈਣੀਆਂ ਦਾ ਪਿਛੋਕੜ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦਾ ਸੀ। ਸੱਤ ਤੇ ਅੱਠ ਚੱਕਾਂ ਦੇ ਵਿਚਕਾਰ ਸੈਣੀਬਾਰ ਸਕੂਲ ਦੀ ਸਥਾਪਨਾ, ਇਸ ਇਲਾਕੇ ਦੀ ਵੱਡੀ ਪ੍ਰਾਪਤੀ ਸੀ। ਇਸ ਸਕੂਲ ਦੀ ਉਸਾਰੀ 'ਚ ਮੋਹਰੀ ਭੂਮਿਕਾ ਸੱਤ ਚੱਕ ਵਾਲੇ ਸਤੌਰੀਏ ਠਾਕੁਰ ਸਿੰਘ ਬੜਵਾਲ ਹੁਰਾਂ ਨਿਭਾਈ ਸੀ।

ਇਹ ਬਹੁਤ ਮਿਹਨਤੀ ਲੋਕ ਸਨ। ਵਾਧੂ ਖਰਚ ਜਾਂ ਫੋਕੇ ਵਿਖਾਵਿਆਂ 'ਚ ਇਨ੍ਹਾਂ ਦਾ ਕੋਈ ਯਕੀਨ ਨਹੀਂ ਸੀ। ਧੀ-ਪੁੱਤ ਦੇ ਵਿਆਹ ਦਾ ਭਾਰ ਪੂਰਾ ਪਿੰਡ ਚੁੱਕਦਾ ਸੀ। ਰੋਟੀ ਵੇਲੇ ਪਿੰਡ ਦੇ ਮੁਹਤਬਰ ਬੰਦਿਆਂ ਨੇ ਵਹੀ ਲੈ ਕੇ ਬੈਠ ਜਾਣਾ। ਹਰੇਕ ਲਾਣੇਦਾਰ ਨੂੰ ਪੁੱਛਣਾ- ਤੇਰੇ ਇਹਨੇ ਪੰਜ ਪਾਏ ਸੀ, ਭਾਈ ਤੂੰ ਦੱਸ, ਕਿੰਨਾ ਸ਼ਗਨ ਪਾਉਣਾ? ਮੇਰੇ ਦਸ ਲਿਖ ਲਓ ਜੀ- ਮੁਹਰਿਓਂ ਅਜਿਹਾ ਕੋਈ ਜਵਾਬ ਮਿਲਣਾ। ਮਾਂਹ, ਚੌਲ, ਸ਼ੱਕਰ ਤੇ ਦੇਸੀ ਘਿਉ, ਘਰ ਦੇ ਹੁੰਦੇ। ਨਾਲ ਅੰਬਾਂ ਨੂੰ ਉਬਾਲ ਕੇ ਮਲਾਂਜੀ ਬਣਾ ਲੈਂਦੇ। ਰੋਟੀ ਖਾਣ ਵਾਲੇ ਥਾਲੀ, ਕੌਲੀ ਤੇ ਗਿਲਾਸ ਆਪਣਾ ਲੈ ਕੇ ਜਾਂਦੇ ਹੁੰਦੇ ਸਨ।

ਉਹ ਵੇਲੇ ਸਸਤੇ ਸਨ। ਪੰਜੀ ਰੁਪਏ 'ਚ ਵਰ੍ਹੀ ਦੇ ਚਾਰ ਸੂਟ ਬਣ ਜਾਂਦੇ। ਇਨ੍ਹਾਂ 'ਚ ਇੱਕ ਸੂਟ ਸ਼ਨੀਲ ਦਾ ਵੀ ਹੁੰਦਾ। ਜਿਹਨੂੰ ਜਨੇਤ ਜਾਣ ਲਈ ਕਹਿਣਾ, ਉਹਨੇ ਆਪਣਾ ਕਿਰਾਇਆ ਆਪ ਲਗਾ ਕੇ ਜਾਣਾ।

ਚਾਰ ਚੱਕ 'ਚ ਭੰਡੇ ਤੇਲੀ ਦਾ ਕੋਹਲੂ ਹੁੰਦਾ ਸੀ। ਉਹਦਾ ਭਰਾ ਹੱਸੂ ਕਿਸਾਨਾਂ ਨਾਲ ਸੀਰੀ ਰਲਦਾ ਸੀ। ਸੰਤਾਲੀ ਤੋਂ ਕਈ ਸਾਲਾਂ ਤੱਕ ਉਹ ਚਾਰ ਚੱਕ ਵਾਲਿਆਂ ਨੂੰ ਚਿੱਠੀਆਂ ਲਿਖਵਾਉਂਦਾ ਰਿਹਾ ਸੀ- ਅਸੀਂ ਤਾਂ ਭੁੱਖੇ ਮਰਦੇ ਪਏ ਆਂ ਸਰਦਾਰੋ, ਸਾਨੂੰ ਚੜ੍ਹਦੇ ਪੰਜਾਬ ਸੱਦ ਲਓ। ਜਵਾਬ 'ਚ ਮੁਖਲਿਆਣੇ ਵੱਸਦੇ ਮਾਸਟਰ ਪ੍ਰੀਤਮ ਸਿੰਘ ਨੇ ਉਸਨੂੰ ਪੁੱਛਿਆ ਸੀ-ਹੱਸੂ ਚਾਚਾ ਤੂੰ ਹੁਣ ਕਿਸੇ ਨਾਲ ਸੀਰੀ ਨਹੀਂ ਰਲਦਾ?

ਹੱਸੂ ਨੇ ਜਵਾਬ 'ਚ ਲਿਖਵਾਇਆ ਸੀ- ਕਿਸੇ ਵੀ ਜ਼ਿਮੀਦਾਰਾਂ ਦੇ ਅੱਠ ਤੋਂ ਘੱਟ ਨਿਆਣੇ ਨਹੀਂ, ਸਾਨੂੰ ਸੀਰੀ ਕਿਹਨੇ ਰੱਖਣਾ?

ਚਾਰ ਚੱਕ 'ਚ ਇੱਕ ਰਹਿਮੀ ਫਕੀਰ ਵੀ ਹੁੰਦਾ ਸੀ। ਉਹ ਆਪਣੀ ਦਵਾਈ ਕਰਕੇ ਬਹੁਤ ਮਸ਼ਹੂਰ ਸੀ। ਖੱਦਰ ਦੇ ਕੱਪੜੇ 'ਚ ਲਪੇਟ ਕੇ ਉਹ ਕਾਲੀ ਜਿਹੀ ਦਵਾਈ ਫੋੜੇ 'ਤੇ ਲਗਾ ਦਿੰਦਾ। ਉਸ ਕੱਪੜੇ ਨੇ ਉਦੋਂ ਉਤਰਨਾ, ਜਦੋਂ ਫੋੜਾ ਠੀਕ ਹੋ ਜਾਣਾ। ਉਸ ਕੋਲ ਲਗਪਗ ਹਰ ਬਿਮਾਰੀ ਦਾ ਇਲਾਜ ਸੀ, ਪਰ ਜਦੋਂ ਕੋਈ ਮੌਲੇ ਦੀ ਦੇਸੀ ਦਵਾਈ ਨਾਲ ਠੀਕ ਨਾ ਹੁੰਦਾ ਤਾਂ ਉਹਨੂੰ ਨਨਕਾਣਾ ਸਾਹਿਬ ਦੇ ਵੱਡੇ ਹਸਪਤਾਲ ਲੈ ਤੁਰਦੇ। ਗੱਡਾ ਹਾਲੇ ਵਸੀਵਾਂ ਵੀ ਨਾ ਲੰਘਦਾ ਤਾਂ ਪਿੰਡ 'ਚ ਗੱਲਾਂ ਸ਼ੁਰੂ ਹੋ ਜਾਂਦੀਆਂ ਕਿ ਹੁਣ ਇਹਨੇ ਜਿਉਂਦਾ ਨਹੀਂ ਮੁੜਨਾ।

ਰੱਖੀ ਦਾਈ ਉਸ ਚੱਕ ਦੀ ਸਭ ਨਾਲੋਂ ਸਤਿਕਾਰਤ ਔਰਤ ਸੀ। ਦੱਸਦੇ ਨੇ ਕਿ ਚਾਰ ਚੱਕ ਦੇ ਮੁਹਤਬਰ ਉਸਨੂੰ ਮਿੰਨਤਾਂ-ਤਰਲਿਆਂ ਨਾਲ ਇਸ ਚੱਕ 'ਚ ਲੈ ਕੇ ਆਏ ਸਨ। ਰਹਿਣ ਲਈ ਕਨਾਲ ਜ਼ਮੀਨ ਦਿੱਤੀ ਸੀ। ਉਹ ਜਾਂਗਲੀ ਬੋਲੀ ਬੋਲਦੀ ਸੀ। ਹਰ ਕੋਈ ਉਸਨੂੰ ਸਿਰ ਝੁਕਾ ਕੇ ਮਿਲਦਾ ਸੀ।

ਸੰਤਾਲੀ ਵੇਲੇ, ਜਦੋਂ ਚਾਰ ਚੱਕੀਏ ਪਿੰਡ ਛੱਡਣ ਦੀਆਂ ਤਿਆਰੀਆਂ ਕਰਨ ਲੱਗੇ ਤਾਂ ਉਨ੍ਹਾਂ ਰੱਖੀ ਦਾਈ ਨੂੰ ਨਾਲ ਤੁਰਨ ਲਈ ਬਹੁਤ ਮਿੰਨਤਾਂ ਕੀਤੀਆਂ। ਉਹ ਆਪਣਾ ਘਰ-ਪਰਿਵਾਰ ਛੱਡ ਕੇ ਇਨ੍ਹਾਂ ਨਾਲ ਕਿਵੇਂ ਤੁਰ ਸਕਦੀ ਸੀ?

ਇਹ ਸਾਰੀਆਂ ਗੱਲਾਂ ਮੈਂ ਮੁਖਲਿਆਣੇ ਵੱਸਦੇ ਨੱਬੇ ਸਾਲਾ ਪ੍ਰੀਤਮ ਸਿੰਘ ਤੰਬੜ ਤੇ ਹੁਸ਼ਿਆਰਪੁਰ ਸ਼ਹਿਰ ਦੇ ਸੁੰਦਰ ਨਗਰ ਮੁਹੱਲੇ 'ਚ ਰਹਿ ਰਹੀ ਬੀਬੀ ਸਵਰਨ ਕੌਰ ਕੋਲੋਂ ਸੁਣੀਆਂ ਨੇ। ਚੱਗਰੀਏ ਗੰਗੂ ਰਾਮ ਦੀ ਧੀ ਸਵਰਨ ਕੌਰ ਦੇ ਚਾਰ ਭਰਾ ਸਨ। ਸੰਤਾਲੀ ਵੇਲੇ ਮੌਲਾ ਬਾਰ੍ਹਾਂ ਤੇ ਦੌਲਾ ਪੰਦਰਾਂ ਕੁ ਵਰ੍ਹਿਆਂ ਦਾ ਸੀ। ਪਿੰਡ ਦੇ ਲਹਿੰਦੇ ਪਾਸੇ ਬਾਗ 'ਚ ਬਣੇ ਢਾਰਿਆਂ 'ਚ ਇਹ ਟੱਬਰ ਰਹਿੰਦਾ ਹੁੰਦਾ ਸੀ।

ਸੰਤਾਲੀ 'ਚ ਜਦੋਂ ਇਸ ਚੱਕ 'ਤੇ ਹਮਲਾ ਹੋਇਆ ਤਾਂ ਪਿੰਡ ਦੇ ਲੋਕ ਖਿੰਡਰ-ਪੁੰਡਰ ਗਏ। ਬਹੁਤੇ ਪਿੰਡੋਂ ਨਿਕਲ ਕੇ ਬਾਗ 'ਚ ਆ ਗਏ। ਕੋਈ ਸੰਗਤਰਿਆਂ ਥੱਲੇ, ਕੋਈ ਕੇਲਿਆਂ ਪਿੱਛੇ ਤੇ ਕੋਈ ਬੇਰੀਆਂ ਓਹਲੇ ਲੁਕ ਗਿਆ ਸੀ। ਰਾਤ ਪੈਣ 'ਤੇ ਜਦੋਂ ਲੋਕ ਇੱਥੋਂ ਤੁਰੇ ਤਾਂ ਮੌਲਾ ਤੇ ਦੌਲਾ ਓਥੇ ਹੀ ਰਹਿ ਗਏ ਸਨ।

ਬਾਗ 'ਚੋਂ ਨਿਕਲ ਕੇ ਇਹ ਪਿੰਡ ਕਾਫ਼ਲੇ ਦੀ ਸ਼ਕਲ 'ਚ ਨਨਕਾਣਾ ਸਾਹਿਬ ਪਹੁੰਚ ਗਿਆ ਸੀ। ਓਥੇ ਇਨ੍ਹਾਂ ਅੱਠ-ਦਸ ਦਿਨ ਗੁਜ਼ਾਰੇ ਸਨ। ਇੱਥੋਂ ਕਾਫ਼ਲਾ ਤੁਰਿਆ ਤਾਂ ਗੰਡਾ ਸਿੰਘ ਵਾਲੇ ਹੈੱਡ 'ਤੇ ਇਨ੍ਹਾਂ ਨੂੰ ਰੋਕ ਲਿਆ ਗਿਆ ਸੀ।

"ਬੰਦਿਆਂ ਨਾਲ ਤੀਵੀਆਂ ਵੀ ਲੁੱਟਣ ਆਈਆਂ ਹੋਈਆਂ ਸਨ। ਤੀਵੀਆਂ ਸਾਡੀ ਮਾਰ-ਕੁੱਟ ਵੀ ਕੀਤੀ। ਤਲਾਸ਼ੀਆਂ ਲਈਆਂ। ਜੋ ਗਹਿਣਾ-ਗੱਟਾ ਲੁਕੋਇਆ ਸੀ, ਉਹ ਲੈ ਲਿਆ। ਸ਼ੁਕਰ ਰੱਬ ਦਾ ਕੋਈ ਕਤਲ ਨਹੀਂ ਹੋਇਆ। ਸਾਥੋਂ ਪਹਿਲਾ ਵਾਲਾ ਅੱਧਾ ਕਾਫ਼ਲਾ ਤਾਂ ਉਨ੍ਹਾਂ ਜਾਨੋਂ ਮਾਰ ਦਿੱਤਾ ਸੀ। ਸਾਡੀ ਚੰਗੀ ਕਿਸਮਤ ਕਿ ਮੌਕੇ 'ਤੇ ਗੋਰਖੇ ਆ ਗਏ ਸਨ।" ਬੀਬੀ ਸਵਰਨ ਕੌਰ ਆਪਣੀ ਕਹਾਣੀ ਸੁਣਾ ਰਹੀ ਸੀ।

"ਕੋਈ ਮਹੀਨਾ ਭਰ ਅਸੀਂ ਫਗਵਾੜੇ ਕਿਸੇ ਰਿਸ਼ਤੇਦਾਰ ਕੋਲ ਰਹੇ ਤੇ ਫਿਰ ਆਪਣੇ ਜੱਦੀ ਪਿੰਡ ਚੱਗਰਾਂ ਆ ਗਏ। ਛੇਤੀਂ ਸਾਨੂੰ ਫੁਗਲਾਣੇ ਪਿੰਡ 'ਚ ਕਿਸੇ ਮੁਸਲਮਾਨ ਦਾ ਘਰ ਮਿਲ ਗਿਆ। ਕੀ ਦੱਸਾਂ ਪੁੱਤਰਾ, ਕਿਤੇ ਘੋੜੇ ਵਰਗਾ ਸੀ ਬਾਪੂ ਮੇਰਾ, ਬਸ ਮੌਲੇ ਤੇ ਦੌਲੇ ਦੇ ਵਿਛੋੜੇ ਨੇ ਲੈ ਲਿਆ। ਮੰਜਾ ਮੱਲ ਕੇ ਪੈ ਗਿਆ। ਅਸੀਂ ਤਾਂ ਇਹੋ ਸੋਚਿਆ ਸੀ ਕਿ ਉਹ ਕਿਸੇ ਮਾਰ ਸੁੱਟੇ ਹੋਣੇ ਨੇ। ਮੈਂ ਮਾਂ ਨੂੰ ਮੌਤ ਤੋੜੀ ਮੁੜ ਕਦੇ ਹੱਸਦੇ ਨਹੀਂ ਵੇਖਿਆ। ਮੁੱਕਦੀ ਗੱਲ ਇਹ ਕਿ ਸਾਡੇ ਮਾਪੇ ਉਨ੍ਹਾਂ ਦੋਹਾਂ ਨੂੰ ਰੋਂਦੇ ਦੁਨੀਆਂ ਤੋਂ ਤੁਰ ਗਏ।" ਬੀਬੀ ਨੇ ਨਿਰਾਸ਼ਾ 'ਚ ਸਿਰ ਮਾਰਦਿਆਂ ਹਉਕਾ ਭਰਿਆ ਸੀ।

"ਮੁੜ ਪਤਾ ਲੱਗਿਆ, ਭਰਾਵਾਂ ਦਾ?" ਮੈਂ ਸਵਾਲ ਕੀਤਾ ਸੀ।

"ਬੜੇ ਸਾਲਾਂ ਦੇ ਬਾਅਦ, ਉਹ ਮਿਲਣ ਆਏ ਸੀ। ਸਾਨੂੰ ਚਾਰ ਚੱਕ 'ਚ ਚੱਗਰੀਏ ਕਿਹਾ ਜਾਂਦਾ ਸੀ। ਉਨ੍ਹਾਂ ਨੂੰ ਸਾਡਾ ਜੱਦੀ ਪਿੰਡ ਯਾਦ ਸੀ। ਪਹਿਲਾਂ ਉਹ ਚੱਗਰਾਂ ਆਏ ਤੇ ਫਿਰ ਪੁੱਛਦੇ-ਪੁਛਾਉਂਦੇ ਫੁਗਲਾਣੇ ਪਹੁੰਚ ਗਏ। ਉਹ ਤਾਂ ਪਛਾਣ ਹੀ ਨਹੀਂ ਸੀ ਹੁੰਦੇ। ਸਿਰਾਂ 'ਤੇ ਪੱਗੜ ਜਿਹੇ ਬੰਨੇ ਸਨ। ਹੁੱਕੇ ਉਨ੍ਹਾਂ ਦੇ ਕੋਲ ਸਨ। ਵੱਡੀਆਂ-ਵੱਡੀਆਂ ਮੁੱਛਾਂ। ਸ਼ਕਲੋਂ ਬੇਸ਼ਕਲ ਹੋਏ। ਮਹੀਨਾ ਭਰ ਰਹੇ ਇੱਥੇ। ਫਿਰ ਤੁਰ ਗਏ। ਉਸ ਤੋਂ ਬਾਅਦ ਨਾ ਕੋਈ ਚਿੱਠੀ, ਨਾ ਪੱਤਰ। ਰੱਬ ਜਾਣੇ ਜਿਉਂਦੇ ਵੀ ਨੇ ਕਿ...!" ਅੱਖਾਂ ਮੀਟਦਿਆਂ ਬੀਬੀ ਨੇ ਵਾਕ ਅਧੂਰਾ ਛੱਡ ਦਿੱਤਾ ਸੀ।

ਕੁਝ ਦੇਰ ਲਈ ਸਾਡੇ ਦਰਮਿਆਨ ਚੁੱਪ ਪੱਸਰੀ ਰਹੀ ਸੀ।

"ਮੌਲੇ ਤੇ ਦੌਲੇ ਨੂੰ ਜਦੋਂ ਮਾਪੇ ਨਾ ਮਿਲੇ ਤਾਂ ਉਹ ਬੜਾ ਰੋਏ। ਫਿਰ ਮਸਾਣਾਂ 'ਚ ਵੀ ਗਏ। ਓਥੇ ਮਾਪਿਆਂ ਦੀਆਂ ਢੇਰੀਆਂ ਲੱਭਦੇ ਫਿਰਨ। ਫਿਰ ਭਲਾ ਕੀ ਮਿਲਣਾ ਸੀ, ਵਿਚਾਰਿਆਂ ਨੂੰ! ਬੀਬੀ ਭਾਪੇ ਦਾ ਨਾਂ ਲੈ ਕੇ 'ਵਾਜ਼ਾਂ ਪਏ ਮਾਰਨ। ਕਦੇ ਮੋਏ-ਮੁੱਕੇ ਵੀ ਹੁੰਗਾਰਾਂ ਭਰਦੇ ਨੇ!"

ਗੱਲ ਮੁਕਾ ਕੇ ਬੀਬੀ ਨੇ ਚਿਹਰਾ ਚੁੰਨੀ 'ਚ ਲੁਕੋ ਲਿਆ ਸੀ ਤੇ ਡੁਸਕਣ ਲੱਗ ਪਈ ਸੀ।

# ਉਹ ਸਭ ਦੇਖਦਾ ਹੈ

*ਸਿਆਣੇ ਕਹਿੰਦੇ ਹਨ ਕਿ ਰੱਬ ਦੀ ਲਾਠੀ ਦੀ ਆਵਾਜ਼ ਨਹੀਂ ਹੁੰਦੀ, ਇਹ ਜਦੋਂ ਵੱਜਦੀ ਹੈ, ਪਤਾ ਵੱਜਣ ਵਾਲੇ ਨੂੰ ਉਦੋਂ ਹੀ ਲੱਗਦਾ ਹੈ! ਤਾਹੀਂਓ ਸਿਆਣੇ ਨਸੀਹਤਾਂ ਕਰਦੇ ਹੁੰਦੇ ਹਨ ਕਿ 'ਮੰਦਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ।' ਆਪਣੇ ਆਪ ਨੂੰ ਉਚ ਜਾਂ ਖਾਸ ਸਮਝਦੇ ਲੋਕਾਂ ਦਾ ਹੰਕਾਰ ਵੀ ਰੱਬ ਪਲ ਵਿੱਚ ਤੋੜ ਦਿੰਦਾ ਹੈ। ਇਸ ਕਹਾਣੀ ਦਾ ਵੀ ਇਹੋ ਸੁਨੇਹਾ ਹੈ। ਕਿਸੇ ਨੂੰ ਪੀੜ ਦੇਣ ਵਾਲੇ ਖੁਦ ਕਦੋਂ ਕਿਹੋ ਜਿਹੇ ਦਰਦ ਨਾਲ ਕਰਾਹ ਉਠਣ, ਇਹ ਸਭ ਪਰਮਾਤਮਾ ਦੇ ਹੱਥ ਹੈ; ਇਸੇ ਲਈ ਕਹਿੰਦੇ ਹਨ, 'ਉਹ ਸਭ ਦੇਖਦਾ ਹੈ...'*



## ਕਹਾਣੀ

**ਕਹਾਣੀਕਾਰ: ਸੁਧਾ ਦਿਕਸ਼ਿਤ**

**ਅਨੁਵਾਦ: ਰਵਿੰਦਰ ਸਿੰਘ ਸੋਢੀ, ਕੈਲਗਰੀ (ਕੈਨੇਡਾ)**

ravindersodhi@gmail.com



ਉਹ ਕਿਸੇ ਸਾਹਿਤਕ ਸੰਸਥਾ ਵੱਲੋਂ ਕਰਾਏ ਜਾ ਰਹੇ ਕਵਿਤਾ ਸਮਾਗਮ ਦਾ ਮੁੱਖ ਮਹਿਮਾਨ ਸੀ। ਜਦੋਂ ਉਹ ਆਪਣੀ ਕਵਿਤਾ ਪੜ੍ਹ ਕੇ ਮੰਚ ਤੋਂ ਵਾਪਿਸ ਆਈ ਤਾਂ ਮੁੱਖ ਮਹਿਮਾਨ ਨੇ ਵੀ ਤਾੜੀਆਂ ਮਾਰ ਉਸ ਨੂੰ ਸ਼ਾਬਾਸ਼ ਦਿੱਤੀ। ਉਸ ਦੇ ਉਚਾਰਣ, ਕਵਿਤਾ ਦੀ ਭਾਸ਼ਾ ਅਤੇ ਕਵਿਤਾ ਪੇਸ਼ ਕਰਨ ਦੇ ਢੰਗ ਦੀ ਭਰਪੂਰ ਪ੍ਰਸ਼ੰਸਾ ਕੀਤੀ। ਚਾਹ ਪੀਣ ਸਮੇਂ ਮੁੱਖ ਮਹਿਮਾਨ ਨੇ ਉਸ ਨੂੰ ਆਪਣਾ ਕਾਰਡ ਦਿੰਦੇ ਹੋਏ ਬੜੇ ਪਿਆਰ ਨਾਲ ਕਿਹਾ ਕਿ ਉਸ ਨਾਲ ਤਾਲ-ਮੇਲ ਰੱਖੇ। ਉਹ ਕਾਰਡ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟਣ ਹੀ ਲੱਗੀ ਸੀ ਕਿ ਉਸਦੀ ਸਹੇਲੀ ਨੇ ਦੱਸਿਆ ਕਿ ਉਹ ਬਹੁਤ ਵੱਡਾ ਨਾਟਕਕਾਰ ਹੈ ਅਤੇ ਸਭਿਆਚਾਰਕ ਸਰਗਰਮੀਆਂ ਵਿੱਚ ਵੀ ਬਹੁਤ ਸਰਗਰਮ ਹੈ। ਇਹ ਸੁਣ ਕੇ ਉਸ ਨੇ ਕਾਰਡ ਆਪਣੇ ਪਰਸ ਵਿੱਚ ਸਾਂਭ ਲਿਆ। ਉਹ ਆਪ ਵੀ ਰੰਗ ਮੰਚ ਅਤੇ ਸਾਹਤਿਕ ਸਰਗਰਮੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦੀ। ਉਸ ਨੇ ਸੋਚਿਆ ਕਿ ਅਜਿਹੇ ਇਨਸਾਨ ਦੇ ਨਾਲ ਮੇਲ-ਜੋਲ ਵਧਾ ਕੇ ਉਸ ਨੂੰ ਅਜਿਹੀਆਂ ਸਰਗਰਮੀਆਂ ਵਿੱਚ ਹੋਰ ਹਿੱਸਾ ਲੈਣ ਦੇ ਮੌਕੇ ਮਿਲ ਸਕਦੇ ਹਨ। ਉਸ ਔਰਤ ਨੇ ਕੁਝ ਦਿਨਾਂ ਬਾਅਦ ਉਸ ਨੂੰ ਫੋਨ ਕੀਤਾ। ਉਹ (ਮੁੱਖ ਮਹਿਮਾਨ), ਉਸ ਔਰਤ ਦੀ ਸਹਾਇਤਾ ਕਰਨ ਲਈ ਬਹੁਤ ਉਤਸ਼ਾਹਿਤ ਸੀ ਅਤੇ ਆਪਣੇ 'ਆਨ ਲਾਈਨ ਗਰੁੱਪ' ਨਾਲ ਉਸਦੀ ਜਾਣ-ਪਛਾਣ ਕਰਵਾਉਣ ਦੇ ਨਾਲ-ਨਾਲ ਉਸਦੇ ਕਵਿਤਾ ਪੇਸ਼ ਕਰਨ ਦੇ ਢੰਗ ਦੀ ਵੀ ਬਹੁਤ ਤਾਰੀਫ ਕੀਤੀ। ਕੋਈ ਵੀ ਇਨਸਾਨ ਅਜਿਹੀ ਤਾਰੀਫ਼ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ, ਜਿਹੜੀ ਸੱਚੀ ਲੱਗੇ। ਇਹ ਪ੍ਰਸ਼ੰਸਾ ਠੀਕ ਹੀ ਸੀ, ਕਿਉਂ ਕਿ ਉਹ ਆਪ ਇੱਕ ਵਧੀਆ ਕਲਾਕਾਰ ਸੀ ਅਤੇ ਅਸਲੀ ਕਲਾਕਾਰਾਂ ਦੀ ਕਲਾ ਦੀ ਕਦਰ ਕਰਦਾ ਸੀ, ਪਰ ਉਸ ਪ੍ਰਤੀ ਇਹ ਖਿੱਚ ਦੋਸਤੀ ਵਾਲੀ ਨਾ ਹੋ ਕੇ ਕੁਝ ਹੋਰ ਹੀ ਸੀ।



ਉਹ ਆਪ ਤਾਂ ਇੱਕ ਆਸ਼ਿਕ ਮਿਜਾਜ ਜਾਦੂਗਰ ਸੀ, ਜਦ ਕਿ ਉਹ ਔਰਤ ਚੰਗੀਆਂ ਕਦਰਾਂ-ਕੀਮਤਾਂ ਵਾਲੀ ਅਤੇ ਅਧਿਆਤਮਿਕ ਖਿਆਲਾਂ ਵਾਲੀ, ਪਰ ਇਕੱਲੀ ਸੀ। ਉਹ ਕਲਾਕਾਰ ਸੀ; ਮਿੱਠ ਬੋਲੜਾ ਅਤੇ ਦੇਖਣ ਨੂੰ ਵੀ ਫੱਬਦਾ ਸੀ। ਉਸ ਨੂੰ ਪਤਾ ਸੀ ਕਿ ਕੁੜੀਆਂ ਦੇ ਦਿਲ ਵਿੱਚ ਕਿਵੇਂ ਆਪਣੇ ਲਈ ਥਾਂ ਬਣਾਉਣੀ ਹੈ। ਉਸ ਔਰਤ 'ਤੇ ਵੀ ਉਸ ਨੇ ਆਪਣਾ ਜਾਦੂ ਚਲਾਉਣ ਦੀ ਕੋਸ਼ਿਸ਼ ਕੀਤੀ ਅਤੇ ਸਫਲ ਵੀ ਹੋ ਗਿਆ। ਉਸ ਨੇ ਪਹਿਲਾਂ ਕੁਝ ਨਾ ਕਿਹਾ। ਉਹ ਜਦੋਂ ਵੀ ਕਿਸੇ ਸਮਾਜਿਕ ਇਕੱਠ ਵਿੱਚ ਮਿਲਦੇ ਤਾਂ ਉਸ ਵੱਲ ਪ੍ਰਸ਼ੰਸਾ ਭਰੀ ਨਜ਼ਰ ਨਾਲ ਦੇਖਦਾ ਅਤੇ ਇਹ ਵੀ ਪੱਕਾ ਕਰ ਲੈਂਦਾ ਕਿ ਉਹ ਉਸ ਵੱਲ ਦੇਖ ਰਹੀ ਹੈ। ਜੇ ਉਨ੍ਹਾਂ ਦੋਹਾਂ ਦੀਆਂ ਅੱਖਾਂ ਮਿਲ ਜਾਂਦੀਆਂ ਤਾਂ ਉਹ ਹੱਸ ਕੇ ਉਸ ਕੁੜੀ ਦੀ ਸੁੰਦਰਤਾ ਦੀ ਤਾਰੀਫ ਨਾ ਕਰਦਾ, ਸਗੋਂ ਉਸਦੀ ਕਵਿਤਾ ਦੇ ਹੁਨਰ ਦੀ ਪ੍ਰਸ਼ੰਸਾ ਕਰਦਾ, ਜਿਹੜੀ ਉਸ ਨੇ ਇੱਕ ਮੁਸ਼ਾਇਰੇ ਦੌਰਾਨ ਦੇਖੀ ਸੀ।

ਪਾਣੀ ਹਮੇਸ਼ਾ ਹੀ ਆਪਣਾ ਰਸਤਾ ਲੱਭ ਲੈਂਦਾ ਹੈ। ਇਕੱਲੇ ਦਿਲ ਦਾ ਖਾਲੀਪਣ ਆਮ ਤੌਰ 'ਤੇ ਅਜਿਹੇ ਪਾਣੀ ਨਾਲ ਭਰ ਜਾਂਦਾ ਹੈ, ਜੋ ਹੋ ਸਕਦਾ ਹੈ ਕਿ ਪੀਣ ਯੋਗ ਨਾ ਹੋਵੇ। ਉਹ ਇਮਾਨਦਾਰ ਅਤੇ ਵਫ਼ਾਦਾਰ ਸੁਭਾਅ ਦੀ ਸੀ, ਜਦ ਕਿ ਉਹ ਪੱਕਾ ਖਿਡਾਰੀ। ਉਸ ਨੇ ਹੌਲੀ-ਹੌਲੀ ਉਸ ਔਰਤ ਨੂੰ ਮਿਲਣ ਲਈ ਫੁਸਲਾਇਆ। ਸ਼ੁਰੂ-ਸ਼ੁਰੂ ਵਿੱਚ ਉਸ ਨਾਲ ਕਿਤਾਬਾਂ ਬਾਰੇ ਚਰਚਾ ਕਰਦਾ, ਕਵਿਤਾ ਦੀ ਪੇਸ਼ਕਾਰੀ ਜਾਂ ਨਾਟਕਾਂ ਦੀਆਂ ਗੱਲਾਂ ਕਰਦਾ। ਹੌਲੀ-ਹੌਲੀ ਉਸ ਨੇ ਉਸਦੀ ਸਰੀਰਕ ਸੁੰਦਰਤਾ ਦੀ ਤਾਰੀਫ ਕਰਨੀ ਸ਼ੁਰੂ ਕਰ ਦਿੱਤੀ। ਉਹ ਆਮ ਤੌਰ 'ਤੇ ਅਜਿਹੇ ਟੋਟਕੇ ਵਰਤਦਾ, "ਤੇਰੇ ਵਿੱਚ ਸਰੀਰਕ ਸੁੰਦਰਤਾ ਅਤੇ ਬੁੱਧੀ ਦਾ ਜੋ ਸੁਮੇਲ ਹੈ, ਉਹ ਬਹੁਤ ਹੀ ਘੱਟ ਹੁੰਦਾ ਹੈ। ਮੈਂ ਤੇਰਾ ਮੁਕਾਬਲਾ ਨਹੀਂ ਜਰ ਸਕਦਾ। ਉਹ ਵਿਚਾਰੀ ਅਜਿਹੀਆਂ ਮਿੱਠੀਆਂ, ਪਰ ਬੇਅਰਥ ਗੱਲਾਂ ਦਾ ਸ਼ਿਕਾਰ ਕਿਵੇਂ ਨਾ ਹੁੰਦੀ! ਇਸ ਤੋਂ ਪਹਿਲਾਂ ਵੀ ਉਸ ਨੂੰ ਆਪਣੀ ਸੁੰਦਰਤਾ ਅਤੇ ਰੋਸ਼ਨ ਦਿਮਾਗ ਬਾਰੇ ਪ੍ਰਸ਼ੰਸਾ ਸੁਣਨ ਨੂੰ ਮਿਲਦੀ ਹੀ ਰਹਿੰਦੀ ਸੀ। ਉਹ ਇਨ੍ਹਾਂ ਗੱਲਾਂ ਨੂੰ ਬੜੀ ਨਿਮਰਤਾ ਨਾਲ ਸਵਿਕਾਰ ਕਰ ਲੈਂਦੀ, ਪਰ ਕਦੇ ਆਪਣੇ ਦਿਮਾਗ 'ਤੇ ਭਾਰੂ ਨਾ ਪੈਣ ਦਿੰਦੀ। ਉਹ ਹਮੇਸ਼ਾ ਹੀ ਇਨ੍ਹਾਂ ਮਿੱਠੇ-ਮਿੱਠੇ ਸ਼ਬਦਾਂ ਵਿੱਚ ਲੁਕੇ ਅਸਲੀ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਦੀ ਸੀ, ਪਰ ਇਸ ਬਾਰੇ ਤਾਂ ਇੱਕ ਵਿਦਵਾਨ, ਕਲਾਕਾਰ ਅਤੇ ਬਹੁਤ ਹੀ ਸੋਹਣੇ-ਸੁਨੱਖੇ ਇਨਸਾਨ ਵੱਲੋਂ ਇਹ ਗੱਲਾਂ ਕਹੀਆਂ ਗਈਆਂ ਸਨ।

ਉਹ ਸੋਚਦੀ ਜਿਵੇਂ ਉਸਦੀ ਸੱਚੇ ਪਿਆਰ ਦੀ ਪਿਆਸ ਮਿਟਣ ਵਾਲੀ ਹੈ। ਉਹ ਵਿਆਹਿਆ ਹੋਇਆ ਸੀ, ਉਹ ਵੀ ਵਿਆਹੀ ਹੋਈ। ਫੇਰ ਕੀ ਹੋਇਆ? ਪਿਆਰ ਕਿਸੇ ਰੁਕਾਵਟ ਨੂੰ ਨਹੀਂ ਮੰਨਦਾ। ਖਾਸ ਕਰ ਜਦੋਂ ਉਸਦਾ ਪਰਿਵਾਰਕ ਜੀਵਨ ਬਹੁਤਾ ਵਧੀਆ ਨਹੀਂ ਸੀ। ਜ਼ਿੰਦਗੀ ਵਿੱਚ ਇੱਕ ਬਾਰ ਤਾਂ ਉਹ ਖੁਸ਼ੀ ਦੇ ਆਨੰਦ ਵਿੱਚ ਗੁਆਚ ਜਿਹੀ ਗਈ। ਉਹ ਬਹੁਤ ਖੁਸ਼ ਸੀ, ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਇਹ ਦਿਖਾਵੇ ਦੇ ਪਿਆਰ ਵਾਲਾ ਫੁੱਲ ਖਿੜ ਰਿਹਾ ਸੀ।

ਹੈਰਾਨੀ ਦੀ ਗੱਲ ਇਹ ਹੈ ਕਿ ਉਸ ਨਾਲੋਂ ਉਹ ਆਪ ਇਹ ਧਿਆਨ ਜ਼ਿਆਦਾ ਰੱਖਦਾ ਕਿ ਉਹ ਕਿਤੇ ਇਕੱਠੇ ਨਾ ਦਿਖਣ। ਉਸ ਔਰਤ ਨੇ ਇਸ ਗੱਲ ਨੂੰ ਤਾੜ ਲਿਆ ਅਤੇ ਉਸ ਤੋਂ ਇਸ ਬਾਰੇ ਪੁੱਛਿਆ ਵੀ। ਉਸ ਨੇ ਜਵਾਬ ਦਿੱਤਾ ਕਿ ਉਹ ਲੋਕਾਂ ਵਿੱਚ ਬਹੁਤ ਜਾਣਿਆ-ਪਛਾਣਿਆ ਹੈ, ਇਸ ਲਈ ਧਿਆਨ ਰੱਖਣਾ ਪੈਂਦਾ ਹੈ ਕਿ ਕੋਈ ਅਫਵਾਹ ਨਾ ਉੱਡ ਜਾਏ। ਉਸ ਔਰਤ ਨੂੰ ਇਹ ਗੱਲ ਠੀਕ ਵੀ ਲੱਗੀ। ਵੈਸੇ ਤਾਂ ਉਸ ਔਰਤ ਦਾ ਚਰਿੱਤਰ ਵੀ ਬਹੁਤ ਸਾਫ-ਸੁਥਰਾ ਸੀ। ਉਹ ਕਈ ਸਮਾਗਮਾਂ 'ਤੇ ਮਿਲਦੇ, ਇੱਕ-ਦੂਜੇ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ ਦੇਖਦੇ ਅਤੇ ਖੁਸ਼ੀ ਨਾਲ ਝੂਮ ਉੱਠਦੇ। ਰਾਤ ਨੂੰ ਫੋਨ 'ਤੇ ਦੇਰ ਰਾਤ ਤੱਕ ਗੱਲਾਂ ਕਰਨੀਆਂ ਤਾਂ ਉਨ੍ਹਾਂ ਦਾ ਹਰ ਰੋਜ਼ ਦਾ ਕੰਮ ਸੀ। ਉਹ ਤਾਂ ਵੈਸੇ ਵੀ ਰਾਤ ਦੇ ਸਮੇਂ ਜਾਗਣ ਵਾਲੇ ਉੱਲੂ ਦੀ ਤਰ੍ਹਾਂ ਸੀ। ਹਮੇਸ਼ਾ ਦੇਰ ਰਾਤ ਤੱਕ ਪੜ੍ਹਨਾ ਜਾਂ ਲਿਖਦੇ ਰਹਿਣਾ। ਹੁਣ ਪਿਆਰ ਭਰੀਆਂ ਗੱਲਾਂ ਨੇ ਉਸਦੀ ਸੁੰਨੀ ਜ਼ਿੰਦਗੀ ਵਿੱਚ ਇੱਕ ਨਵੀਂ ਮਿਠਾਸ ਭਰ ਦਿੱਤੀ ਅਤੇ ਉਸਦੇ ਪਿਆਰ ਦੀ ਭੁੱਖ ਨੂੰ ਵੀ ਪੂਰਾ ਕਰ ਦਿੱਤਾ।

ਕੋਈ ਵੀ ਚੀਜ਼ ਹਮੇਸ਼ਾ ਨਹੀਂ ਰਹਿੰਦੀ; ਖਾਸ ਕਰ ਚੰਗਾ ਸਮਾਂ। ਉਸ ਨੂੰ ਲੱਗਿਆ ਕਿ ਬਹਾਰ ਅਤੇ ਪਿਆਰ ਦੀ ਰੁੱਤ ਪਤਝੜ ਵਿੱਚ ਬਦਲ ਰਹੀ ਹੈ। ਨਾ ਤਾਂ ਹਰੇ ਪੱਤੇ ਹਨ ਅਤੇ ਨਾ ਹੀ ਛਾਂਦਾਰ ਰੁੱਖ, ਨਾ ਬੱਦਲ, ਨਾ ਠੰਡੀ ਹਵਾ। ਮੈਦਾਨ ਰੇਗਿਸਤਾਨ ਬਣਦਾ ਜਾ ਰਿਹਾ ਸੀ। ਉਸ ਨੇ ਜੋ ਮਹਿਸੂਸ ਕੀਤਾ ਜਾਂ ਜਿਸ ਦੀ ਕਲਪਨਾ ਕੀਤੀ ਸੀ, ਉਹ ਤਾਂ ਇੱਕ ਛਲਾਵਾ ਹੀ ਸੀ, ਅੱਖਾਂ ਦਾ ਧੋਖਾ। ਖੇਡ ਖਤਮ ਹੋ ਚੁੱਕੀ ਸੀ, ਉਸ ਦੇ ਪਿਆਰ ਦਾ ਦਿਖਾਵਾ ਖ਼ਤਮ ਹੋ ਗਿਆ ਸੀ। ਨਾ ਤਾਂ ਅੱਧੀ ਰਾਤ ਤੱਕ ਚੱਲਣ ਵਾਲੇ ਮੋਬਾਇਲ ਦੇ ਲਿਖਤੀ ਸੁਨੇਹੇ ਰਹੇ, ਨਾ ਹੀ ਮਿਲਣ ਦੀ ਲਾਲਸਾ। ਉਹ ਬਹੁਤ ਨਿਰਾਸ਼ ਹੋ ਗਈ। ਪਿਆਰ ਕਰਨਾ ਤਾਂ ਆਸਾਨ ਹੁੰਦਾ ਹੈ, ਖਾਸ ਕਰ ਜਦੋਂ ਕੋਈ ਬਹੁਤ ਭਾਵੁਕ ਹੋਵੇ, ਪਰ ਬੇਪਨਾਹ ਪਿਆਰ 'ਚੋਂ ਨਿਕਲਣਾ ਬਹੁਤ ਮੁਸ਼ਕਿਲ ਹੁੰਦਾ ਹੈ। ਪਿਆਰ ਇੱਕ ਨਸ਼ੇ ਦੀ ਤਰ੍ਹਾਂ ਹੁੰਦਾ ਹੈ। ਨਸ਼ੇੜੀਆਂ ਨੂੰ ਪਤਾ ਹੁੰਦਾ ਹੈ ਕਿ ਨਸ਼ਿਆਂ ਨੂੰ ਛੱਡਣਾ ਪਏਗਾ, ਜਿਵੇਂ ਜ਼ਿਆਦਾ ਸ਼ਰਾਬ ਪੀਣ ਵਾਲੇ ਜਾਂ ਲਗਾਤਾਰ ਸਿਗਰਟ ਪੀਣ ਵਾਲੇ ਨੂੰ ਪਤਾ ਹੁੰਦਾ ਹੈ ਕਿ ਉਹ ਮੌਤ ਦੇ ਰਾਹ 'ਤੇ ਜਾਂ ਰਿਹਾ ਹੈ, ਪਰ ਫੇਰ ਵੀ ਉਹ ਕੋਸ਼ਿਸ਼ ਤਾਂ ਕਰਦੇ ਹੀ ਹਨ। ਉਹ ਨਸ਼ਾਖੋਰੀ ਵਿੱਚੋਂ ਨਿਕਲਣ ਦਾ ਯਤਨ ਕਰਦੇ ਹਨ ਅਤੇ ਇਸ ਤੋਂ ਦੂਰ ਜਾਣ ਦਾ ਵੀ, ਪਰ ਨਸ਼ਾ ਛੱਡਣ ਨਾਲ ਸਰੀਰ 'ਤੇ ਭੈੜਾ ਅਸਰ ਵੀ ਪੈਂਦਾ ਹੈ। ਉਸ 'ਤੇ ਵੀ ਇਸਦਾ ਅਸਰ ਦਿਖਾਈ ਦੇ ਰਿਹਾ ਸੀ। ਇਸਦਾ ਉਸ ਨੂੰ ਦੁੱਖ ਵੀ ਹੋਇਆ। ਉਹ, ਉਸਦੀ ਉਮਰ ਵੱਲ ਇਸ਼ਾਰੇ ਕਰਨ ਲੱਗ ਪਿਆ ਸੀ, ਪਰ ਇਹ ਸਿਲਸਲਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਹ, ਉਸਦੀ ਉਮਰ ਬਾਰੇ ਤਾਂ ਜਾਣਦਾ ਹੀ ਸੀ। ਪਿਆਰ ਦਾ ਉਮਰ ਨਾਲ ਕੀ ਸੰਬੰਧ ਜਾਂ ਪਿਆਰ ਦੀ ਭਾਵਨਾ ਹੀ ਖਤਮ ਹੋ ਗਈ ਸੀ?

ਉਹ ਇਸਦਾ ਕਾਰਨ ਜਾਣਨਾ ਚਾਹੁੰਦੀ ਸੀ। ਆਖਰ ਇਹ ਸਭ ਕਿਉਂ? ਉਹ ਸੁਨੇਹੇ ਭੇਜਦੀ ਰਹੀ। ਉਹ ਚਾਹੁੰਦੀ ਸੀ ਕਿ ਉਹ ਇੱਕ ਵਾਰ ਤਾਂ ਉਸ ਨਾਲ ਫੋਨ 'ਤੇ ਗੱਲ ਕਰੇ। ਉਹ ਚੁੱਪ ਹੀ ਰਿਹਾ।

ਪਹਿਲਾਂ ਉਹ ਵਾਰ-ਵਾਰ ਕਹਿੰਦਾ ਸੀ ਕਿ ਉਹ, ਉਸ ਨੂੰ ਪਿਆਰ ਕਰਦਾ ਹੈ। ਸ਼ੁਰੂ-ਸ਼ੁਰੂ ਵਿਚ ਉਸ ਨੇ ਇਸ ਪਿਆਰ ਦਾ ਆਨੰਦ ਵੀ ਮਾਣਿਆ ਸੀ। ਹੁਣ ਉਸ ਨੂੰ ਇਹ ਭਾਰ ਲੱਗਣ ਲੱਗ ਪਿਆ।

ਉਸ ਨੂੰ ਲਗਾਤਾਰ ਸੁਨੇਹੇ ਭੇਜਣ ਵਿੱਚ ਪ੍ਰੇਸ਼ਾਨੀ ਹੁੰਦੀ। ਅਖੀਰ ਵਿੱਚ ਉਸ ਨੇ ਜਵਾਬ ਦਿੱਤਾ, "ਤੂੰ ਮੇਰਾ ਪਰਿਵਾਰਕ ਜੀਵਨ ਬਰਬਾਦ ਕਰ ਰਹੀ ਹੈਂ, ਮੇਰਾ ਪਿੱਛਾ ਛੱਡ।"

"ਮੇਰਾ ਪਿੱਛਾ ਛੱਡ" ਇਹ ਸ਼ਬਦ ਚੁਭਵੇਂ ਹੀ ਨਹੀਂ ਸੀ, ਬਲਕਿ ਬੇਇਜ਼ਤੀ ਕਰਨ ਵਾਲੇ ਵੀ ਸੀ। ਹੋ ਸਕਦਾ ਹੈ ਕਿ ਉਹ ਬਹੁਤ ਸਭਿਅਕ ਸੀ ਜਾਂ ਚੰਗੀਆਂ ਆਦਤਾਂ ਵਾਲਾ। ਹੋ ਸਕਦਾ ਹੈ ਉਸਦਾ ਮਤਲਬ ਇਹ ਨਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਉਸ ਨੂੰ ਅੰਗਰੇਜ਼ੀ ਬਹੁਤੀ ਨਹੀਂ ਆਉਂਦੀ, ਇਸ ਕਰਕੇ ਉਸ ਤੋਂ ਗਲਤ ਲਿਖਿਆ ਗਿਆ ਹੋਵੇ, ਪਰ ਤਾਂ ਵੀ ਉਸ ਵਿੱਚ ਇੱਕ ਦਿਲ ਨੂੰ ਚੂਰ-ਚੂਰ ਕਰਨ ਵਾਲਾ ਇੱਕ ਸੁਨੇਹਾ ਸੀ, "ਮੇਰੇ ਮਗਰੋਂ ਲਹਿ!" ਉਸ ਨੂੰ ਆਪਣੀ ਇਜ਼ਤ ਬਹੁਤ ਪਿਆਰੀ ਸੀ ਤਾਂ ਹੀ ਉਸ ਨੇ ਜਵਾਬ ਦਿੱਤਾ, "ਮੈਂ ਤੇਰੇ ਪਿੱਛੇ ਨਹੀਂ ਆ ਰਹੀ ਅਤੇ ਨਾ ਹੀ ਕਦੇ ਆਵਾਂਗੀ।"

"ਓ ਰੱਬਾ!" ਉਸ ਨੇ ਲੰਬਾ ਸਾਹ ਲੈਂਦੇ ਹੋਏ ਕਿਹਾ। ਉਸ ਨੂੰ ਉਮੀਦ ਨਹੀਂ ਸੀ ਕਿ ਉਹ ਇਸ ਢੰਗ ਨਾਲ ਉਸ ਨੂੰ ਜਵਾਬ ਦੇਵੇਗੀ।

ਸਮਾਜਿਕ ਤੌਰ 'ਤੇ ਉਨ੍ਹਾਂ ਦਾ ਦਾਇਰਾ ਇੱਕ ਹੀ ਸੀ। ਉਹ ਲਗਾਤਾਰ ਇੱਕ ਦੂਜੇ ਨੂੰ ਟੱਕਰਦੇ ਰਹੇ, ਪਰ ਪਿਆਰ ਦੀ ਭਾਵਨਾ ਤੋਂ ਕੋਰੇ। ਜ਼ਿੰਦਗੀ ਪਹਿਲਾਂ ਵਾਲੀ ਲੀਹ 'ਤੇ ਹੀ ਆ ਗਈ। ਕੁਝ ਮਹੀਨਿਆਂ ਬਾਅਦ ਉਸ ਨੇ ਆਪਣੇ ਨਵੇਂ ਨਾਟਕ ਲਈ ਇੱਕ ਮੁੱਖ ਪਾਤਰ ਨਿਭਾਉਣ ਲਈ ਇੱਕ ਔਰਤ ਦੀ ਲੋੜ ਵਾਸਤੇ ਇਸ਼ਤਿਹਾਰ ਦਿੱਤਾ। ਉਸ ਔਰਤ ਨੇ ਵੀ ਪੇਸ਼ੇਵਰ ਢੰਗ ਨਾਲ ਇਸ ਲਈ ਆਪਣੀ ਅਰਜੀ ਭੇਜ ਦਿੱਤੀ। ਉਸ ਨੇ ਉਸ ਔਰਤ ਨੂੰ ਵੀ ਬੁਲਾ ਲਿਆ। ਉਹ, ਉਸਦੀ ਕਲਾ ਤੋਂ ਪ੍ਰਭਾਵਿਤ ਸੀ ਅਤੇ ਇਸ ਕਰਕੇ ਉਸ ਤੋਂ ਥੋੜ੍ਹਾ ਜਿਹਾ ਡਰਦਾ ਵੀ ਸੀ, ਪਰ ਉਹ ਬਦਲਾ ਲੈਣਾ ਚਾਹੁੰਦਾ ਸੀ, ਜਿਵੇਂ ਉਸ ਤੋਂ ਦੂਰ ਹੋਣ ਲੱਗਿਆਂ, ਉਸ ਔਰਤ ਨੇ ਉਸ ਨੂੰ ਝਾੜਿਆ ਸੀ। ਉਸ ਨੂੰ ਪਤਾ ਲੱਗ ਗਿਆ ਸੀ ਕਿ ਉਹ ਲੱਤ ਦੀ ਸਮੱਸਿਆ ਕਰਕੇ ਸੋਟੀ ਦੇ ਸਹਾਰੇ ਨਾਲ ਹੀ ਤੁਰ ਸਕਦੀ ਹੈ। ਉਸ ਨੂੰ ਇਹ ਵੀ ਪਤਾ ਸੀ ਕਿ ਉਹ ਪਹਿਲਾਂ ਇੱਕ ਦੌੜਾਕ ਅਤੇ ਕਲਾਸੀਕਲ ਨਾਚ ਦੀ ਮਾਹਰ ਸੀ। ਹੁਣ ਉਹ ਸਿਰਫ ਲੇਖਕ ਅਤੇ ਚਿੱਤਰਕਾਰੀ ਹੀ ਕਰ ਸਕਦੀ ਸੀ। ਭਾਵੇਂ ਉਹ ਬਹੁਤ ਸੁਧਰਿਆ ਅਤੇ ਸਿਆਣਾ ਬੰਦਾ ਸੀ, ਪਰ ਫੇਰ ਵੀ, ਉਸਦੇ ਸਵੈਮਾਨ ਨੂੰ ਸੱਟ ਮਾਰਨ ਤੋਂ ਰੁਕ ਨਾ ਸਕਿਆ। ਉਸ ਨੇ ਬੜੇ ਨਰਮ ਲਹਿਜ਼ੇ ਵਿੱਚ ਕਿਹਾ, "ਮੇਰੇ ਕੋਲ ਸਿਰਫ ਇੱਕ ਨਰਤਕੀ ਦਾ ਕਿਰਦਾਰ ਹੀ ਹੈ, ਕੀ ਤੂੰ ਉਸ ਲਈ ਯੋਗ ਹੈਂ?" ਉਸਦੇ ਕਹਿਣ ਦੇ ਢੰਗ ਨਾਲ ਔਰਤ ਨੂੰ ਬਹੁਤ ਦੁਖ ਹੋਇਆ। ਉਸ ਨੇ ਸੋਚਿਆ ਕਿ ਕਿਸੇ ਨੂੰ ਵੀ ਕਮਰ ਤੋਂ ਹੇਠਾਂ ਵਾਰ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਕਿਸੇ ਨਿਰਦੋਸ਼ ਨੂੰ ਦੁਖੀ ਕਰਨਾ ਚਾਹੀਦਾ ਹੈ। ਉਸ ਨੂੰ ਯਕੀਨ ਸੀ ਕਿ ਕੋਈ ਉੱਪਰ ਵੀ ਬੈਠਾ ਹੈ-ਇੱਕ ਫ਼ਰਿਸਤਾ, ਜੋ ਬੇਸਹਾਰਿਆਂ ਦਾ ਸਹਾਰਾ ਬਣਦਾ ਹੈ, ਨਿਆਸਰਿਆਂ ਦਾ ਆਸਰਾ। ਉਸ ਨੇ ਬੋਲੇ ਤੋਂ ਬਿਨਾ ਹੀ ਕੁਝ ਕਿਹਾ ਅਤੇ ਫੋਨ ਕੱਟ ਦਿੱਤਾ।

ਉਹ ਬੇਦਰਦਾਂ ਦੀ ਤਰ੍ਹਾਂ ਹੱਸਿਆ ਅਤੇ ਫੋਨ ਰੱਖ ਦਿੱਤਾ। ਇਸ ਤੋਂ ਬਾਅਦ ਉਹ ਆਪਣੇ ਹੋਰ ਕੰਮ ਕਰਨ ਤੋਂ ਬਾਅਦ ਹੇਠਾਂ ਜਾਣ ਨੂੰ ਤਿਆਰ ਹੋਇਆ। ਉਸਦਾ ਦਫਤਰ ਚੌਥੀ ਮੰਜ਼ਿਲ 'ਤੇ ਸੀ। ਲ਼ਿਫ਼ਟ ਨਾ ਹੋਣ ਕਰਕੇ ਪੌੜੀਆਂ ਰਾਹੀਂ ਹੀ ਆਉਣਾ-ਜਾਣਾ ਪੈਂਦਾ। ਪੌੜੀਆਂ ਉਤਰਦਾ ਹੋਇਆ ਉਹ ਇਹ ਸੋਚ ਕੇ ਖੁਸ਼ ਹੋ ਰਿਹਾ ਸੀ ਕਿ ਉਸ ਨੇ ਕਿਵੇਂ ਉਸ ਔਰਤ ਨੂੰ ਮੂੰਹ ਤੋੜ ਜਵਾਬ ਦਿੱਤਾ ਸੀ। ਅਚਾਨਕ ਹੀ ਉਹ ਲੜਖੜਾ ਗਿਆ ਅਤੇ ਆਪਣੇ ਸਰੀਰ 'ਤੇ ਕਾਬੂ ਨਾ ਰੱਖ ਸਕਿਆ। ਉਹ ਪੌੜੀਆਂ ਤੋਂ ਲੁੜਕ ਗਿਆ ਅਤੇ ਲੋਟਣੀਆ ਖਾਂਦਾ ਹੇਠਾਂ ਤੱਕ ਆ ਗਿਆ। ਉਸ ਨੂੰ ਆਪਣੀ ਹੱਡੀ ਟੁੱਟਣ ਦੀ ਹਲਕੀ ਜਿਹੀ ਆਵਾਜ਼ ਆਈ ਅਤੇ ਉਸਦੀ ਲੱਤ ਦੀ ਹੱਡੀ ਵਿੱਚ ਤੇਜ਼ ਦਰਦ ਹੋਣ ਲੱਗਿਆ।

ਜਦੋਂ ਉਸ ਨੂੰ ਹੋਸ਼ ਆਈ, ਉਹ ਹਸਪਤਾਲ ਦੇ ਕਮਰੇ ਵਿੱਚ ਇਕੱਲਾ ਹੀ ਸੀ। ਉਸ ਨੇ ਆਪਣਾ ਮੋਬਾਇਲ ਦੇਖਿਆ। ਉਸ ਔਰਤ ਦਾ ਇੱਕ ਸੁਨੇਹਾ ਆਇਆ ਹੋਇਆ ਸੀ, "ਤੈਨੂੰ ਪਤਾ ਹੈ ਕਿ ਮੈਂ ਨੱਚ ਸਕਦੀ ਹਾਂ। ਤੈਨੂੰ ਉਹ ਗੱਲ ਨਹੀਂ ਸੀ ਕਹਿਣੀ ਚਾਹੀਦੀ।" ਇਹ ਗੱਲ ਅਜੀਬ ਜਿਹੀ ਸੀ।

ਉਸ ਨੂੰ ਬੇ-ਅਰਾਮੀ ਜਿਹੀ ਮਹਿਸੂਸ ਹੋਈ ਅਤੇ ਉਸ ਨੇ ਦੁਬਾਰਾ ਸੌਣ ਦੀ ਕੋਸ਼ਿਸ਼ ਕੀਤੀ। ਜਦੋਂ ਉਹ ਜਾਗਿਆ ਤਾਂ ਉਸ ਨੂੰ ਦੱਸਿਆ ਗਿਆ ਕਿ ਉਹ ਆਉਣ ਵਾਲੇ ਲੰਬੇ ਸਮੇਂ ਤੱਕ ਆਪਣੇ ਹੀ ਸੰਗੀਤਮਈ ਨਾਟਕ ਵਿੱਚ ਕੰਮ ਨਹੀਂ ਕਰ ਸਕੇਗਾ। ਉਹ ਸੋਚ ਰਿਹਾ ਸੀ ਕਿ ਹੁਣ ਉਸ ਨੂੰ ਇੱਕ ਮਰਦ ਕਲਾਕਾਰ ਦੀ ਵੀ ਲੋੜ ਪਏਗੀ।





'ਪੰਜਾਬੀ ਪਰਵਾਜ਼' ਵਿੱਚ ਇਸ਼ਤਿਹਾਰ ਲਗਵਾਉਣ ਲਈ
ਫੋਨ: 224-386-4548 ਉਤੇ ਸੰਪਰਕ ਕਰੋ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



# ਮਿਆਂਮਾਰ 'ਚ ਪ੍ਰਸ਼ਾਸਕੀ ਤੇ ਫ਼ਿਰਕੂ ਦਬਾਅ ਕਰਕੇ ਘਟੀ ਹੈ ਪੰਜਾਬੀਆਂ ਦੀ ਗਿਣਤੀ

*ਪੰਜਾਬੀਆਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ 'ਚ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ; ਪਰ ਇਹ ਵੀ ਸੱਚਾਈ ਹੈ ਕਿ ਪੰਜਾਬੀਆਂ ਨਾਲ ਵਿਦੇਸ਼ਾਂ ਵਿੱਚ ਵੀ ਅਨੇਕਾਂ ਵਾਰ ਵਿਤਕਰੇ ਦਾ ਵਰਤਾਰਾ ਵਾਪਰਦਾ ਰਿਹਾ ਹੈ, ਭਾਵੇਂ ਕਿਸੇ ਹੀ ਰੂਪ ਵਿੱਚ ਸਹੀ! ਇਸ ਦੀ ਇੱਕ ਮਿਸਾਲ ਇਹ ਹੈ ਕਿ ਮਿਆਂਮਾਰ ਦੀ ਭਲਾਈ ਤੇ ਤਰੱਕੀ ਲਈ ਪੰਜਾਬੀਆਂ ਨੇ ਆਪਣੀ ਪੂਰੀ ਵਾਹ ਲਗਾਈ; ਪਰ ਉਨ੍ਹਾਂ ਦੀ ਮਿਹਨਤ ਅਤੇ ਚੰਗਿਆਈ ਦਾ ਮੁੱਲ ਮੋੜਨ ਦੀ ਥਾਂ ਬਹੁਤ ਵਾਰ ਪੰਜਾਬੀਆਂ ਨੂੰ ਉਥੇ ਦੁਰਵਿਹਾਰ ਤੇ ਤ੍ਰਿਸਕਾਰ ਦਾ ਸ਼ਿਕਾਰ ਹੋਣਾ ਪਿਆ ਹੈ। ਪੰਜਾਬੀਆਂ ਦਾ ਇੱਥੇ 19ਵੀਂ ਸਦੀ ਦੇ ਅਰੰਭ ਤੋਂ ਹੀ ਵਾਸਾ ਮੰਨਿਆ ਜਾਂਦਾ ਹੈ। ਪੇਸ਼ ਹੈ, ਮਿਆਂਮਾਰ ਨਾਲ ਪੰਜਾਬੀਆਂ ਦੇ ਰਿਸ਼ਤੇ ਅਤੇ ਉਨ੍ਹਾਂ ਨਾਲ ਵਿਹਾਰ ਦਾ ਸੰਖੇਪ ਵੇਰਵਾ...*

ਆਪਣੇ ਸਿਰੜ ਦੇ ਪੱਕੇ ਪੰਜਾਬੀਆਂ ਨਾਲ ਕੋਈ ਇੱਕ ਵਾਰ ਨਹੀਂ ਸਗੋਂ ਅਨੇਕਾਂ ਵਾਰ ਅਜਿਹੇ ਵਰਤਾਰੇ ਵਾਪਰੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਕੋਲੋਂ ਲਾਭ ਖੱਟਣ ਵਾਲੀਆਂ ਧਿਰਾਂ ਨੇ ਹੀ ਬਾਅਦ ਵਿੱਚ ਉਨ੍ਹਾਂ ਨੂੰ ਲੁੱਟਿਆ ਤੇ ਕੁੱਟਿਆ ਹੈ। ਮਿਆਂਮਾਰ ਇੱਕ ਅਜਿਹਾ ਹੀ ਮੁਲਕ ਹੈ, ਜਿਸਦੀ ਭਲਾਈ ਤੇ ਤਰੱਕੀ ਲਈ ਪੰਜਾਬੀਆਂ ਨੇ ਆਪਣੀ ਪੂਰੀ ਵਾਹ ਲਗਾਈ; ਪਰ ਉਨ੍ਹਾਂ ਦੀ ਮਿਹਨਤ ਅਤੇ ਚੰਗਿਆਈ ਦਾ ਮੁੱਲ ਮੋੜਨ ਦੀ ਥਾਂ ਬਹੁਤ ਵਾਰ ਪੰਜਾਬੀਆਂ ਨੂੰ ਇੱਥੇ ਦੁਰਵਿਹਾਰ ਅਤੇ ਤ੍ਰਿਸਕਾਰ ਦਾ ਸ਼ਿਕਾਰ ਹੋਣਾ ਪਿਆ ਹੈ।

ਏਸ਼ੀਆਈ ਮੁਲਕ ਮਿਆਂਮਾਰ ਦਾ ਪਹਿਲਾ ਨਾਂ ਬਰਮਾ ਸੀ ਤੇ ਸੰਨ 1989 ਵਿੱਚ ਇਸਨੂੰ ਮਿਆਂਮਾਰ ਦਾ ਨਾਂ ਦਿੱਤਾ ਗਿਆ ਸੀ। ਇਸ ਮੁਲਕ ਦਾ ਕੁੱਲ ਰਕਬਾ 6,76,578 ਵਰਗ ਕਿਲੋਮੀਟਰ ਹੈ ਤੇ ਇਸ ਦੀਆਂ ਸਰਹੱਦਾਂ ਦੀ ਕੁੱਲ ਲੰਬਾਈ 6523 ਕਿਲੋਮੀਟਰ ਬਣਦੀ ਹੈ। ਇਸ ਦੀਆਂ ਹੱਦਾਂ ਪੰਜ ਦੇਸ਼ਾਂ ਨਾਲ ਲੱਗਦੀਆਂ ਹਨ, ਜਿਨ੍ਹਾਂ ਵਿੱਚ ਭਾਰਤ, ਬੰਗਲਾਦੇਸ਼, ਚੀਨ ਅਤੇ ਥਾਈਲੈਂਡ ਆਦਿ ਮੁਲਕਾਂ ਤੋਂ ਇਲਾਵਾ ਅੰਡੇਮਾਨ ਟਾਪੂ ਵੀ ਸ਼ਾਮਿਲ ਹਨ। ਇਸ ਮੁਲਕ ਦਾ ਸਭ ਤੋਂ ਵਿਸ਼ਾਲ ਸ਼ਹਿਰ ਯੰਗੂਨ ਹੈ। ਇਸ ਦੇਸ਼ ਦੀ ਕੁੱਲ ਆਬਾਦੀ ਸੰਨ 2024 ਦੀ ਜਨਗਣਨਾ ਅਨੁਸਾਰ 51.3 ਮਿਲੀਅਨ ਸੀ ਤੇ ਵੱਸੋਂ ਦੀ ਘਣਤਾ 32 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਸੀ। ਇੱਥੋਂ ਦੀ ਆਬਾਦੀ ਵਿੱਚ 87.9 ਫ਼ੀਸਦੀ ਬੋਧੀ ਅਤੇ 6.2 ਫ਼ੀਸਦੀ ਈਸਾਈ ਹਨ, ਜਦੋਂ ਕਿ ਮੁਸਲਮਾਨਾਂ ਅਤੇ ਹਿੰਦੂਆਂ ਦੀ ਸੰਖਿਆ ਕ੍ਰਮਵਾਰ 4.3 ਫ਼ੀਸਦੀ ਅਤੇ 0.5 ਫ਼ੀਸਦੀ ਹੈ। ਇੱਥੋਂ ਦੀ ਕਰੰਸੀ ਦਾ ਨਾਂ 'ਕਿਆਤ' ਹੈ ਤੇ ਪ੍ਰਤੀ ਵਿਅਕਤੀ ਸਾਲਾਨਾ ਆਮਦਨੀ 1180 ਅਮਰੀਕੀ ਡਾਲਰ ਹੈ।

ਪੰਜਾਬੀਆਂ ਦੀ ਮਿਆਂਮਾਰ ਵਿੱਚ ਆਬਾਦੀ ਦੀ ਜੇ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇੱਥੇ ਗਿਆਰਾਂ ਹਜ਼ਾਰ ਦੇ ਕਰੀਬ ਪੰਜਾਬੀ ਵੱਸਦੇ ਹਨ ਤੇ ਉਨ੍ਹਾਂ ਦੇ ਰਹਿਣ ਦੇ ਟਿਕਾਣੇ ਯੰਗੂਨ ਸ਼ਹਿਰ ਤੋਂ ਇਲਾਵਾ ਮਾਂਡਲੇ, ਸ਼ਾਨ ਅਤੇ ਕੇਚਿਨ ਆਦਿ ਖਿੱਤੇ ਹਨ। ਇੱਥੇ ਇਹ ਦੱਸਣਾ ਬਣਦਾ ਹੈ ਕਿ ਇੱਥੇ ਵੱਸਣ ਵਾਲੇ ਜ਼ਿਆਦਾਤਰ ਪੰਜਾਬੀ ਲੋਕ ਹਿੰਦੂ ਧਰਮ ਵਿੱਚ ਆਸਥਾ ਰੱਖਣ ਵਾਲੇ ਲੋਕ ਹਨ ਤੇ ਪੰਜਾਬੀ ਸਿੱਖਾਂ ਅਤੇ ਈਸਾਈਆਂ ਦੀ ਗਿਣਤੀ ਇੱਥੇ ਕਾਫੀ ਘੱਟ ਹੈ। ਇਨ੍ਹਾਂ ਦੀ ਬੋਲੀ ਪੂਰਬੀ ਪੰਜਾਬ ਵਿੱਚ ਬੋਲੀ ਜਾਣ ਵਾਲੀ ਪੰਜਾਬੀ ਹੈ। ਪੰਜਾਬੀਆਂ ਦਾ ਇੱਥੇ 19ਵੀਂ ਸਦੀ ਦੇ ਅਰੰਭ ਤੋਂ ਹੀ ਵਾਸਾ ਹੈ। ਇਤਿਹਾਸਕ ਹਵਾਲਿਆਂ ਅਨੁਸਾਰ ਵਿਲੀਅਮ ਕੈਰੀ ਨਾਂ ਦੇ ਇੱਕ ਪਾਦਰੀ ਨੇ ਬਾਈਬਲ ਦੇ 'ਨਿਊ ਟੈਸਟਾਮੈਂਟ' ਦਾ ਪੰਜਾਬੀ ਬੋਲੀ ਵਿੱਚ ਅਨੁਵਾਦ ਕੀਤਾ ਸੀ ਤੇ ਉਸਦੀ ਇਸ ਰਚਨਾ ਨੂੰ ਲੋਕਾਂ ਨੇ ਬਹੁਤ ਸਤਿਕਾਰ ਦਿੱਤਾ ਸੀ।

ਪੰਜਾਬੀਆਂ ਦੀ ਅਣਖ ਨਾਲ ਜੁੜੀ ਇੱਕ ਮਹੱਤਵਪੂਰਨ ਘਟਨਾ, ਜੋ ਇਸ ਮੁਲਕ ਅੰਦਰ ਵਾਪਰੀ ਸੀ, ਕੁਝ ਇਸ ਤਰ੍ਹਾਂ ਸੀ: ਦਰਅਸਲ ਸੰਨ 1934 ਵਿੱਚ ਪੰਜਾਬੀ ਕੌਮ ਦੇ ਲੋਕਾਂ ਨੇ ਇੱਥੇ ਯੰਗੂਨ ਦੇ ਡਾਊਨਟਾਊਨ ਵਿਖੇ ਇੱਕ ਸਕੂਲ ਸਥਾਪਿਤ ਕੀਤਾ ਸੀ ਤਾਂ ਕਿ ਇੱਥੋਂ ਦੇ ਲੋਕਾਂ ਅੰਦਰ ਵਿੱਦਿਆ ਦਾ ਚਾਨਣਾ ਫ਼ੈਲਾਇਆ ਜਾ ਸਕੇ; ਤੇ ਉਨ੍ਹਾਂ ਦਾ ਇਹ ਉਦਮ ਸਫ਼ਲ ਵੀ ਰਿਹਾ ਸੀ, ਪਰ ਸੰਨ 2018 ਵਿੱਚ ਇਸ ਸਕੂਲ ਵਿੱਚ ਇੱਕ ਨਵਾਂ ਹੈੱਡਮਾਸਟਰ ਆਇਆ, ਜੋ ਸਿੱਖੀ ਬਾਰੇ ਬਿਲਕੁਲ ਵੀ ਜਾਣੂ ਨਹੀਂ ਸੀ। ਉਸਨੇ ਬੁੱਧ ਧਰਮ ਨਾਲ ਜੁੜੇ ਇਸ ਸਕੂਲ ਦੇ ਜ਼ਿਆਦਾਤਰ ਵਿਦਿਆਰਥੀਆਂ ਦਰਮਿਆਨ ਬੈਠੇ ਇੱਕ ਸਿੱਖ ਲੜਕੇ ਨੂੰ ਵੇਖ਼ ਕੇ ਬੁਰਾ ਮਨਾਇਆ ਤੇ ਹੁਕਮ ਸੁਣਾ ਦਿੱਤਾ, "ਕੱਲ੍ਹ ਨੂੰ ਜਾਂ ਤਾਂ ਆਪਣੀ ਪਗੜੀ ਤੋਂ ਬਿਨਾ ਹੀ ਸਕੂਲ ਆਵੀਂ ਜਾਂ ਫਿਰ ਸਕੂਲੇ ਹੀ ਨਾ ਵੜ੍ਹੀਂ।" ਇਸ ਘਟਨਾ ਨੇ ਸਮੂਹ ਪੰਜਾਬੀਆਂ ਦੇ ਮਨਾਂ ਵਿੱਚ ਰੋਸ ਦੇ ਨਾਲ-ਨਾਲ ਇਹ ਭਾਵਨਾ ਵੀ ਉਜਾਗਰ ਕਰ ਦਿੱਤੀ ਸੀ ਕਿ ਜਿਸ ਮੁਲਕ ਦੇ ਭਲੇ ਲਈ ਪੰਜਾਬੀ ਸਿੱਖਾਂ ਨੇ ਆਪਣੀ ਨੇਕ ਕਮਾਈ 'ਚੋਂ ਸਕੂਲ ਖੋਲ੍ਹ ਕੇ ਇਲਾਕੇ ਦੇ ਲੋਕਾਂ ਦੀ ਸੇਵਾ ਕੀਤੀ ਸੀ, ਉਸੇ ਸਕੂਲ ਵਿੱਚ ਇੱਕ ਸਿੱਖ ਬੱਚੇ ਨੂੰ ਉਸਦੀ ਸਿੱਖੀ ਦੀ ਪ੍ਰਤੀਕ ਉਸਦੀ ਪੱਗ ਉਤਾਰ ਕੇ ਆਉਣ ਲਈ ਕਿਹਾ ਜਾ ਰਿਹਾ ਸੀ। ਖ਼ੈਰ! ਲੋਕਾਂ ਦੇ ਭਰਵੇਂ ਇਕੱਠ ਨੇ ਉਕਤ ਅਧਿਆਪਕ ਨੂੰ ਮਾਮਲੇ ਦੀ ਅਸਲੀਅਤ ਨਾਲ ਜਾਣੂ ਕਰਵਾਇਆ ਤੇ ਫਿਰ ਕਿਧਰੇ ਜਾ ਕੇ ਉਸ ਸਿੱਖ ਲੜਕੇ ਨੂੰ ਪਗੜੀ ਪਹਿਨ ਕੇ ਸਕੂਲ ਆਉਣ ਦੀ ਇਜਾਜ਼ਤ ਮਿਲੀ ਸੀ।

ਇਤਿਹਾਸ ਦੱਸਦਾ ਹੈ ਕਿ ਤਕਰੀਬਨ ਦੋ ਕੁ ਸੌ ਸਾਲ ਪਹਿਲਾਂ ਬਰਤਾਨਵੀ ਅਧਿਕਾਰੀ ਬਹੁਤ ਸਾਰੇ ਪੰਜਾਬੀ ਨੌਜਵਾਨਾਂ ਨੂੰ ਵਧੇਰੇ ਕਮਾਈ ਦਾ ਲਾਲਚ ਦੇ ਕੇ ਮਿਆਂਮਾਰ ਵਿਖੇ ਲੈ ਆਏ ਸਨ। ਇੱਥੇ ਆਉਣ ਵਾਲੇ ਪੰਜਾਬੀਆਂ ਨੇ ਕਈ ਖੇਤਰਾਂ ਵਿੱਚ ਹੱਡ-ਭੰਨ੍ਹਵੀਂ ਮਿਹਨਤ ਕੀਤੀ ਸੀ ਤੇ ਸਿੱਟਾ ਇਹ ਨਿਕਲਿਆ ਸੀ ਕਿ ਸੰਨ 1931 ਦੀ ਜਨਗਣਨਾ ਅਨੁਸਾਰ ਇੱਥੇ ਵੱਸਦੇ ਪੰਜਾਬੀਆਂ ਦੀ ਸੰਖਿਆ 29,988 ਸੀ, ਜੋ ਕਿ ਵਰਤਮਾਨ ਜਨਸੰਖਿਆ ਤੋਂ ਤਿੰਨ ਗੁਣਾਂ ਦੇ ਕਰੀਬ ਸੀ। ਸੰਨ 1937 ਵਿੱਚ ਜਦੋਂ ਕੁਝ ਪ੍ਰਸ਼ਾਸਕੀ ਵੰਡਾਂ ਅਤੇ ਪਰਿਵਰਤਨਾਂ ਕਰਕੇ ਬਰਤਾਨਵੀ ਹਾਕਮਾਂ ਨੇ ਭਾਰਤੀਆਂ ਤੋਂ ਬਹੁਤ ਸਾਰੇ ਹੱਕ ਖੋਹ ਲਏ ਤਾਂ ਜ਼ਿਆਦਾਤਰ ਪੰਜਾਬੀ ਲੋਕ ਇਹ ਮੁਲਕ ਛੱਡ ਕੇ ਚਲੇ ਗਏ ਸਨ। ਇਸ ਪਿੱਛੋਂ ਦੂਜੇ ਵਿਸ਼ਵ ਯੁੱਧ ਦੇ ਬਾਅਦ ਅਤੇ ਸੰਨ 1960 ਵਿੱਚ ਵਾਪਰੀਆਂ ਕੁਝ ਇੱਕ ਘਟਨਾਵਾਂ ਦੇ ਫਲਸਰੂਪ ਪੰਜਾਬੀਆਂ ਨੂੰ ਵੱਡੇ ਵਿੱਤੀ ਸੰਕਟਾਂ ਦਾ ਸਾਹਮਣਾ ਕਰਨਾ ਪਿਆ, ਜਿਸ ਕਰਕੇ ਪੰਜਾਬੀਆਂ ਦੀ ਬਹੁਗਿਣਤੀ ਇੱਥੋਂ ਪਲਾਇਨ ਹੀ ਕਰ ਗਈ।

ਮਿਆਂਮਾਰ ਵਿੱਚ ਵੱਸਦੇ ਪੰਜਾਬੀਆਂ ਦੀ ਜੇਕਰ ਧਰਮ ਪੱਖੋਂ ਪੜਚੋਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਇੱਥੇ ਵੱਸਦੇ ਕੁੱਲ ਪੰਜਾਬੀਆਂ 'ਚੋਂ 62 ਫ਼ੀਸਦੀ ਤਾਂ ਹਿੰਦੂ ਹਨ ਅਤੇ ਸਿੱਖਾਂ ਤੇ ਮੁਸਲਮਾਨਾਂ ਦੀ ਗਿਣਤੀ ਕ੍ਰਮਵਾਰ 25 ਅਤੇ 12 ਫੀਸਦੀ ਹੈ। ਇੱਥੋਂ ਦੇ ਪੰਜਾਬੀ ਸਿੱਖ ਹਮੇਸ਼ਾ ਪੱਗ ਬੰਨ੍ਹਦੇ ਹਨ ਤੇ ਉਨ੍ਹਾਂ ਦੇ ਮੁੱਖ ਕਿੱਤੇ ਭਵਨ ਨਿਰਮਾਣ, ਮਸ਼ੀਨਾਂ ਠੀਕ ਕਰਨਾ ਅਤੇ ਹੋਰ ਵਪਾਰਕ ਧੰਦੇ ਕਰਨਾ ਹੈ। ਇੱਥੋਂ ਦੇ ਪੰਜਾਬੀ ਮੁੰਡੇ-ਕੁੜੀਆਂ ਅੱਜ ਵੀ ਆਪਣੇ ਮਾਪਿਆਂ ਦੀ ਆਗਿਆ ਜਾਂ ਸਹਿਮਤੀ ਨਾਲ ਹੀ ਸ਼ਾਦੀ ਕਰਵਾਉਂਦੇ ਹਨ। ਉਂਜ ਤਾਂ ਇੱਕ ਅੰਦਾਜ਼ੇ ਮੁਤਾਬਿਕ ਮਿਆਂਮਾਰ ਵਿਖੇ ਮੌਜੂਦ ਗੁਰਦੁਆਰਾ ਸਾਹਿਬਾਨ ਦੀ ਸੰਖਿਆ 50 ਦੇ ਕਰੀਬ ਹੈ, ਪਰ ਸਾਲ 2022 ਵਿੱਚ ਪ੍ਰਕਾਸ਼ਿਤ ਹੋਈ ਇੱਕ ਰਿਪੋਰਟ ਅਨੁਸਾਰ ਇੱਥੇ ਚੱਲ ਰਹੇ ਗੁਰਦੁਆਰਾ ਸਾਹਿਬਾਨਾਂ ਦੀ ਸੰਖਿਆ 25 ਦੇ ਕਰੀਬ ਸੀ, ਜਦੋਂ ਕਿ ਬੰਦ ਹੋ ਚੁੱਕੇ ਗੁਰਦੁਆਰਿਆਂ ਦੀ ਗਿਣਤੀ ਸੌ ਦੇ ਨੇੜੇ-ਤੇੜੇ ਸੀ। ਬਰਮਾ ਵਿੱਚ ਹੀ ਜੰਮੇ ਪਲੇ ਅਤੇ ਸੰਨ 1962 ਵਿੱਚ ਬਰਮਾ ਛੱਡ ਕੇ ਪੰਜਾਬ ਚਲੇ ਗਏ ਸ. ਹਰਬੰਸ ਸਿੰਘ ਚੋਪੜਾ ਨੇ ਵੀ ਗੁਰਦੁਆਰਿਆਂ ਸਬੰਧੀ ਉਕਤ ਅੰਕੜਿਆਂ ਦੀ ਹਾਮੀ ਭਰੀ ਸੀ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਦੱਸਣਾ ਬਣਦਾ ਹੈ ਕਿ ਕਰੋਨਾ ਕਾਲ (ਕੋਵਿਡ-19) ਦੌਰਾਨ ਪੰਜਾਬੀ ਸਿੱਖਾਂ ਨੇ ਇੱਥੇ ਲੰਗਰ ਲਗਾ ਕੇ ਇਲਾਕੇ ਦੇ ਲੋਕਾਂ ਦੀ ਭਾਰੀ ਸੇਵਾ ਕੀਤੀ ਸੀ। ਦੂਜੇ ਦੇਸ਼ਾਂ ਵਾਂਗ ਪੰਜਾਬੀ ਸਿੱਖਾਂ ਨੂੰ ਇਸ ਮੁਲਕ ਵਿੱਚ ਵੀ ਪਗੜੀ ਧਾਰਨ ਕੀਤੀ ਹੋਣ ਕਰਕੇ ਭੁਲੇਖੇ ਨਾਲ ਮੁਸਲਮਾਨ ਹੀ ਸਮਝ ਲਿਆ ਜਾਂਦਾ ਹੈ।

ਮਿਆਂਮਾਰ ਵਿੱਚ ਵੱਸੀਆਂ ਨਾਮਵਰ ਪੰਜਾਬੀ ਸ਼ਖ਼ਸੀਅਤਾਂ ਦੀ ਜੇ ਗੱਲ ਕਰੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਸਰਦਾਰ ਬਹਾਦਰ ਡਾ. ਰਘਬੀਰ ਸਿੰਘ ਦੁੱਗਲ (1897-1957), ਸੰਨ 1937 ਵਿੱਚ ਯੰਗੂਨ ਨਗਰਪਾਲਿਕਾ ਦੇ ਚੇਅਰਮੈਨ ਚੁਣੇ ਗਏ ਸਨ। ਸ. ਨਸੀਬ ਸਿੰਘ ਉਹ ਹਸਤੀ ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਪੁਸਤਕ ਪ੍ਰਕਾਸ਼ਿਤ ਕਰਕੇ ਵੰਡੀ ਸੀ। ਮਿਆਂਮਾਰ ਤੋਂ ਪਲਾਇਨ ਕਰਕੇ ਭਾਰਤ ਜਾਂ ਹੋਰ ਮੁਲਕਾਂ ਨੂੰ ਜਾ ਚੁੱਕੇ ਅਨੇਕਾਂ ਪੰਜਾਬੀਆਂ ਦਾ ਮੰਨਣਾ ਹੈ ਕਿ ਮਿਆਂਮਾਰ ਵਿੱਚ ਪੰਜਾਬੀਆਂ ਦੀ ਯੋਗ ਅਗਵਾਈ ਕਰਨ ਵਾਲੇ ਆਗੂਆਂ ਦੀ ਬਹੁਤ ਘਾਟ ਹੈ, ਜਿਸ ਕਰਕੇ ਪ੍ਰਸ਼ਾਸਨ ਹੱਥੋਂ ਪੰਜਾਬੀਆਂ ਨੂੰ ਕਈ ਪ੍ਰਕਾਰ ਦੀਆਂ ਵੱਡੀਆਂ-ਛੋਟੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

## 'ਸਰਦਾਰ ਬਹਾਦਰ' ਡਾ. ਰਘਬੀਰ ਸਿੰਘ ਦੁੱਗਲ

**ਰਘਬੀਰ ਸਿੰਘ ਦੁੱਗਲ ਇੱਕ ਮੈਡੀਕਲ ਪ੍ਰੈਕਟੀਸ਼ਨਰ ਅਤੇ ਬਰਮਾ ਵਿੱਚ ਸਿੱਖ ਭਾਈਚਾਰੇ ਦੇ ਨੇਤਾ ਸਨ। ਉਨ੍ਹਾਂ ਦਾ ਜਨਮ 1897 ਵਿੱਚ ਸੋਭਾ ਸਿੰਘ ਦੇ ਘਰ ਭਾਰਤ ਦੇ ਰਾਵਲਪਿੰਡੀ ਜ਼ਿਲ੍ਹੇ ਦੇ ਸੱਯਦ ਕਸਰਾਂ ਪਿੰਡ ਵਿੱਚ ਹੋਇਆ ਸੀ, ਜੋ ਹੁਣ ਪਾਕਿਸਤਾਨ ਵਿੱਚ ਹੈ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਰਾਵਲਪਿੰਡੀ ਦੇ ਆਪਣੇ ਪਿੰਡ ਵਿੱਚ ਪ੍ਰਾਪਤ ਕੀਤੀ ਅਤੇ 1911 ਵਿੱਚ ਆਪਣੇ ਵੱਡੇ ਭਰਾ ਸ. ਕਰਤਾਰ ਸਿੰਘ ਦੁੱਗਲ ਦੇ ਨਾਲ ਰੰਗੂਨ ਗਏ, ਜਿੱਥੇ ਇੱਕ ਡਾਕਟਰ ਵਜੋਂ ਯੋਗਤਾ ਪ੍ਰਾਪਤ ਕੀਤੀ।**

**ਆਪਣੀ ਡਾਕਟਰੀ ਪ੍ਰੈਕਟਿਸ ਦੇ ਨਾਲ-ਨਾਲ ਰਘਬੀਰ ਸਿੰਘ ਨੇ ਸਮਾਜਿਕ ਕੰਮਾਂ ਵਿੱਚ ਬਹੁਤ ਦਿਲਚਸਪੀ ਲਈ ਅਤੇ ਰੰਗੂਨ ਦੇ ਸਿੱਖ ਗੁਰਦੁਆਰੇ ਦੇ ਪ੍ਰਧਾਨ ਅਤੇ ਬਰਮਾ ਦੀ ਸਿੱਖ ਐਜੂਕੇਸ਼ਨਲ ਕਮੇਟੀ ਦੇ ਸਕੱਤਰ ਬਣੇ। ਦਸੰਬਰ 1927 ਵਿੱਚ ਉਹ ਬਰਮਾ ਦੇ ਖਾਲਸਾ ਦੀਵਾਨ ਦੇ ਪ੍ਰਧਾਨ ਚੁਣੇ ਗਏ। ਉਹ ਕਈ ਸਾਲਾਂ ਤੱਕ ਰੰਗੂਨ ਨਗਰ ਨਿਗਮ ਦੇ ਕੌਂਸਲਰ ਰਹੇ ਅਤੇ 1932 ਵਿੱਚ ਰੰਗੂਨ ਦੇ ਸਭ ਤੋਂ ਘੱਟ ਉਮਰ ਦੇ ਮੇਅਰ ਬਣੇ, ਜੋ ਇਸ ਅਹੁਦੇ ਲਈ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਸਨ।**

**ਡਾ. ਦੁਗਲ ਨੇ ਰੰਗੂਨ ਤੋਂ ਇੱਕ ਮੈਡੀਕਲ ਜਰਨਲ ਵੀ ਪ੍ਰਕਾਸ਼ਿਤ ਕੀਤਾ। ਉਹ ਰੰਗੂਨ ਯੂਨੀਵਰਸਿਟੀ ਦੇ ਫੈਲੋ ਦੇ ਨਾਲ-ਨਾਲ ਬਰਮਾ ਮੈਡੀਕਲ ਕੌਂਸਲ ਦੇ ਮੈਂਬਰ ਵੀ ਸਨ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਤਪਦਿਕ ਅਤੇ ਕੋਹੜ ਦੇ ਖਾਤਮੇ ਲਈ ਉਨ੍ਹਾਂ ਦੀਆਂ ਸੇਵਾਵਾਂ ਲਈ 'ਸਰਦਾਰ ਬਹਾਦਰ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਸੀ।**



ਡਾ. ਰਘਬੀਰ ਸਿੰਘ ਦੁੱਗਲ

**ਦੂਜੇ ਵਿਸ਼ਵ ਯੁੱਧ ਦੌਰਾਨ ਜਦੋਂ ਜਾਪਾਨੀਆਂ ਨੇ ਬਰਮਾ 'ਤੇ ਹਮਲਾ ਕੀਤਾ ਸੀ, ਤਾਂ ਡਾ. ਦੁਗਲ ਨੂੰ ਭਾਰਤ ਦੇ ਸ਼ਿਮਲਾ ਵਿਖੇ ਸਥਾਪਤ ਸਾਮਰਾਜ ਸਰਕਾਰ ਦੀ ਕਾਰਜਕਾਰੀ ਕੌਂਸਲ ਦਾ ਮੈਂਬਰ ਚੁਣਿਆ ਗਿਆ ਸੀ। ਡਾ. ਦੁਗਲ ਸਿੱਖ ਧਰਮ ਦੇ ਅਸੈਂਸ਼ੀਅਲਜ਼, ਫਿਲਾਸਫੀ ਆਫ਼ ਗੁਰੂ ਨਾਨਕ ਐਂਡ ਡਿਵਾਈਨ ਬਾਬਾ ਦੇ ਲੇਖਕ ਸਨ। ਉਨ੍ਹਾਂ ਦਾ ਦੇਹਾਂਤ 20 ਜਨਵਰੀ 1957 ਨੂੰ ਨਵੀਂ ਦਿੱਲੀ ਵਿਖੇ ਭਾਰਤ ਦੀ ਯਾਤਰਾ ਦੌਰਾਨ ਹੋਇਆ ਸੀ।**

# ਪੰਜਾਬ ਵਿੱਚ ਆਏ ਹੜ੍ਹਾਂ ਦੇ ਕਹਿਰ ਬਾਰੇ ਕਵਿਤਾਵਾਂ

ਮਨਮੋਹਨ ਸਿੰਘ ਦਾਊਂ, ਫੋਨ: +91-9815123900

### ਪੰਜਾਬ ਦੀ ਤੌਫ਼ੀਕ

ਜਦੋਂ ਦੁਸ਼ਮਣ
ਵਾਰ ਕਰਨ ਤੋਂ ਹਟੇ ਨਾ
ਪਹਿਲ ਕਰਦੇ ਵੈਰੀ ਦਾ
ਮੂੰਹ ਮੋੜਨ ਦੀ ਦਲੇਰੀ ਕਰੇ
ਉਦੋਂ ਅਣਖ਼ੀ, ਪੰਜਾਬ।
ਸਭ ਕੁਝ ਲੁਟਾ ਕੇ
ਖਾਲੀ ਹੱਥ ਹੁੰਦਿਆਂ ਵੀ
ਰੱਬ ਅੱਗੇ ਹੱਥ ਜੋੜ
ਅਰਦਾਸ ਕਰੇ
ਸਰਬੱਤ ਦੇ ਭਲੇ ਦੀ, ਪੰਜਾਬ।
ਪੱਕੀ ਫ਼ਸਲ 'ਤੇ ਜਦੋਂ
ਕੁਦਰਤ ਕਰਦੀ ਹੈ ਕਰੋਪੀ
ਕਿਸਾਨ ਦੇ ਭਰਨੇ ਸੀ ਭੜੋਲੇ
ਘਰ 'ਚ ਆਉਣੀ ਸੀ ਬਹਾਰ
ਸਬਰ ਦਾ ਘੁੱਟ ਭਰ
ਦਾਤੇ ਦਾ ਭਾਣਾ ਮੰਨ
ਅਗਲੀ ਫ਼ਸਲ ਦੀ ਰੱਖਦਾ ਉਮੀਦ
ਮੰਗਦਾ ਖ਼ੈਰ-ਸੁੱਖ, ਪੰਜਾਬ।
ਜ਼ੁਲਮ, ਜ਼ਬਰ, ਜ਼ਲਾਲਤ
ਜਦੋਂ ਹੱਦਾਂ ਹੀ ਟੱਪ ਜਾਵਣ
ਕੋਈ ਬੋਲਣ ਦੀ ਜੁਰੱਅਤ ਨਾ ਕਰੇ
ਮਨੁੱਖੀ ਹੱਕਾਂ ਦੀ ਰਖਵਾਲੀ ਲਈ
ਨੂਰੀ-ਸੀਸ ਸ਼ਹਾਦਤ ਲਈ ਹੈ ਤੁਰਦਾ
ਧਰਤ-ਪੁਆਧ ਤੋਂ ਦਿੱਲੀ, ਪੰਜਾਬ।
ਕਿਸੇ ਵੀ ਭੂ-ਖੰਡ 'ਤੇ
ਆਫ਼ਤ ਆ ਜਾਵੇ ਜਦੋਂ
ਕੁਰਲਾ ਰਹੇ ਹੋਣ ਲੋਕੀਂ
ਭੁੱਖੇ-ਨੰਗੇ, ਠੁਰ-ਠੁਰ ਕਰਦੇ
ਉਦੋਂ ਬਹੁੜਦਾ ਲੰਗਰ ਦੀ ਸੇਵਾ ਕਰਦਾ
ਲੋੜਵੰਦਾਂ ਦਾ ਬਣ ਕੇ ਮਸੀਹਾ, ਪੰਜਾਬ।
ਸਦੀਆਂ ਤੋਂ ਧਾੜਵੀਆਂ, ਬਾਬਰਾਂ, ਮੁਗਲਾਂ
ਗੋਰਿਆਂ ਤੇ ਕੇਂਦਰਾਂ ਨੇ
ਕੁਚਲਿਆ, ਵੱਢ-ਟੁੱਕ ਕੀਤਾ
ਵੰਡਿਆ ਤਕਸੀਮ-ਦਰ-ਤਕਸੀਮ
ਆਪਣੇ ਬਲ-ਬੂਤੇ ਉਠਿਆ
ਖੜਗ-ਭੁਜਾ ਬਣ, ਮੀਰੀ-ਪੀਰੀ ਦਾ ਮਾਲਕ
ਚੜ੍ਹਦੀ ਕਲਾ 'ਚ, ਮੇਰਾ ਪੰਜਾਬ,
ਪ੍ਰੋ. ਪੂਰਨ ਸਿੰਘ ਦਾ ਪੰਜਾਬ
ਗੁਰਾਂ ਦੇ ਨਾਂ 'ਤੇ ਜੀਣ ਵਾਲਾ ਪੰਜਾਬ!!

### ਹੜ੍ਹਾਂ ਨੂੰ ਮੁਖ਼ਾਤਿਬ

ਡੁੱਬ ਗਿਆ ਹੈ ਘਰ-ਬਾਰ
ਤੇ ਪਿੰਡ ਸਾਰਾ ਘੁੱਗ ਵਸਦਾ
ਹੜ੍ਹ ਕੀ ਆਇਆ
ਪਰਲੋ ਬਣ ਕੇ ਆ ਗਈ।
ਕੁਝ ਵੀ ਸਾਂਭਿਆ ਨਾ ਗਿਆ
ਸਵਾਏ ਆਪਣੀ ਜਾਨ ਤੋਂ।
ਪਿੰਡ ਪਲਾਂ ਵਿੱਚ ਸਮੁੰਦਰ ਬਣ ਗਿਆ
ਘਰ ਕੀ, ਬਿਰਖ਼ ਵੀ ਟਿਕਾਣੇ ਨਾ ਰਹੇ
ਪਸ਼ੂ-ਡੰਗਰ ਬੇ-ਜ਼ੁਬਾਨੇ ਕਹਿਰ ਨਾਲ
ਕੁਝ ਰੁੜ੍ਹ ਗਏ ਤੇ ਬਾਕੀ ਮਰ ਗਏ।
ਘਰ ਦੀਆਂ ਵਸਤਾਂ, ਖ਼ਜ਼ਾਨਾ, ਸੰਪਤੀ
ਨਿੱਕ-ਸੁੱਕ ਕੁਝ ਵੀ ਪੱਲੇ ਨਾ ਰਿਹਾ
ਜੀਵਨ-ਯਾਦਾਂ ਤੇ ਸੁਪਨੇ ਵਹਿ ਗਏ
ਕੁਝ ਲਿਖਤਾਂ ਜ਼ਰੂਰੀ, ਕਿਤਾਬਾਂ, ਪਵਿੱਤਰ-ਪੋਥੀਆਂ
ਤਰਸ ਗਏ ਹੱਥ ਪੜ੍ਹਨ ਨੂੰ,
ਪਿੰਡ ਦਾ ਸਭਿਆਚਾਰ ਰੁੜ੍ਹਦਾ ਤੱਕਿਆ ਗਿਆ ਨਾ।
ਖੌਫ਼ਨਾਕ ਮੰਜ਼ਰ ਦਿਲਾਂ ਨੂੰ ਦਹਿਲਾ ਰਿਹਾ।
ਸਿਮਰਿਆ ਫਿਰ ਸਰਬੰਸਦਾਨੀ ਪਾਤਸ਼ਾਹ
ਅਸੀਂ ਹਾਂ ਸਿੱਖ ਓਸਦੇ
ਧੰਨ ਜਿਗਰਾ ਗੁਰੂ ਦਾ
ਕਿਲ੍ਹਾ ਅਨੰਦਗੜ੍ਹ ਛੱਡਿਆ
ਸਰਸਾ ਨਦੀ ਪੋਹ ਮਹੀਨੇ ਪਾਰ ਕਰਦਿਆਂ
ਸ਼ਬਦ-ਸਾਹਿਤ, ਸ਼ਾਹੀ-ਖ਼ਜ਼ਾਨਾ
ਭੇਟ ਸਰਸਾ ਪਾਣੀਆਂ 'ਚ ਚੜ੍ਹ ਗਿਆ
ਅਤੇ ਪਰਿਵਾਰ ਵਿਛੋੜਾ ਹੋ ਗਿਆ
ਭਾਣੇ ਨੂੰ ਸਵੀਕਾਰ ਕਰਕੇ ਕਲਗੀਧਰ ਪਾਤਸ਼ਾਹ
ਚੜ੍ਹਦੀ ਕਲਾ ਨਾਲ ਅੱਗੇ ਤੁਰ ਪਿਆ।
ਅਸੀਂ ਫਿਰ ਕਿਉਂ ਢਾਹੀਏ ਢੇਰੀਆਂ
ਜੋ ਹੋ ਗਿਆ ਸੋ ਹੋ ਗਿਆ,
ਉਜਲੇ ਸਵੇਰਿਆਂ ਦੀ ਉਮੀਦ ਮਰ ਸਕਦੀ ਨਹੀਂ
ਅਸੀਂ ਗੁਰੂ ਦੇ ਸਿੱਖ ਹਾਂ।
ਸਮਿਆਂ ਨੂੰ ਟੱਕਰਨਾ ਜਾਣਦੇ!!

SWERA Women Support Group

ਸਵੇਰਾ

SIKH WOMEN ERA

Proudly Promotes

www.swerausa.org FB page swerausa

Teamswera@gmail.com 501(c)(3)

ਮਿਡਵੈਸਟ ਦੀਆਂ ਪੰਜਾਬਣਾਂ ਦਾ ਆਪਣਾ ਪ੍ਰੋਗਰਾਮ

Punjabi Ladies of Midwest Celebrate 'Teeyan'



*Team Swera is committed to participate in Palatine Gurdwara's Interior Kar Sewa.*

# ਧੀਆਂ ਦੀਆਂ ਤੀਆਂ

# Dheeyan Deeyan Teeyan

ਗਿੱਧਿਆ ਪਿੰਡ ਵੜ ਵੇ ਲਾਂਭ ਲਾਂਭ ਨਾ ਜਾਈਂ...

## ਐਤਵਾਰ, 28 ਸਤੰਬਰ 2025

*ਬਾਅਦ ਦੁਪਹਿਰ 1 ਤੋਂ ਸ਼ਾਮ 6 ਵਜੇ ਤੱਕ*

## September 28th, 2025 (Sunday)

1:00 to 6:00 p.m.

**Deer Grove Forest Preserves**

1599 Pepper Tree Farm

W. Dundee Rd, Palatine, IL 60067

Deer Grove East - Shelter #2

*(Near Singh Grocer)*

**Entry $20**

Kids Under 10 Free

ਸਿਰਫ ਬੀਬੀਆਂ ਲਈ

*Ladies Only*

Included Tasty, Yummy Traditional Punjabi Style Food; Fantastic Blast Entertainment; Raffle Ticket and Parking.

For Zelle: Teamswera@gmail.com



**To participate in the program, please contact:**

**ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਸੰਪਰਕ ਕਰੋ**

Jasbir K. Mann 847-890-2390
Kirpal Kaur Lall 630-664-3816
Sukhvir Kaur 847-852-0666
Dimpy Kaur 847-312-4002
Manjind Brar 224-605-4018
Baljeet Athwal 847-809-2202
Amarjeet Mangat 317-551-1794

Manmeet Kaur 630-362-3249
Paramjit Bhathal 847-507-5051
Rimple Dogra 224-607-5097
Narinder Kaur 312-622-2943
Nikki Sekhon 773-443-2720

Mandeep Mann 630-312-0333
Anureet Dhillon 847-454-4062
Beant K. Virk 262-412-2068
Sukhjit Kahlon 224-456-8101
Rajwinder Kaur 847-643-6362

Amarjeet Kaur 630-440-3279
Gurpreet K. Singh 630-677-6144
Aman Dhillon 847-529-4569
Raj Dhaliwal 224-410-1366
Jeetu Kaur 847-220-0174

**ਸਹਿਯੋਗੀ ਸਹੇਲੀਆਂ:** Bhupinder Dhanoa, Manjit Kaur Sidhu, Sharan Kahlon, Mandeep Sandhu, Laddi K. Singh, Kamal Sahota, Pammi Sangha, Jiwan Dhami, Kamalpreet Kaur, Satinder Kaur, Rammi Hanjra, Navjot Kaur, Parbh Khaira, Narinder Boparai, Preet Sandhu, Narinder Rangi, Manjind Brar, Harpreet Sidhu, Salwinder Sandhu, Vippin Kaler, Harmesh Bains, Harjinder Kaur, Sukhvir Kaur, Salma Mukhi, Rubina Tahir, Balwinder Aulakh, Manjit Mangat, Dr. Harpreet Kaur, Ramandeep Saini, Vibha Rajput, Pooja Dhaliwal, Kulwinder Sandhu, Sharanveer Kahlon, Prachi Jaitly, Deepak Gill, Rajvir Kular, Pammi Vohra, Seerat Kaler, Rimple Dogra, Kulwant Parmar, Baljit Atwal, Mona Bhalla, Pardeep, Jaggi, Jassi Heer, Gurleen Kaur Sangha, Sukhwinder Kaur, Joti Khaira

ਮਿਡਵੈਸਟ ਦੀਆਂ ਸਾਰੀਆਂ ਸਭਿਆਚਾਰਕ ਤੇ ਖੇਡ ਸੰਸਥਾਵਾਂ ਅਤੇ ਸਮੂਹ ਮੀਡੀਏ ਦੇ ਸਹਿਯੋਗ ਨਾਲ

Punjabi Parwaz ਪੰਜਾਬੀ ਪਰਵਾਜ਼